ਸਰਪ੍ਰਸਤ ਬ੍ਰਹਮਗਿਆਨੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਿਕ ਪਤ੍ਰ


# ਅਜ਼ਲੀ

ਜਨਵਰੀ-ਫਰਵਰੀ-ਮਾਰਚ 1984

## ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ



ਆਪ ਜੀ ਦੀ ਗਿਆਰਵੀਂ ਸੰਤਾਨਕ ਜੋਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਜਨਮ ਦਿਵਸ ਤੇ ਇਹ ਅੰਕ ਸਾਧ ਸੰਗਤ ਜੀ ਦੇ ਭੇਟਾ ਕੀਤਾ ਜਾ ਰਿਹਾ ਹੈ ।



ਦਮਦਮਾ ਅਸਥਾਨ—ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਮਨਸੂਰਾਂ (ਜ਼ਿਲਾ ਲੁਧਿਆਣਾ)

---

# ਤੱਤਕਰਾ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | 3 |
| 2. | ਕਵਿਤਾ | ਸ: ਰਾਮਨਰੈਣ ਸਿੰਘ ਦਰਦੀ | 4 |
| 3. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | 5 |
| 4. | ਬਾਬਾ ਸਾਹਿਬ ਸਿੰਘ ਦਸਮੇਸ਼ ਰੂਪ (ਬੀਰ ਮ੍ਰਿਗੇਸ਼) | ਸੰਤ ਬੀਰ ਸਿੰਘ ਜੀ ਨਿਰਮਲ | 12 |
| 5, | ਗੁਰ ਅੰਸਾਂ ਦਾ ਦਰਜਾ ਅਤੇ ਮਾਨ | ਖਾਲਸਾ ਧਰਮ ਸ਼ਾਸਤ੍ਰ ਵਿਚੋਂ | 22 |
| 6. | ਬਾਬਾ ਸਾਹਿਬ ਸਿੰਘ ਜੀ ਬੇਦੀ | ਸ: ਸ਼ਮਸ਼ੇਰ ਸਿੰਘ ਅਸ਼ੋਕ | 25 |
| 7. | ਹਾਰਦਿਕ ਸਤਿਕਾਰ ਭਰੀ ਸ਼ਰਧਾਂਜਲੀ | ਸ੍ਵ: ਪੰਡਿਤ ਸੰਤ ਨਿਸਚਲ ਸਿੰਘ ਜੀ | 32 |
| 8. | ਗੁਰੂ ਨਾਨਕ ਦੀ ਵੰਸ ਦੇ ਚਾਨਣ ਮੁਨਾਰੇ | ਸ: ਤੇਜਾ ਸਿੰਘ ਜੀ | 35 |
| 9. | ਬਾਬਾ ਸਾਹਿਬ ਸਿੰਘ ਜੀ ਦੀ ਪ੍ਰਤਿੱਭਾ | ਪ੍ਰੋ: ਜੋਗਿੰਦਰ ਸਿੰਘ ਜੀ | 40 |
| 10. | ਰਾਜਾ ਜੋਗੀ—ਸੰਤ ਸਿਪਾਹੀ | ਸ: ਰਣਜੀਤ ਸਿੰਘ ਜੀ ਖੜਗ | 42 |
| 11. | ਅਮਰ ਕਥਾ—ਬਾਬਾ ਸਾਹਿਬ ਸਿੰਘ ਜੀ ਬੇਦੀ | ਸ੍ਰੀਮਤੀ ਰਵਿੰਦਰ ਰਾਣਾ ਜੀ | 50 |
| 12. | ਬਾਬਾ ਸਾਹਿਬ ਸਿੰਘ ਬੇਦੀ ਜੀ ਦੀਆਂ ਪ੍ਰਾਪਤੀਆਂ | ਪ੍ਰੋਫੈਸਰ ਜੋਗਿੰਦਰ ਸਿੰਘ ਜੀ | 52 |
| 13. | ਸਾਡੇ ਰਾਜ ਜੋਗੀ ਪਤਵੰਤੇ ਜਰਨੈਲ | ਗਿਆਨੀ ਭਜਨ ਸਿੰਘ ਜੀ | 56 |
| 14. | Guru Granth Sahib | S. Sher Singh | 58 |
| 15. | Chahar Bagh-I-Punjab | The Punjab Past & Present 1969 | 60 |

ੴ

ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਦੇ ਸਪੁਤ੍ਰ

ਧੰਨ ਸ੍ਰੀ ਬਾਬਾ ਸ੍ਰੀ ਚੰਦ ਜੀ ਮਹਾਰਾਜ ਉਦਾਸੀ ਸੰਪ੍ਰਦਾਇ ਦੇ ਸੰਚਾਲਕ ਅਤੇ ਸ੍ਰੀ ਬਾਬਾ ਲਖਮੀ ਦਾਸ ਜੀ



ਬਾਬਾ ਸ੍ਰੀਚੰਦ ਜੀ॥ ਸ੍ਰੀ ਗੁਰੂ ਨਾਨਕ ਦੇਵ ਜੀ॥ ਬਾਬਾ ਲਖਮੀਦਾਸ ਜੀ॥

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

ਧੰਨ ਗੁਰੂ ਨਾਨਕ ਪਾਤਸ਼ਾਹ ਦੀ ਗਿਆਰਵੀਂ ਸੰਤਾਨਕ ਜੋਤ



ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ

ਧੰਨ ਗੁਰੂ ਨਾਨਕ ਪਾਤਸ਼ਾਹ ਦੀ 12ਵੀਂ ਸੰਤਾਨਕ ਜੋਤ



# ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਧੰਨ ਗੁਰੂ ਨਾਨਕ ਪਾਤਸ਼ਾਹ ਦੀ 13ਵੀਂ ਸੰਤਾਨਕ ਜੋਤ



# ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ ਬੇਦੀ

*ਧੰਨ ਗੁਰੂ ਨਾਨਕ ਪਾਤਸ਼ਾਹ ਦੀ 14ਵੀਂ ਸੰਤਾਨਕ ਜੋਤ*



# ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਬੇਦੀ

ਧੰਨ ਗੁਰੂ ਨਾਨਕ ਪਾਤਸ਼ਾਹ ਦੀ 15ਵੀਂ ਸੰਤਾਨਕ ਜੋਤ



ਵਰਤਮਾਨ ਗੱਦੀ ਨਸ਼ੀਨ

# ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਧੰਨ ਗੁਰੂ ਨਾਨਕ ਪਾਤਸ਼ਾਹ ਦੀ 16ਵੀਂ ਸੰਤਾਨਕ ਜੋਤ





ਦਰਬਾਰ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਭਗਵਾਨ ॥
ਊਨਾ ਸਾਹਿਬ

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ

ਸਰਪ੍ਰਸਤੀ ਹੇਠ ਛਪਣ ਵਾਲਾ

# ਮਾਸਕ ਅਜੂਨੀ ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 15 ] ਜਨਵਰੀ-ਫਰਵਰੀ-ਮਾਰਚ 1984 [ ਅੰਕ 1, 2, 3

## ਮਾਝ ਮਹਲਾ ੫ ਘਰੁ ੪

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ੨ ॥

# ਸ੍ਰੀਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ

[ਸ. ਰਾਮਨਰੈਣ ਸਿੰਘ ਦਰਦੀ]

ਜਿਹੜੇ ਬੂਹੇ ਤੋਂ ਖਾਲੀ ਨਾ ਕੋਈ ਗਿਆ, ਬੇਦੀ ਬੰਸ ਦਾ ਭਰਿਆ ਭੰਡਾਰ ਹੈ ਇਹ।
ਜੀਹਦੇ ਦਰ ਤੋਂ ਲੱਖਾਂ ਦੀ ਆਸ ਪੁਜੇ, ਸਾਹਿਬ ਸਿੰਘ ਬਾਬੇ ਦਾ ਦਰਬਾਰ ਹੈ ਇਹ।
ਜਿਥੋਂ ਧਰਮ ਈਮਾਨ ਕਲਿਆਨ ਮਿਲਦੀ, ਦਰ ਨਾਨਕ ਦਾ ਹੀ ਤਾਰਨਹਾਰ ਹੈ ਇਹ।
ਲੱਖਾਂ ਸਿੱਖਾਂ ਤੇ ਸੇਵਕਾਂ ਸੰਗਤਾਂ ਲਈ, ਈਹੋ ਓਟ ਤੇ ਈਹੋ ਆਧਾਰ ਹੈ ਇਹ।

ਕਿਸਮਤ ਸੜੇ ਤੇ ਭਾਗਾਂ ਦੇ ਮਰੇ ਹੋਏ, ਏਥੋਂ ਝੋਲੀਆਂ ਭਰ ਭਰ ਜਾਂਦੇ ਵੇਖੇ।
ਭੁਖ ਮਰਦੇ ਮਹਾਨ ਕੰਗਾਲ ਏਥੋਂ, ਬਖਸ਼ਸ਼ ਲੈ ਕੇ ਰਜ ਕੇ ਖਾਂਦੇ ਵੇਖੇ।

ਬਾਬਾ ਸਾਹਿਬ ਸਿੰਘ ਜੀ ਇਸ ਅਸਥਾਨ ਵਾਲੇ, ਜਿਨ੍ਹਾਂ ਲੱਖਾਂ ਦਾ ਹੈਸੀ ਉਧਾਰ ਕੀਤਾ।
ਖੜਕ ਸਿੰਘ ਨੂੰ ਪੁਤਰ ਦੀ ਦਾਤ ਦਿਤੀ, ਮੰਗਲ ਸਿੰਘ ਦਾ ਕੋਹੜ ਉਤਾਰ ਦਿੱਤਾ।
ਮੋਈ ਮਾਈ ਨੂੰ ਜ਼ਿੰਦਗੀ ਪਰਤ ਦਿਤੀ, ਇਕ ਪਠਾਣ ਤੇ ਤਾਰ ਠਠਿਆਰ ਦਿੱਤਾ।
ਕਰਮ ਸਿੰਘ ਰਾਜੂ ਤੇ ਗੁਰਦਿਆਲ ਭਾਈ, ਵਸਤੀ ਰਾਮ ਦਾ ਬੇੜਾ ਵੀ ਤਾਰ ਦਿੱਤਾ।

ਫਤਹਿ ਸਾਰੇ ਜਹਾਨ ਨੂੰ ਕਰਨ ਵਾਲਾ, ਦਰਸ਼ਨ ਬਾਬੇ ਜੀ ਦਾ ਕਰਕੇ ਹਰ ਗਿਆ ਉਹ।
ਮਾਰਨ ਵਾਲਾ ਬਹਾਦਰਾਂ ਯੋਧਿਆਂ ਨੂੰ, ਵੱਜਾ ਨੈਣਾਂ ਦਾ ਤੀਰ ਤੇ ਮਰ ਗਿਆ ਉਹ।

ਜੀਹਦੀ ਸ਼ਕਤੀ ਭਗਉਤੀ ਨੂੰ ਵੇਖ ਕੇ ਤੇ, ਰਾਜੇ ਮਹਾਰਾਜੇ ਤੇ ਸੁਲਤਾਨ ਹਰ ਗਏ।
ਜੀਹਦੀ ਤਪ ਸਿਮਰਨ ਵਾਲੀ ਵੇਖ ਬਿਰਤੀ, ਸਾਧ, ਸੰਤ, ਫ਼ਕੀਰ, ਤਪਵਾਨ ਹਰ ਗਏ।
ਜੀਹਦੀ ਯੁੱਧ ਦੀ ਵੇਖ ਬਹਾਦਰੀ ਨੂੰ, ਸੂਰਬੀਰ ਯੋਧੇ ਤੇ ਬਲਵਾਨ ਹਰ ਗਏ।
ਜੀਹਦੀ ਬੁਧੀ ਬਬੇਕ ਦੀ ਵੇਖ ਕੇ ਤੇ, ਕਈ ਵਿਦਵਾਨ, ਪੰਡਤ ਗਿਆਨਵਾਨ ਹਰ ਗਏ।

ਸਾਹਿਬ ਸਿੰਘ ਬਾਬਾ ਜੀ ਦੀ ਸਾਹਿਬੀ ਨੂੰ, ਤਕ ਕੇ ਚਵੀਂ ਪਾਸੀਂ ਸੀ ਅਸਮਾਨ ਝੁਕਦਾ।
ਮਥੇ ਚਮਕਦੇ ਨੂਰ ਨੂੰ ਵੇਖ ਕੇ ਤੇ, ਰਾਤੀਂ ਚੰਨ ਝੁਕਦਾ ਦਿਨੇ ਭਾਨ ਝੁਕਦਾ।

ਬਾਬਾ ਸਾਹਿਬ ਸਿੰਘ ਦੀ ਤਕ ਬਹਾਦਰੀ ਨੂੰ, ਹੈਸੀ ਸ਼ੇਰੇ-ਪੰਜਾਬ ਸਤਿਕਾਰ ਕਰਦਾ।
ਉਹਨੂੰ ਦੁਨੀਆਂ ਪਿਆਰ ਭਲਾ ਕਰੇ ਕਿਉਂ ਨਾ, ਕਲਗੀ ਵਾਲਾ ਸੀ ਜੀਹਨੂੰ ਪਿਆਰ ਕਰਦਾ।
ਜੀਹਦੇ ਜਾਹੋ-ਜਲਾਲ ਨੂੰ ਵੇਖ ਕੇ ਤੇ, ਚੜ੍ਹਦੇ ਸਾਰ ਸੂਰਜ ਨਮਸਕਾਰ ਕਰਦਾ।
ਜੀਹਦੇ ਗਲੇ ਚੋਂ ਜਪੁਜੀ ਦੀ ਧੁੰਨੀ ਸੁਣ ਕੇ, ਨਾਨਕ ਗੁਰੂ ਸੀ ਲਾਡ ਹਜ਼ਾਰ ਕਰਦਾ।

ਸਦਕੇ ਜਾਂ ਤੇਥੋਂ ਰਾਜ ਜੋਗੀਆ ਵੇ, ਸਾਰਾ ਜਗ ਤੂੰ ਕਿਵੇਂ ਝੁਕਾ ਦਿੱਤਾ।
ਕੁਝ ਤੂੰ ਤੇਗ ਦੇ ਨਾਲ ਝੁਕਾ ਦਿੱਤਾ, ਕੁਝ ਤਪ ਦੇ ਨਾਲ ਨਿਵਾ ਦਿੱਤਾ।

ਸੰਪਾਦਕੀ—

# "ਘਰ ਗੁਰੂ ਨਾਨਕ"

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਊਨਾ ਸਾਹਿਬ

ਧਰਤੀ ਤੇ ਧਰਮਾਂ ਦੀ ਕਮੀ ਨਹੀਂ ਸੀ, ਮੁਸਲਮਾਨੀ ਧਰਮ, ਇਸਾਈ ਮਤ, ਬੁਧ ਮਤ, ਹਿੰਦੂ ਧਰਮ ਅਤੇ ਹੋਰ ਧਾਠਤ ਧਾਨਤ ਦੀ ਉਪਾਸ਼ਨਾ ਸੰਸਾਰ ਵਿਚ ਛਾਈ ਹੋਈ ਸੀ ਤੇ ਜਗ੍ਹਾ ਜਗ੍ਹਾ ਸੰਸਾਰਕ ਜੀਵਾਂ ਨੂੰ ਧਰਮ ਦੀ ਆੜ ਲੈ, ਉਨ੍ਹਾਂ ਦੀ ਮਾਇਆ ਨੂੰ ਲੁੱਟਣ ਦੇ ਢੰਗ ਪੈਦਾ ਕੀਤੇ ਜਾ ਰਹੇ ਸਨ, ਸੰਸਾਰ ਬੜਾ ਵਿਆਕੁਲ ਸੀ ਤੇ ਚਾਹੁੰਦਾ ਸੀ ਕਿ ਅਕਾਲ ਪੁਰਖ ਦਾਤਾਰ ਕੋਈ ਅਜੇਹਾ ਆਗੂ ਘਲੇ, ਜੋ ਅਜੇਹੇ ਦੁਖੀਆਂ ਨੂੰ ਰਾਹੇ ਪਾਵੇ । ਸੋ :—

"ਆਪ ਨਰਾਇਣ ਕਲਾ ਧਾਰ ਜਗ ਮੈਂ ਪ੍ਰਵਰਿਓ"

ਧੰਨ ਗੁਰੂ ਨਾਨਕ ਪਾਤਸ਼ਾਹ ਨੇ ਅਵਤਾਰ ਲਿਆ । ਆਪ ਨੇ 70 ਸਾਲ ਦੀ ਆਯੂ ਤਕ ਇਕੋ ਕੰਮ ਕੀਤਾ :—

"ਜਿਤੀ ਨਵ ਖੰਡ ਮੇਦਨੀ, ਸਤਿਨਾਮ ਦਾ ਚੱਕਰ ਫਿਰਾਯਾ ।"

ਇਸ ਮੰਤਰ ਦੁਆਰਾ ਪੱਥਰ ਮੋਮ ਕੀਤੇ, ਕੌੜੇ ਜ਼ੈਹਰ ਮਿੱਠੇ ਕਰ ਦਿਤੇ, ਚੋਰ ਤੇ ਠਗ ਸਾਧ ਬਨਾਏ, ਹੰਕਾਰੀਆਂ ਦੇ ਹੰਕਾਰ ਨਿਵਰਤ ਕੀਤੇ, ਅਧੂਰੇ ਪੂਰੇ ਕੀਤੇ ਤੇ ਸੰਸਾਰ ਵਿਚ, "ਮਿਟੀ ਧੁੰਧ ਜਗ ਚਾਨਣ ਹੋਆ ।"

ਇਕ ਵਾਰ ਫਿਰ ਨਾਮ ਬਾਣੀ ਦਾ ਪ੍ਰਵਾਹ ਚਲਿਆ । ਤੇ ਗੁਰਮੁਖਤਾਈ ਦਾ ਸਮਾਂ ਆ ਗਿਆ । ਆਪ ਨਾਨਕ ਸ਼ਾਹੀ ਧਰਮ ਦੇ ਬਾਨੀ ਮੁਬਾਨੀ ਬਣੇ, ਜਿਸ ਧਰਮ ਵਿਚ ਸਰਬੱਤ ਦਾ ਭਲਾ ਮੰਗਿਆ ਤੇ ਉੱਤਰ ਵਿਚ ਫੁਰਮਾਇਆ ;—

"ਪੁਛਨ ਖੋਲ ਕਤਾਬ ਨੂੰ, ਵੱਡਾ ਹਿੰਦੂ ਕੇ ਮੁਸਲਮਾਨੋਈ ।
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਜੋਂ ਦੋਵੇਂ ਰੋਈ ।"

ਇਹ ਇਕ ਐਸਾ ਸਾਂਝਾ ਧਰਮ ਸੀ ਜਿਸ ਨੂੰ ਹਿੰਦੂਆਂ ਮੁਸਲਮਾਨਾਂ ਆਦਿ ਸਭ ਨੇ ਅਪਨਾਇਆ । ਇਸ ਗੁਰ-ਸਿਖੀ ਦੇ ਮੱਤ ਨੂੰ ਕਾਇਮ ਰੱਖਣ ਲਈ ਇਸ ਵਾਸਤੇ ਜਗ੍ਹਾ ਜਗ੍ਹਾ ਧਰਮਸਾਲਾਂ ਕਾਇਮ ਸੇਵਕ ਥਾਪੇ ਤਾਂ ਜੋ ਜੁਗੋ ਜੁਗ ਕੇਵਲ "੧ਓ" ਦਾਂ ਹੀ ਪ੍ਰਚਾਰ ਜਾਰੀ ਰਹੇ । ਇਸ ਨਾਨਕ-ਸ਼ਾਹੀ ਮੱਤ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਤੇ ਪ੍ਰਚਾਰ ਲਈ ਇਹ ਤਿੰਨ ਸਾਧਨ ਪੈਦਾ ਕੀਤੇ :—

(1) ਗ੍ਰਹਿਸਤੀ ਪੁਤਰ, ਬਾਬਾ ਲਖਮੀ ਦਾਸ ਜੀ ।

(2) ਤਿਆਗੀ ਮਹਾਤਮਾ ਪੁਤਰ, ਬਾਬਾ ਸ੍ਰੀ ਚੰਦ ਜੀ ।

(3) ਸੰਗਤ ਦਾ ਸਰੂਪ ਪੁਤਰ, ਸ੍ਰੀ ਗੁਰੂ ਅੰਗਦ ਪਾਤਸ਼ਾਹ ਜੀ ।

ਆਪਣੇ ਹਰ ਦੋ ਪੁਤਰ ਇਕ ਗ੍ਰਹਿਸਤੀ ਸ੍ਰੀ ਬਾਬਾ ਲਖਮੀ ਦਾਸ ਜੀ ਤੇ ਇਕ ਉਦਾਸੀ ਸਾਧੂ ਸ੍ਰੀ ਬਾਬਾ ਸ੍ਰੀ ਚੰਦ ਜੀ ਮਹਾਰਾਜ ਕਾਇਮ ਕੀਤੇ ਤੇ ਆਪਣੀ ਗੱਦੀ ਜੋ ਅਕਾਲ ਪੁਰਖ ਦਾਤਾਰ ਦੀ ਵਸਤੂ ਸੀ, ਉਹ ਸਾਧ ਸੰਗਤ ਦੇ ਸਪੁਰਦ ਕੀਤੀ, ਤੇ ਆਪ ਦਸਾਂ ਜੋਤਾਂ ਦੇ ਸਰੂਪ ਵਿਚ ਆਏ । ਇੰਜ ਸਮੇਂ ਅਨੁਸਾਰ ਗੁਰ ਨਾਨਕ ਸ਼ਾਹੀ ਮੱਤ ਦਾ ਪ੍ਰਚਾਰ ਹੁੰਦਾ ਗਿਆ ਤੇ ਅਕਾਲ ਪੁਰਖ ਦਾਤਾਰ ਦੀ ਉਸਤਤਿ ਵਿਚ ਬਾਣੀ ਉਚਾਰਨ ਕਰਦੇ ਚਲੇ ਗਏ ਤੇ ਗਿਆਰਵੀਂ ਜੋਤ

ਆਪ ਨੇ ਇਸ ਬਾਣੀ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਬਖਸ਼ੀ, ਜੋ ਅਜ ਵੀ ਸੰਗਤਾਂ ਨੂੰ ਇਕ ਅਕਾਲ ਪੁਰਖ ਦੀ ਰਾਹ ਤੇ ਚਲਾ, ਗੁਰਸਿਖੀ ਜੀਵਨ ਲਈ ਚਾਨਣ ਮੁਨਾਰਾ ਹੈ ਅਤੇ ਸੰਗਤਾਂ ਦੀ ਸ਼ਰਧਾ ਤੇ ਜੀਵਨ ਦਾ ਸਹਾਰਾ ਹੈ।

ਬਾਬਾ ਸ੍ਰੀ ਚੰਦ ਜੀ ਮਹਾਰਾਜ ਦਾ ਜੀਵਨ ਮਹਾਤਮਾ ਦਾ ਸਰੂਪ ਹੋਣ ਦੇ ਕਾਰਨ ਗੁਰ-ਅੰਸ਼ ਦੀ ਪਦਵੀ ਹੇਠ ਸੰਗਤਾਂ ਪਾਸੋਂ ਸਤਿਕਾਰ ਪਾਂਵਦੇ ਰਹੇ। ਇਥੋਂ ਤਕ ਕਿ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗਬਿੰਦ ਸਾਹਿਬ ਜੀ ਤਕ ਪੂਰਨ ਰੂਪ ਵਿਚ ਸਤਿਕਾਰ ਪਾਇਆ। ਗੁਰੂ ਪਾਤਸ਼ਾਹ ਨੇ ਇਥੋਂ ਤਕ ਸਤਿਕਾਰ ਕੀਤਾ ਕਿ ਆਪਣਾ ਪੁੱਤ ਗੁਰਦਿਤਾ ਇਸ ਸੰਪਰਦਾਇ ਨੂੰ ਭੇਟ ਹੀ ਕਰ ਦਿੱਤਾ ਤੇ ਜਿਨ੍ਹਾਂ ਨੇ 150 ਸਾਲ ਦੀ ਆਯੂ ਤਕ ਨਾਨਕ ਸ਼ਾਹੀ ਧਰਮ ਦਾ ਅਦੁੱਤੀ ਪ੍ਰਚਾਰ ਕੀਤਾ ਤੇ ਅਜ ਤਕ ਉਦਾਸੀ ਸੰਪਰਦਾਇ ਸਿੱਖ ਧਰਮ ਦਾ ਪ੍ਰਚਾਰ ਕਰਦੀ ਚਲੀ ਆ ਰਹੀ ਹੈ।

ਦੂਸਰੀ ਸ਼ਾਖ ਗ੍ਰਹਿਸਤੀਆਂ ਦੀ ਹੋਈ। ਸ੍ਰੀ ਬਾਬਾ ਲਖਮੀ ਦਾਸ ਜੀ ਦੀ, ਜੋ ਅਜ ਤਕ ਗੁਰੂ ਨਾਨਕ ਸ਼ਾਹੀ ਧਰਮ ਦੇ ਪ੍ਰਚਾਰ ਵਿਚ ਜੁਟੀ ਹੋਈ ਹੈ। ਸਾਰੀ ਬੰਸਾਵਲੀ ਇਸ ਅਕ ਵਿਚ ਦਿੱਤੀ ਗਈ ਹੈ।

ਸ੍ਰੀ ਬਾਬਾ ਲਖਮੀ ਦਾਸ ਜੀ ਦੇ ਸਪੁਤਰ ਸ੍ਰੀ ਬਾਬਾ ਧਰਮ ਚੰਦ ਜੀ ਨੇ ਬਚਪਣ ਤੋਂ ਪ੍ਰਵਰਸ਼ ਸ੍ਰੀ ਬਾਬਾ ਸ੍ਰੀ ਚੰਦ ਜੀ (ਉਦਾਸੀ ਸੰਪਰਦਾਇ ਦੇ ਮੁਖੀ) ਪਾਸੋਂ ਪਾਈ ਤੇ ਪ੍ਰਚਾਰ ਦੀ ਲੜੀ ਕਾਇਮ ਰੱਖੀ। ਉਪਰੰਤ ਆਇਆ ਸਮਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ (ਦਸਵੀਂ ਜੋਤਿ ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ) ਜੋ ਬਹੁਤ ਹੀ ਭਿਆਨਕ ਸੀ। ਮੁਗਲ ਹਕੂਮਤ ਨਾਲ ਮੁਕਾਬਲਾ ਸੀ ਤੇ ਹਿੰਦੂ ਪਹਾੜੀ ਰਾਜੇ ਆਪ ਜੀ ਦਾ ਸਾਥ ਨਹੀਂ ਦੇਂਦੇ ਸਨ। ਅਜਿਹੀ ਹਾਲਤ ਅੰਦਰ ਆਪ ਜੀ ਨੇ ਸ੍ਰੀ ਬਾਬਾ ਕਲਾਧਾਰੀ ਜੀ ਨੂੰ ਇਸ ਪਹਾੜੀ ਇਲਾਕੇ ਦੀ ਜਨਤਾ ਵਿਖੇ ਸਿਖੀ ਪ੍ਰਚਾਰ ਲਈ ਨੀਯਤ ਕੀਤਾ। ਸ੍ਰੀ ਬਾਬਾ ਕਲਾਧਾਰੀ ਜੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਅੰਸ਼ ਵਿਚੋਂ ਨਾਵੀਂ ਥਾਂ ਤੇ ਸਨ ਤੇ ਗੁਰੂ ਘਰ ਦਾ ਪ੍ਰਚਾਰ ਕਰਨਾ ਆਪ ਦਾ ਮੁਖ ਧਰਮ ਸੀ। ਸੋ ਆਪ ਜੀ ਨੇ ਗੁਰੂ ਬਾਣੀ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਕਰਨੀ ਸ਼ੁਰੂ ਕੀਤੀ ਤੇ ਹਜ਼ਾਰਾਂ ਵਿਅਕਤੀ ਗੁਰੂ ਨਾਨਕ ਸ਼ਾਹੀ ਧਰਮ ਵਿਚ ਰੰਗੇ ਗਏ। ਇਹ ਕੁਛ ਵੇਖ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਹੁਤ ਹੀ ਪ੍ਰਸੰਨ ਹੋਏ ਤੇ ਆਪ ਨੂੰ (ਸ੍ਰੀ ਬਾਬਾ ਕਲਾਧਾਰੀ ਜੀ ਨੂੰ) ਵਰ ਦਿੱਤਾ ਕਿ ਉਹਨਾਂ ਦੇ ਗ੍ਰਹਿ ਇਕ ਐਸਾ ਵਡ-ਪ੍ਰਤਾਪੀ ਪੋਤਰਾ ਪੈਦਾ ਹੋਵੇਗਾ ਜੋ ਗੁਰੂ ਘਰ ਦੀ ਸਿੱਖੀ ਨੂੰ ਚਾਰ ਚੰਨ ਲਾਵੇਗਾ। ਸੋ ਇਸ ਭਵਿਖ ਵਰ-ਦਾਨ ਸਦਕਾ ਹੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਸ਼ੁਭ ਜਨਮ ਹੋਇਆ।

ਇਸ ਮਾਸਕ ਪੱਤਰ "ਅਜੂਨੀ" ਦਾ ਜੋ ਇਹ "ਸ੍ਰੀ ਬਾਬਾ ਸਾਹਿਬ ਸਿੰਘ ਜੀ" ਸਬੰਧੀ ਵਿਸ਼ੇਸ਼ ਨੰਬਰ ਉਹਨਾਂ ਦੇ ਮਹਾਨ ਅਦੁੱਤੀ ਪਰ-ਉਪਕਾਰਾਂ ਨੂੰ ਦਰਸਾਉਣ ਹਿਤ ਪ੍ਰਕਾਸ਼ਤ ਹੋਇਆ ਹੈ, ਉਸ ਵਿਚ ਇਹ ਦਾਸ ਵੀ ਕੁਝ ਇਤਿਹਾਸ ਸੰਗਤਾਂ ਦੀ ਸੂਝ ਲਈ ਵਰਨਣ ਕਰਦਾ ਹੈ। ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ ਜਿਸ ਖਾਲਸਾ ਪੰਥ ਦੀ ਸਿਰਜਣਾ ਕੀਤੀ, ਖਤਰੀ, ਬ੍ਰਹਿਮਨ, ਸ਼ੂਦ, ਵੈਸ਼ ਦਾ ਭਰਮ ਭੇਦ ਦੂਰ ਕਰ ਕੇ ਸਭ ਨੂੰ ਇਕੋ ਬਾਟੇ ਵਿਚੋਂ ਖੰਡੇ ਦਾ ਅੰਮ੍ਰਿਤ ਪਾਣ ਕਰਾਇਆ ਤੇ ਸਿੱਖ ਤੋਂ ਸਿੰਘ ਸਜਾਇਆ, ਉਸ ਸੋਹਣੀ ਫੁਲਵਾੜੀ ਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਅੰਤਮ ਸਵਾਸਾਂ ਤਕ ਪ੍ਰਵਰਸ਼ ਕੀਤੀ। ਆਪ ਜੀ ਨੇ ਆਪਣੀ ਬਚਪਨ ਦੀ 12 ਸਾਲ ਆਯੂ ਤਪਸਿਆ ਵਿਚ ਗੁਜ਼ਾਰੀ। ਤਖਤ ਸ੍ਰੀ ਕੇਸ ਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਹਾਜ਼ਰ ਹੋ ਕੇ ਖੰਡੇ ਦਾ ਅੰਮ੍ਰਿਤ ਪਾਣ ਕੀਤਾ, ਤਿਆਰ ਬਰ ਤਿਆਰ ਹੋ ਸ਼ਸਤਰ ਵਿਦਿਆ ਵਿਚ ਪੂਰੀ ਪੂਰੀ ਨਿਪੁੰਨਤਾ ਪ੍ਰਾਪਤ ਕੀਤੀ, ਤੇ ਸਾਰੇ ਪੰਜਾਬ ਦੀ ਧਰਤੀ ਤੇ ਘੁੰਮ ਕੇ ਗੁਰੂ ਨਾਨਕ ਦਾ ਉਪਦੇਸ਼ ਕਰਦੇ ਹੋਏ ਹਜ਼ਾਰਾਂ ਲੱਖਾਂ ਨੂੰ ਅੰਮ੍ਰਿਤ ਛਕਾਇਆ ਤੇ "ਖਾਲਸਾ ਮੇਰੋ ਰੂਪ ਹੈ ਖਾਸ" ਵਾਲਾ "ਗੁਰੂ-ਸੰਦੇਸ਼" ਦ੍ਰਿੜ੍ਹ ਕਰਵਾ ਕੇ ਸਭ ਨੂੰ ਇਕ ਗੁਰੂ ਨਾਨਕ ਪਾਤਸ਼ਾਹ ਦੇ ਝੰਡੇ ਹੇਠ ਲਿਆ, ਸਭ ਦਾ ਸਾਂਝਾ ਸਿੱਖ ਰਾਜ ਕਾਇਮ ਕੀਤਾ। ਆਪਣੀ ਸੰਪਰਦਾਏ ਦੇ 2000 ਬੇਦੀ ਸਾਹਿਬਜ਼ਾਦਿਆਂ ਨੂੰ ਸਾਰੇ ਪੰਜਾਬ ਵਿਚ ਜਗ੍ਹਾ ਜਗ੍ਹਾ ਬਿਠਾਇਆ, ਜਿਨ੍ਹਾਂ

ਧੰਨ ਗੁਰੂ ਨਾਨਕ ਪਾਤਸ਼ਾਹ ਵਾਲਾ "ਇਕੋ ਗੁਰ ਉਪਦੇਸ਼ ਦਲਾਇਆ ।" ਸਿੱਟੇ ਵਜੋਂ ਸਾਰੀ ਕੌਮ ਇਕ ਰਸਤੇ ਤ ਆ ਗਈ ਤੇ ਖ਼ਾਲਸੇ ਦੀਆਂ ਚੜ੍ਹਦੀਆਂ ਕਲਾਂ ਹੋ ਗਈਆਂ । ਇਤਨੀ ਉੱਚੀ ਪਦਵੀ, ਹਕੂਮਤ ਦੇ ਹੁੰਦਿਆਂ ਹੋਇਆਂ ਤੇ ਗੁਰੂ ਅੰਸ਼ ਬੰਸ ਹੋਣ ਤੇ ਵੀ ਖ਼ੁਦ ਹਕੂਮਤ ਨਹੀਂ ਸੀ ਸੰਭਾਲੀ, ਬਲਕਿ ਆਪਣੇ ਸੇਵਕ ਰਣਜੀਤ ਸਿੰਘ ਨੂੰ ਵਿਸਾਖੀ ਵਾਲੇ ਦਿਨ ਤਖ਼ਤ ਤੇ ਬਿਠਾ ਕੇ ਸਮੂਹ ਧਰਮਾਂ ਤੇ ਕੌਮਾਂ ਦੀ ਸਾਂਝੀ ਖ਼ਾਲਸਾ ਸਰਕਾਰ ਕਾਇਮ ਕਰ ਦਿੱਤੀ । ਇਤਨਾ ਭਾਰੀ ਪ੍ਰਤਾਪ ਹੁੰਦੇ ਹੋਇਆਂ ਵੀ ਆਪ ਨਿੰਮ੍ਰਤਾ ਦੇ ਪੁੰਜ ਸਨ ਤੇ ਹਰ ਵਿਅਕਤੀ ਦਾ ਸਦਾ ਆਦਰ ਤੇ ਸਤਿਕਾਰ ਕਰਿਆ ਕਰਦੇ ਸਨ ।

ਇਕ ਵਾਰ ਆਪ ਜੀ ਡੇਰਾ ਬਾਬਾ ਨਾਨਕ ਗਏ । ਆਪ ਹਮੇਸ਼ਾਂ ਦਰਬਾਰ ਲਗਾ ਪਲੰਘ ਉੱਤੇ ਬੈਠਿਆ ਕਰਦੇ ਸਨ, ਪਰ ਅਜ ਹੁਕਮ ਕੀਤਾ ਕਿ ਮੰਜਾ ਨਾ ਲਗਾਇਆ ਜਾਵੇ ਤੇ ਜ਼ਮੀਨ ਉਪਰ ਹੀ ਦਰੀਆਂ ਵਿਛਾ ਕੇ ਜਗ੍ਹਾ ਬਨਾ ਦਿਤੀ ਜਾਵੇ । ਤੇ ਫ਼ੁਰਮਾਇਆ "ਅਸੀਂ ਬਰਾਦਰੀ ਭਾਈਚਾਰੇ ਵਿਚ ਆਏ ਹਾਂ, ਇਸ ਲਈ ਸਭ ਦੇ ਬਰਾਬਰ ਹੀ ਬੈਠਾਂ ਗੇ ।" ਪਰ ਬਰਾਦਰੀ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਜੋ ਉਨ੍ਹਾਂ ਦੇ ਮੁੱਖੀ ਗੁਰੂ-ਅੰਸ਼ ਜ਼ਮੀਨ ਤੇ ਬੈਠਨ । ਸੋ ਉਨ੍ਹਾਂ ਸਭ ਨੇ ਕਿਹਾ ਕਿ ਆਪ ਸਾਡੇ ਪੂਜਯ ਹੋ, ਇਸ ਲਈ ਆਪ ਮੰਜੇ ਤੇ ਹੀ ਬੈਠੋ, ਪਰ ਮਹਾਰਾਜ ਨੇ ਫਿਰ ਵੀ ਪ੍ਰਵਾਨਗੀ ਨਾ ਦਿਤੀ । ਪਰ ਦੂਜੇ ਦਿਨ ਵਿਸਾਖੀ ਵਾਲੇ ਦਿਨ ਸਮੂਹ ਬੇਦੀ ਸਾਹਿਬਜ਼ਾਦਿਆਂ ਨੇ ਗੱਦੀ ਲਗਾ ਕੇ ਆਪ ਜੀ ਨੂੰ ਉਸ ਉਪਰ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਸਾਹਮਣੇ ਰਖ, ਬਰਾਦਰੀ ਵਲੋਂ ਗੁਰਿਆਈ ਦਿਤੀ, ਮਥਾ ਟੇਕਿਆ ਤੇ ਆਖਿਆ ਅਜ ਤੋਂ ਆਪ ਸਾਡੇ ਗੁਰੂ ਹੋ । ਇੰਜ ਇਹ ਬੇਦੀ ਅੰਸ਼-ਬੰਸ ਦੀ ਗੁਰ-ਗੱਦੀ ਚਲੀ । ਪਰ ਆਪ ਜੀ ਵਿਚ ਫਿਰ ਵੀ ਕੋਈ ਹੰਕਾਰ ਨਾ ਆਇਆ ਤੇ ਗਿਆਰਵੀਂ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਆਪ ਸੇਵਕ ਤੇ ਪੁਜਾਰੀ ਹੀ ਚਲੇ ਆਏ । ਇਕ ਅੰਗਰੇਜ਼ ਲਿਖਾਰੀ ਲਿਖਦਾ ਹੈ ਕਿ "ਆਪ ਸਿੱਖ ਕੌਮ ਦੇ ਪੋਪ (**Pope**) ਹਨ ।

ਇਕ ਸਮੇਂ ਸਰਦੀ ਦੇ ਦਿਨਾਂ ਵਿਚ ਇਕ ਸੰਤ ਮੰਡਲੀ ਊਨਾ ਸਾਹਿਬ ਵਿਖੇ ਉਸ ਸਮੇਂ ਪੁਜੀ ਜਦ ਕਿ ਅਠ ਦਿਨਾਂ ਤੋਂ ਬੜੀ ਭਾਰੀ ਬਾਰਸ਼ ਹੋ ਰਹੀ ਸੀ । ਉਹਨਾਂ ਨੂੰ ਆਪ ਦੇ ਡੇਰੇ ਦੀ ਖ਼ਬਰ ਹੋਈ ਤਾਂ ਆਪ ਪਾਸ ਪੁਜੇ । ਆਪ ਜੀ ਨੇ ਅਪਨੇ ਸੇਵਕਾਂ ਨੂੰ ਹੁਕਮ ਕੀਤਾ ਕਿ ਜਾਉ ਸੰਤ ਮੰਡਲੀ ਨੂੰ ਅੱਗ ਸਿਕਾਉ ਤੇ ਪ੍ਰਸ਼ਾਦ ਤਿਆਰ ਕਰੋ । ਲਾਂਗਰੀਆਂ ਆਖਿਆ ਕਿ ਹੋਰ ਤਾਂ ਸੀਧਾ ਆਦਿਕ ਸਭ ਕੁਛ ਬਿਅੰਤ ਹੈ, ਪਰ ਸੁਕੀਆਂ ਲਕੜੀਆਂ ਖ਼ਤਮ ਹਨ । ਉਤ੍ਰ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਫੁਰਮਾਇਆ ਕਿ ਜਾਉ ਰਸਦ ਤਿਆਰ ਕਰੋ ਤੇ ਲਕੜੀਆਂ ਦਾ ਪ੍ਰਬੰਧ ਮੈਂ ਆਪ ਕਰਦਾ ਹਾਂ । ਸੇਵਾਦਾਰ ਜਦ ਮੁੜ ਕੇ ਵਾਪਸ ਆਏ ਤਾਂ ਕੀ ਡਿਠਾ ਕਿ ਸ੍ਰੀ ਬਾਬਾ ਜੀ ਨੇ ਇਕ ਕੁਲਹਾੜਾ ਲੈ ਅਪਨੇ ਮਹਿਲਾਂ ਦੇ ਦਰਵਾਜ਼ੇ, ਤਖ਼ਤੇ ਤੇ ਕੜੀਆਂ ਫਾੜ ਫਾੜ ਲਕੜ ਤਿਆਰ ਕੀਤੀ ਹੋਈ ਹੈ । ਸੇਵਾਦਾਰਾਂ ਅਹਿਲਕਾਰਾਂ ਆਖਿਆ ਕਿ ਮਹਾਰਾਜ ਇਹ ਤਾਂ ਹਜ਼ਾਰਾਂ ਰੁਪਿਆਂ ਦੀ ਤਿਆਰ ਲਕੜੀ ਦਾ ਸਾਮਾਨ ਨੁਕਸਾਨ ਹੋ ਗਿਆ ਹੈ । ਪਰ ਆਪ ਨੇ ਫੁਰਮਾਇਆ ਕਿ ਇਹ ਤਖ਼ਤੇ ਤੇ ਦਰਵਾਜ਼ੇ ਤਾਂ ਫੇਰ ਵੀ ਬਨ ਜਾਵਨ ਗੇ, ਪਰ ਇਹ ਸਾਧੂ ਮਹਾਤਮਾਂ ਦੀ ਸੇਵਾ ਮੁੜ ਲਖੀਂ ਤੇ ਹਜ਼ਾਰੀਂ ਵੀ ਹੱਥ ਨਹੀਂ ਸੀ ਆਉਨੀ । ਇਹ ਹੈ "ਗੁਰੂ ਨਾਨਕ ਸ਼ਾਹੀ" ਸੇਖਾ ਜਿਹਾ "ਧਰਮ" ਜੋ ਵਿਸਥਾਰ ਵਿਚ ਨਹੀਂ, ਸੂਖਸ਼ਮ ਤੌਰ ਤੇ ਦੱਸਣ ਦਾ ਯਤਨ ਕੀਤਾ ਹੈ ।

ਸ੍ਰੀ ਬਾਬਾ ਸਾਹਿਬ ਸਿੰਘ ਮਹਾਰਾਜ ਬਾਰੇ ਸਰਦਾਰ ਕਪੂਰ ਸਿੰਘ ਜੀ ਰੀਟਾਇਰਡ ਆਈ. ਸੀ. ਐਸ. ਇਸ ਤਰ੍ਹਾਂ ਫ਼ੁਰਮਾਉਂਦੇ ਹਨ :—

"ਮੇਰੀ ਬੜੀ ਇਛਾ ਸੀ, ਕਿ ਆਪ ਊਨੇ ਸਾਹਿਬ ਹਾਜ਼ਰ ਹੋ ਕੇ ਬ੍ਰਹਮ ਗਿਆਨੀ, ਗੁਰਮੁਖ, ਮਹਾਨ ਆਤਮਾ, ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਕੁਲ ਰਤਨ ਜੀ ਦੇ ਚਰਨਾਂ ਵਿਚ ਉਹਨਾਂ ਦੇ ਜਨਮ ਦਿਨ ਪੁਰਬ ਉਤੇ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ, ਪਰ ਮੇਰੀਆਂ ਜ਼ਾਤੀ ਉਲਝਣਾਂ ਨੇ ਮੈਨੂੰ ਇਹ ਸੁਭਾਗ ਪਰਾਪਤ ਨਹੀਂ ਹੋਣ ਦਿਤਾ ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਨਿਰਸੰਦੇਹ ਐਸੀ ਉਚ ਆਤਮਾ ਸਨ ਜਿਨ੍ਹਾਂ ਬਾਬਤ ਦਸਮ ਪਾਤਸ਼ਾਹ ਦਾ ਵਚਨ ਹੈ ਕਿ :—

"ਆਤਮ ਰਸ ਜਿਨ੍ਹ ਜਾਣਿਓ ਸੋਈ ਖਾਲਸਾ ਦੇਵ,
ਪ੍ਰਭੂ ਮੈਂ, ਮੁਝ ਮੈਂ, ਤਾਸ ਮੈਂ, ਰੰਚਕ ਨਾਹਨ ਭੇਵ।"

ਉਨ੍ਹਾਂ ਨੇ ਬੜੇ ਔਖੇ ਵੇਲੇ, ਅਨੇਕ ਘਾਲਾਂ ਘਾਲ ਕੇ, ਪੰਥ ਨੂੰ ਰਾਜਸੀ ਅਤੇ ਆਤਮਕ ਔਜ ਉਤੇ ਪੁਚਾਉਣ ਦਾ ਯਤਨ ਅਤੇ ਪਰਉਪਕਾਰ ਕੀਤਾ। ਜੇ ਉਸ ਵੇਲੇ ਦੇ ਸਿਖ ਆਗੂ ਮਹਾਨ ਬਾਬਾ ਜੀ ਦੀਆਂ ਰਾਜਨੀਤਕ ਸਲਾਹਾਂ, ਅਤੇ ਧਾਰਮਿਕ ਉਪਦੇਸ਼ਾਂ ਵਲ ਧਿਆਨ ਦਿੰਦੇ ਤਾਂ ਸਿਖ ਰਾਜ ਅਜ ਸਾਰੇ ਉਤਰੀ ਭਾਰਤ ਉਤੇ ਸਥਾਪਤ ਹੋਇਆ ਹੁੰਦਾ, ਅੰਗਰੇਜ਼ਾਂ ਦੇ ਪੈਰ ਕਦੇ ਭਾਰਤ ਵਿਚ ਨਾ ਜੰਮਦੇ, ਅਤੇ ਸਿਖ ਕੌਮ ਅਜ ਸੰਸਾਰ ਭਰ ਦੀਆਂ ਪ੍ਰਤਿਸ਼ਟ ਅਤੇ ਗੌਰਵਸ਼ਾਲੀ ਕੌਮਾਂ ਵਿਚ ਮੋਹਰੇ ਹੁੰਦੀ। ਪਰ ਬਾਬਾ ਜੀ ਦੇ ਬਚਨਾਂ ਉਪਦੇਸ਼ਾਂ ਨੂੰ ਪੰਥ ਨੇ ਗੌਰ ਨਾਲ ਨਾ ਸੁਣਿਆ ਵਿਚਾਰਿਆ, ਜਿਸ ਦਾ ਫਲ ਅਸੀਂ ਅਜ ਭੁਗਤ ਰਹੇ ਹਾਂ।

ਅਜ ਜੁ ਸੰਗਤਾਂ ਫੇਰ ਮਹਾਨ ਬਾਬਾ ਜੀ ਦੀਆਂ ਕਰਨੀਆਂ ਤੇ ਕਹਿਣੀ ਦੀ ਸਿੰਮ੍ਰਤੀ ਕਰਨ ਲਈ ਅਕੱਠੀਆਂ ਹੋਈਆਂ ਹਨ, ਤਾਂ ਉਹਨਾਂ ਦਾ ਜਨਮ ਪੁਰਬ ਮਨਾਉਣਾ ਇਹੋ ਹੈ ਕਿ ਉਹਨਾਂ ਦੇ ਉਪਦੇਸ਼ਾਂ ਨੂੰ ਵਿਚਾਰ ਕੇ ਉਨ੍ਹਾਂ ਉਤੇ ਅਮਲ ਕੀਤਾ ਜਾਵੇ। ਨਾਮ ਸਿਮਰਨ, ਪਰ-ਉਪਕਾਰ, ਸੇਵਾ, ਪੰਥ ਲਈ ਆਪਾ ਵਾਰਨਾਂ ਅਤੇ ਸ਼ਤਰੂਆਂ ਮਿਤਰਾਂ ਦੀ ਪਛਾਣ ਕਰਕੇ ਸਦਾ ਸਾਵਧਾਨ ਰਹਿਣਾ, ਇਹੋ ਮਹਾਨ ਬਾਬਾ ਜੀ ਦੇ ਉਪਦੇਸ਼ ਸਨ। ਇਹਨਾਂ ਉਤੇ ਚਲ ਕੇ ਅਸੀਂ ਅਜ ਫੇਰ ਆਪਣੀ ਅਧੋਗਤੀ ਵਿਚੋਂ ਨਿਕਲ ਸਕਦੇ ਹਾਂ। ਬਾਬਾ ਜੀ ਦੀ ਮਹਾਨ ਆਤਮਾ ਤਾਂ ਪੰਥ ਦੀ ਸਹਾਇਤਾ ਲਈ ਸਦਾ ਤਤਪਰ ਹੈ ਲੋੜ ਕੇਵਲ ਇਸ ਗੱਲ ਦੀ ਹੈ ਕਿ ਅਸੀਂ ਉਹਨਾਂ ਦੀ ਕ੍ਰਿਪਾ ਦੇ ਪਾਤਰ ਬਣੀਏ।"

ਹਜ਼ੂਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਸਬੰਧੀ ਸਚਿਖੰਡ ਵਾਸੀ ਸ੍ਰ: ਤੇਜਾ ਸਿੰਘ ਜੀ ਪ੍ਰਿੰਸੀਪਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਇਸ ਤਰ੍ਹਾਂ ਲਿਖਿਆ ਸੀ :—

"ਮੈਂ ਪ੍ਰਾਰਥਨਾ ਕਰਦਾ ਹਾਂ ਕਿ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਉਤਸ਼ਵ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰੇ, ਆਪ ਸਿਖ ਤਵਾਰੀਖ਼ ਦੀ ਇਕ ਮਹਾਨ ਹਸਤੀ ਸਨ, ਸਿੰਘ ਰਾਜ ਦੇ ਥਾਪਨ ਵਾਲੇ ਸਨ। ਤੇ ਸਿਖ ਰਾਜ ਨੂੰ ਚਮਕਾਉਣ ਵਿਚ ਆਪ ਦਾ ਖ਼ਾਸ ਹੱਥ ਸੀ। ਆਪ ਦੀ ਸਲਾਹ ਮਸ਼ਵਰੇ ਬਗੈਰ, ਮਹਾਰਾਜਾ ਸ਼ੇਰੇ ਪੰਜਾਬ ਐਸਾ ਮਹਾਰਾਜਾ ਨਾ ਹੋ ਸਕਦਾ ਤੇ ਇਹੋ ਜਿਹੇ ਵਡੇਰੇ ਕੰਮ ਨਾ ਕਰ ਸਕਦਾ। ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਨੇ ਸ਼ੇਰੇ ਪੰਜਾਬ ਨੂੰ ਉਹਨਾਂ ਔਖੇ ਦਿਹਾੜਿਆਂ ਵਿਚ ਹਿੰਦੁਸਤਾਨ ਦੀ ਤਵਾਰੀਖ਼ ਵਿਚ ਸੂਰਜ ਦੀ ਤਰ੍ਹਾਂ ਚਮਕਾਇਆ।"

ਆਪ ਜੀ ਬਾਰੇ ਅਕਾਲੀ ਪੱਤ੍ਰਕਾ ਵਿਚ ਇਕ ਮਜ਼ਮੂਨ ਇਸ ਤਰ੍ਹਾਂ ਛਪਿਆ ਸੀ :—

"ਇਸ ਧੰਨ ਗੁਰੂ ਨਾਨਕ ਦੇਵ ਜੀ ਦੇ ਧਰਮ ਪ੍ਰਚਾਰ ਦੀ ਲੜੀ ਜੋ ਆਪ (ਸ੍ਰੀ ਬਾਬਾ ਸਾਹਿਬ ਸਿੰਘ ਜੀ) ਨੇ ਚਲਾਈ ਉਸ ਨੇ ਸਿਖ ਕੌਮ ਨੂੰ ਉਚਿਆਂ ਤੇ ਸੁਚਿਆਂ ਕੀਤਾ। ਆਪ ਜੀ ਨੇ ਸਿਖ ਰਾਜ ਬਨਾ ਸ਼ੇਰੇ ਪੰਜਾਬ ਨੂੰ ਤਖ਼ਤੋ ਤਾਜ ਦਾ ਮਾਲਕ ਬਨਾਇਆ। ਅਪਨੀ ਸੰਪ੍ਰਦਾਇ ਕਾਇਮ ਕਰ 2000 ਬੇਦੀ ਸਾਹਿਬ ਜ਼ਾਦਿਆਂ ਨੂੰ ਜਗ੍ਹਾ ਜਗ੍ਹਾ ਪੰਜਾਬ ਦੀ ਧਰਤੀ ਤੇ ਬਿਠਾ ਧਰਮ ਦਾ ਪ੍ਰਚਾਰ ਜਾਰੀ ਰਖਿਆ। ਆਪ ਦੇ ਪਿਛੋਂ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਨੇ ਗੱਦੀ ਦੀ ਸੰਭਾਲ ਕੀਤੀ ਤੇ ਧੰਨ ਗੁਰੂ ਨਾਨਕ ਪਾਤਸ਼ਾਹ ਦੇ ਸੇਵਕ ਬਨ ਪ੍ਰਚਾਰ ਦੀ ਲੜੀ ਨੂੰ ਕਾਇਮ ਕੀਤਾ। ਆਪ ਨੇ ਹੀ ਮਹਾਰਾਜ ਸ਼ੇਰ ਸਿੰਘ ਨੂੰ ਰਣਜੀਤ ਸਿੰਘ ਪਿਛੋਂ 20-1-1841 ਨੂੰ ਤਿਲਕ ਲਗਾ ਰਾਜ ਤਖ਼ਤ ਤੇ ਬਿਠਾਇਆ ਜੋ 15-9-1893 ਤਕ ਕਾਇਮ ਰਹੇ।

ਅੰਗਰੇਜ਼ ਜਾਣਦਾ ਸੀ ਕਿ ਜਦ ਤਕ ਇਸ ਸੂਝ ਬੂਝ ਵਾਲੀ ਬੇਦੀ ਬੰਸ ਦਾ ਨਾਸ਼ ਨਾ ਕਰ ਦਿਆਂ ਗੇ। ਉਸ ਵਕਤ ਤਕ ਉਹ ਪੰਜਾਬ ਦੀ ਧਰਤੀ ਤੇ ਕਦਮ ਨਾ ਰਖ ਸਕੇਗਾ ਤੇ ਰਾਜ ਨਾ ਕਰ ਸਕੇਗਾ। ਸੋ ਅੰਗਰੇਜ਼ ਨੇ ਅਪਨੀ ਕੁਟਲ ਨੀਤੀ ਨਾਲ ਤੇ ਡੋਗਰਿਆਂ ਦੀ ਮਦਦ ਨਾਲ ਮਹਾਰਾਜਾ ਸ਼ੇਰ ਸਿੰਘ, ਉਸ ਦੇ ਪੁਤਰ ਪ੍ਰਤਾਪ ਸਿੰਘ ਅਤੇ ਹੋਰ ਪੁਤਰ ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ ਆਦਿ ਨੂੰ ਮਰਵਾ ਦਿਤਾ। ਤੇ ਡੋਗਰਿਆਂ ਵਿਚੋਂ ਧਿਆਨ ਸਿੰਘ, ਸੁਚੇਤ ਸਿੰਘ, ਹੀਰਾ ਸਿੰਘ ਵੀ ਖ਼ਤਮ ਕਰ ਦਿਤੇ ਗਏ। ਉਪਰੰਤ ਦੋ ਜੰਗਾਂ ਹੋਈਆਂ। ਪਹਿਲੀ 1846 ਵਿਚ ਜਿਸ ਪਿਛੋਂ ਦੁਆਬਾ ਅੰਗਰੇਜ਼ ਦੇ ਪਾਸ ਆ ਗਿਆ ਤੇ ਦੂਜੀ ਜੰਗ 1848 ਤੋਂ ਪਿਛੋਂ ਅੰਗਰੇਜ਼ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਹੇਠ ਲਿਖੇ ਸਾਰੇ ਕਿਲ੍ਹੇ ਤੁੜਵਾ ਦਿਤੇ ਜਾਂ ਕਬਜ਼ੇ ਵਿਚ ਕਰ ਲਏ। ਇਕ ਸੌ ਸਤਾਰਾਂ (117) ਪਿੰਡਾਂ ਦੀ ਰਿਆਸਤ ਵੀ ਆਪ ਜੀ ਦੀ ਜ਼ਬਤ ਕਰ ਲਈ ਤੇ ਸ੍ਰੀ ਬਾਬਾ ਬਿਕਰਮਾ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਨਜ਼ਰ ਬੰਦ ਕਰ ਦਿੱਤਾ।

ਜੋ ਕਿਲ੍ਹੇ ਤੁੜਵਾਏ ਗਏ :—

(1) ਦਖਨੀ ਕੀ ਸਰਾਏ।
(2) ਮਲਸੀਹਾਂ।
(3) ਗੁਨਾ ਚੌਰ।
(4) ਨੂਰਪੁਰ ਬੇਦੀ।
(5) ਊਨਾ ਸਾਹਿਬ।

ਉਪਰੋਕਤ ਕਿਲ੍ਹਿਆਂ ਵਿਚ ਸ੍ਰੀ ਬਾਬਾ ਸਾਹਿਬ ਸਿੰਘ ਜੀ ਆਪਣੀਆ ਰੀਜ਼ਰਵ ਫੌਜਾਂ ਰਖਿਆ ਕਰਦੇ ਸਨ ਤਾਂ ਜੋ ਸਿੱਖ ਰਾਜ ਨੂੰ ਜਦੋਂ ਵੀ ਕੋਈ ਅੱਤਿਅੰਤ ਜ਼ਰੂਰੀ ਲੋੜ ਪਵੇ ਤਾਂ ਤਤ ਛਿਨ ਇਮਦਾਦ ਕੀਤੀ ਜਾ ਸਕੇ।

ਆਪ ਜੀ ਵਲੋਂ ਮਾਲਵੇ ਅਤੇ ਦੁਆਬੇ ਵਿਖੇ ਹੇਠ ਲਿਖੇ ਦਮਦਮੇ ਅਸਥਾਨ ਭਾਵ ਧਰਮ ਪ੍ਰਚਾਰ ਕੇਂਦਰ ਨੀਯਤ ਕੀਤੇ ਹੋਏ ਸਨ ਜਿਥੋਂ ਕਿ ਨਾਮ ਬਾਣੀ ਦਾ ਪ੍ਰਵਾਹ ਚਲਦਾ ਸੀ :—

(1) ਹਮੀਰਓਆਲ (2) ਨੌਰਾ (3) ਖਡੂਰ (4) ਜੋਧਾਂ (5) ਮਨਸੂਰਾਂ (6) ਨਾਰੰਗਵਾਲ (7) ਰਾਏ ਕੋਟ (8) ਕਿਲ੍ਹਾ ਰਾਏਪੁਰ (9) ਮਲੇਰਕੋਟਲਾ (10) ਮਲੋਟ (11) ਮੇਦਪੁਰ (12) ਕੁਹਾੜਾ (13) ਨਾਭਾ (14) ਲੁਧਿਆਣਾ (15) ਕਪੂਰਥਲਾ (16) ਜਲੰਧਰ (17) ਹੁਸ਼ਿਆਰਪੁਰ (18) ਨਕੋਦਰ (19) ਫਿਲੌਰ (20) ਰੋਪੜ (21) ਪਟਿਆਲਾ (22) ਰਾਜਪੁਰਾ (23) ਜਗਰਾਉਂ ਆਦਿ।

24-1-61 ਦੀ ਅਕਾਲੀ ਪੱਤਰਕਾ ਵਿਚ ਗਿਆਨੀ ਸੁਖਦੇਵ ਸਿੰਘ "ਦਿਓਲ" ਹਰੀਪੁਰ ਦੀ ਕਲਮ ਤੋਂ ਇਸ ਤਰ੍ਹਾਂ ਲੇਖ ਆਪ ਬਾਰੇ ਲਿਖਿਆ ਗਿਆ ਜੋ ਸੰਖੇਪ ਰੂਪ ਵਿਚ ਸੰਗਤਾਂ ਅਗੇ ਭੇਟਾ ਕਰਦੇ ਹਾਂ :—

"ਬਾਬਾ ਸਾਹਿਬ ਸਿੰਘ ਬੇਦੀ ਦਾ ਜਨਮ ਬਾਬਾ ਜੀਤ ਸਿੰਘ ਜੀ ਦੇ ਘਰ ਹੋਇਆ। ਆਪ ਜੀ ਗੁਰੂ ਨਾਨਕ ਦੇਵ ਜੀ ਦੀ ਬੰਸ ਵਿਚੋਂ ਸਨ। ਆਪ ਜੀ ਦੇ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੋਣ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਆਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਅਜਿਹੇ ਮਨਮੋਹਣੇ ਤੇ ਪ੍ਰਭਾਵਸ਼ਾਲੀ ਮਿਠੀ ਤੇ ਸੁੰਦਰ ਸ਼ਬਦਾਵਲੀ ਰਾਹੀਂ ਕਰਦੇ ਸਨ। ਜਿਸ ਦਾ ਅਸਰ ਸੁਣਨ ਵਾਲਿਆਂ ਤੇ ਸਦੀਵੀ ਹੁੰਦਾ ਤੇ ਉਹ ਬਾਬਾ ਜੀ ਦੇ ਸੇਵਕ ਬਣ ਜਾਂਦੇ। ਬਾਬਾ ਜੀ ਜਦ ਵੀ ਪ੍ਰਚਾਰ ਕਰਨ ਲਈ ਕਿਸੇ ਦੀਵਾਨ ਵਿਚ ਪੁਜਦੇ, ਅਗੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਾ ਮਹਾਨ ਇਕੱਠ ਆਪ ਜੀ ਦੀ ਮਹਿਮਾ ਸੁਣ ਕੇ ਉਥੇ ਪੁਜਦਾ। ਬਾਬਾ ਜੀ ਨੇ ਆਪਣੀ ਜੀਵਨੀ ਵਿਚ ਅਤੇ ਵਿਸ਼ੇਸ਼ ਤੋਰ ਤੇ ਆਪਣੇ ਪਵਿਤਰ ਹੱਥਾਂ ਨਾਲ ਹਜ਼ਾਰਾਂ ਦੀ ਭਾਰੀ ਗਿਣਤੀ ਵਿਚ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਉਸ ਸਮੇਂ ਬਾਬਾ ਜੀ ਦੇ

ਪਵਿਤਰ ਹੱਥਾਂ ਦਾ ਅੰਮ੍ਰਿਤ ਪਾਨ ਕਰਨ ਲਈ ਸੰਗਤਾਂ ਤਤਪਰ ਰਹਿੰਦੀਆਂ ਸਨ ਤੇ ਸਮਝਦੀਆਂ ਸਨ ਕਿ ਬਾਬਾ ਜੀ ਦੇ ਹੱਥਾਂ ਨਾਲ ਤਿਆਰ ਕੀਤਾ ਹੋਇਆ ਅੰਮ੍ਰਿਤ ਛਕਣਾ ਮਾਨ ਤੇ ਵਡਿਆਈ ਵਾਲੀ ਗੱਲ ਹੈ। ਬਾਬਾ ਜੀ ਜਿਥੇ ਕਥਾ ਕੀਰਤਨ ਵਿਚ ਨਿਪੁੰਨ ਸਨ, ਉਥੇ ਆਪ ਆਪਣੇ ਸਮੇਂ ਦੇ ਮੰਨੇ ਪ੍ਰਮੰਨੇ ਯੋਧੇ ਤੇ ਤਲਵਾਰ ਦੇ ਵੀ ਧਨੀ ਸਨ। ਜਿਸ ਮੈਦਾਨੇ-ਜੰਗ ਵਿਚ ਆਪ ਨੇ ਪੈਰ ਧਰਿਆ ਉਥੇ ਹੀ ਕਾਮਯਾਬੀ ਨੇ ਆਪ ਦੇ ਪੈਰ ਚੁੰਮੇ।

ਇਹੋ ਹੀ ਕਾਰਨ ਹੈ ਕਿ ਆਪ ਜੀ ਦੇ ਅਨੇਕਾਂ ਸਿੱਖ ਸੇਵਕ ਆਪ ਜੀ ਦੀ ਪੂਜਾ ਕਰਦੇ ਸਨ।

ਬਾਬਾ ਜੀ ਦੇ ਜੀਵਨ ਨੂੰ ਹੋਰ ਡੂੰਘਾ ਵੇਖੀਏ ਤਾਂ ਸਾਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਬਾਬਾ ਜੀ ਨੇ ਆਪਣਾ ਸਾਰਾ ਜੀਵਨ ਦੇਸ਼ ਤੇ ਕੌਮ ਦੀ ਅਣਥੱਕ ਸੇਵਾ ਵਿਚ ਅਰਪਣ ਕਰ ਦਿੱਤਾ। ਯੁੱਧ ਦੇ ਦਿਨਾਂ ਵਿਚ ਆਪ ਤਲਵਾਰ ਲੈ ਕੇ ਮੈਦਾਨ ਵਿਚ ਗਜਦੇ ਤੇ ਸ਼ਾਂਤੀ ਦੇ ਦਿਨਾਂ ਵਿਚ ਆਪ ਪਰਚਾਰ, ਕਥਾ, ਕੀਰਤਨ ਰਾਹੀਂ ਕੌਮ ਦੀ ਬਹੁਮੁਲੀ ਸੇਵਾ ਕਰਦੇ ਹੋਏ ਸੰਨ 1839 ਵਿਚ ਚਲਾਣਾ ਕਰ ਗਏ। ਆਪ ਜੀ ਦਾ ਜਨਮ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆ ਉਤੇ ਸੂਰਜ ਵਾਂਗ ਚਮਕਦਾ ਰਹੇਗਾ ਤੇ ਮਨੁਖਤਾ ਆਪ ਜੀ ਦੇ ਜੀਵਨ ਤੋਂ ਸਿਖਿਆ ਪ੍ਰਾਪਤ ਕਰਦੀ ਰਹੇਗੀ।

ਆਪ ਨੇ ਹਰ ਤਰ੍ਹਾਂ ਸਿੱਖ ਪੰਥ ਦੀ ਅਗਵਾਈ ਕੀਤੀ। ਆਪ ਨੂੰ ਮਹਾਰਾਜੇ, ਸਾਧੂ, ਸੰਤ, ਮਹੰਤ ਤੇ ਸਰਬਤ ਸੰਗਤਾਂ ਗੁਰੂ ਕਰ ਕੇ ਮੰਨਦੀਆਂ ਸਨ ਤੇ ਸਤਿਕਾਰ ਪੂਰਬਕ ਮਿਲਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਪੱਤਰਾਂ ਵਿਚ ਆਪ ਨੂੰ "ਬਾਬਾ ਸਾਹਿਬ (ਤਰਨ ਤਾਰਨ) ਦੋ ਜਹਾਨ, ਬਾਬਾ ਸਾਹਿਬ ਸਿੰਘ ਜੀ ਬੇਦੀ ਕਰਕੇ ਲਿਖਿਆ ਕਰਦਾ ਸੀ।

ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਹੋਣ ਦੀ ਹੈਸੀਅਤ ਵਿਚ ਆਪ ਨੇ ਸਤਿਕਾਰ ਪਾਇਆ। ਦੇਖੋ ਪੁਸਤਕ "ਰਣਜੀਤ ਸਿੰਘ ਮਹਾਰਾਜਾ ਪੰਜਾਬ 1780-1839" ਲਿਖੀ ਸਰਦਾਰ ਖੁਸ਼ਵੰਤ ਸਿੰਘ ਜੀ ਦਿਲੀ। ਜਿਸ ਵਿਚ ਆਪ ਨੂੰ ਸਿੱਖ ਕੌਮ ਦਾ ਬਾਪੂ ਕਰ ਕੇ ਲਿਖਿਆ ਹੈ।

"ਕਹੁ ਨਾਨਕ ਸਭ ਤੇਰੀ ਵਡਿਆਈ ॥ ਕੋਈ ਨਾਉ ਨਾ ਜਾਣੈ ਮੇਰਾ ॥"

ਪਰ ਆਪ ਜੀ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਹਿਲਾਇਆ ਜਾਂ ਆਪਣੀ ਅਬਾਦਤ ਨਹੀਂ ਕਰਵਾਈ, ਉਪਦੇਸ਼ ਇਕ ਅਕਾਲ ਪੁਰਖ ਦੀ ਅਬਾਦਤ ਦਾ ਦਿੱਤਾ, ਸ੍ਰੀ ਗੁਰੂ ਗੋਬਿਦ ਸਿੰਘ ਜੀ ਦੀਆਂ ਲਾਡਲੀਆਂ ਫੌਜਾਂ ਨੂੰ ਸਜਾਇਆ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿੱਖ ਕਾਇਮ ਕੀਤੇ। ਆਪ ਨੇ ਤਾਂ ਪੂਰਨ ਰੂਪ ਵਿਚ "ਗੁਰਸਿਖ" ਵਾਲੀ ਪਦਵੀ ਹਾਸਲ ਕੀਤੀ। ਉਹਨਾਂ ਦਾ ਉਦੇਸ਼ ਸੀ :—

"ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।"

ਜੋ ਦੂਜੀ ਸ਼ਾਖ ਬਾਬਾ ਬਿਸ਼ਨ ਸਿੰਘ ਵਾਲੀ ਸੀ, ਉਸ ਵਿਚੋਂ ਬਾਬਾ ਖੇਮ ਸਿੰਘ ਜੀ ਬੜੇ ਪ੍ਰਤਾਪ ਵਾਲੇ ਸਨ। ਆਪ ਜੀ 25 ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰਕੇ ਤਾਂ ਜਲ ਪਾਨ ਕਰਦੇ ਸਨ।

ਪਰ ਅਫ਼ਸੋਸ ਕਿ ਅਜ ਸਿੱਖ ਕੌਮ ਦੀ ਕੋਈ ਯੋਗ ਅਗਵਾਈ ਨਹੀਂ ਰਹੀ। ਸਾਰੀ ਅਗਵਾਈ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਪਾਸ, ਜਾਂ ਹੋਰ ਸੰਤਾਂ ਸਾਧੂਆਂ ਪਾਸ ਜਲੀ ਗਈ। ਸਭ ਆਪੋ ਆਪਣੀ ਸੰਪਰਦਾਇ ਜਾਂ ਪਾਰਟੀ ਬਾਜ਼ੀ ਦੇ ਪ੍ਰਚਾਰ ਵਿਚ ਜੁਟੇ ਹੋਏ ਹਨ ਤੇ ਸੰਗਤਾਂ ਨੂੰ ਆਪਣੇ ਨਾਲ ਜੋੜ ਆਪਣੇ ਜਿਹਾ ਪਖ-ਪਾਤੀ ਬਣਾ ਰਹੇ ਹਨ। ਅਜੇਹੀਆਂ ਸੰਪਰਦਾਵਾਂ ਬਹੁਤ ਘਟ ਨਜ਼ਰ ਆਉਂਦੀਆਂ ਹਨ ਜੋ ਗੁਰੂ ਨਾਨਕ ਪਾਤਸ਼ਾਹ ਵਾਲੇ ਮੱਤ ਦਾ ਪ੍ਰਚਾਰ ਕਰਦੇ ਹੋਣ। ਆਪੋ ਆਪਣੀ ਧੜੇ ਬੰਦੀ ਵਿਚ ਪੈ ਗਏ ਹਨ ਤੇ ਹਰੀ ਦਾ ਧੜਾ ਕੋਈ ਨਹੀਂ ਬਣਾ ਰਿਹਾ।

"ਕਿਸ ਹੀ ਧੜਾ ਕੀਆ, ਮਿੱਤਰ ਸੁਤ ਨਾਲਿ ਭਾਈ ॥
ਕਿਸ ਹੀ ਧੜਾ ਕੀਆ, ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ, ਚਉਧਰੀ ਨਾਲਿ ਆਪਣੇ ਸੁਆਈ ॥"

ਧੜਿਆਂ ਕਾਰਨ ਹੀ ਸਿਖ ਰਾਜ ਹੱਥੋਂ ਨਿਕਲ ਗਿਆ ਸੀ। ਪਰ ਅਜ ਦੇ ਸਿੱਖ ਆਗੂਆਂ ਨੇ ਫਿਰ ਵੀ ਕੋਈ ਸਿਖਿਆ ਪ੍ਰਾਪਤ ਨਾ ਕੀਤੀ ਤੇ ਮੁੜ ਉਸੇ ਹੀ ਖ਼ਤਰਨਾਕ ਰਾਹ ਉਪਰ ਦਿਨ ਰਾਤ ਚਲਦੇ ਜਾ ਰਹੇ ਹਨ। ਭਲਾ ਇਹ ਸਵਾਰਥ ਸਿਧੀ ਵਾਲੇ ਦੁਨੀਆਂ ਦੇ ਧੜੇ ਕਦ ਤਕ ਸਫ਼ਲ ਹੁੰਦੇ ਰਹਿਣਗੇ ? ਇਸ ਪਾਟੋ ਧਾੜ ਵਾਲੇ ਮਾਰਗ ਤੇ ਚਲਿਆਂ ਅਜੇ ਹੋਰ ਖਜਲ-ਖਵਾਰੀ ਵੇਖਣੀ ਪਏਗੀ। ਜਦ ਤਕ ਸਿੱਖ ਲੀਡਰਾਂ ਨੂੰ "ਹਮਰਾ ਧੜਾ ਹਰਿ ਰਹਿਆ ਸਮਾਈ" ਦਾ ਦ੍ਰਿੜ੍ਹ ਗਿਆਨ ਨਹੀਂ ਹੋਵੇਗਾ। ਉਹ ਦੁਨੀਆਂ ਦੀਆਂ ਨਜ਼ਰਾਂ ਵਿਚ ਸਤਿਕਾਰ ਪ੍ਰਾਪਤ ਨਹੀਂ ਕਰ ਸਕਣਗੇ ਕਿਉਂਕਿ :—

"ਜਿਨ੍ਹ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥......

ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥"

ਸੋ ਜਦੋਂ ਤਕ ਸਾਰੀ ਦੀ ਸਾਰੀ ਸਿੱਖ ਕੌਮ ਨੂੰ ਇਕੋ ਹਰੀ ਦੇ ਧੜੇ ਵਿਚ ਰੰਗਿਆ ਨਹੀਂ ਜਾਵੇਗਾ। ਉਦੋਂ ਤਕ ਥਿਰ ਰਹਿਣ ਵਾਲੀ ਸਫ਼ਲਤਾ ਕਦਾ-ਚਿਤ ਪ੍ਰਾਪਤ ਨਹੀਂ ਹੋ ਸਕੇਗੀ।

ਇਕ ਅਕਾਲ ਪੁਰਖ ਦੇ ਧੜੇ ਦੀ ਆਵਾਜ਼ ਨੂੰ ਬਾਬਾ ਬਿਕਰਮਾ ਸਿੰਘ ਜੀ ਪਿਛੋਂ ਬਾਬਾ ਸੁਜਾਨ ਸਿੰਘ ਜੀ ਨੇ ਸੰਭਾਲਿਆ ਸੀ। ਉਪਰੰਤ ਟਿਕਾ ਰਾਮ ਕਿਸ਼ਨ ਸਿੰਘ ਜੀ ਨੇ ਸੰਭਾਲਿਆ ਤੇ ਫਿਰ ਬਾਬਾ ਦੇਵਿੰਦਰ ਸਿੰਘ ਜੀ ਨੇ ਸੰਭਾਲ ਕੀਤੀ। ਹੁਣ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਸ ਆਪਣੇ ਕੀਟ ਸੇਵਕ ਮਧੁਸੂਦਨ ਸਿੰਘ ਨੂੰ ਆਪਣਾ ਦਾਸ ਸਮਝਦੇ ਹੋਇਆਂ ਇਕ ਹਰੀ ਦੇ ਧੜੇ ਦੇ ਪ੍ਰਚਾਰ ਵਾਲੀ ਸੇਵਾ ਬਖਸ਼ੀ ਹੋਈ ਹੈ। ਸੋ ਗੁਰਦੇਵ ਪਿਤਾ ਜੀ ਦੇ ਹੁਕਮ ਅਨੁਸਾਰ ਇਸ ਹਰੀ ਦੇ ਧੜੇ ਦੀ ਆਵਾਜ਼ ਥਾਂ ਥਾਂ ਬੁਲੰਦ ਕੀਤੀ ਜਾ ਰਹੀ ਹੈ। ਜਗ੍ਹਾ ਜਗ੍ਹਾ ਜਾ ਕੇ ਕੇਵਲ ਇਕ ਨਿਰੰਕਾਰ "ੴ" ਦੇ ਧੜੇ ਦੀ ਆਵਾਜ਼ ਲਗਾਈ ਜਾ ਰਹੀ ਹੈ ਤੇ ਇਸ ਹਰੀ ਦੇ ਧੜੇ ਦੀ ਸਫ਼ਲਤਾ ਲਈ ਮਨਸੂਰਾਂ, ਦਖਣੀ ਕੀ ਸਰਾਇ, ਗੁਨਾ ਚੌਰ, ਮਲਸੀਏ ਤੇ ਊਨਾ ਸਾਹਿਬ ਵਿਖੇ ਗੁਰਮਤਿ ਦੇ ਪ੍ਰਚਾਰ ਸੈਂਟਰ ਕਾਇਮ ਕੀਤੇ ਜਾ ਚੁਕੇ ਹਨ। ਇਨ੍ਹਾਂ ਪ੍ਰਚਾਰ ਸੈਂਟਰਾਂ ਉਪਰ ਅਮਾਵਸ, ਦਸਵੀਂ, ਸੰਗਰਾਂਦ ਤੇ ਪੂਰਨਮਾਸ਼ੀ ਦੇ ਮਾਹਵਾਰੀ ਦੀਵਾਨ ਸਜਾਏ ਜਾਂਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਰਸ਼ਨ ਦੇਂਦੀਆਂ ਹਨ। ਨਾਮ ਬਾਣੀ ਦਾ ਪ੍ਰਵਾਹ ਚਲਦਾ ਹੈ ਤੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ। ਇਸ ਤੋਂ ਛੁਟ ਹਜ਼ਾਰਾਂ ਰੁਪਏ ਖ਼ਰਚ ਕਰਕੇ ਇਹਨਾਂ ਗੁਰਮਤਿ ਪ੍ਰਚਾਰ ਸੈਂਟਰਾਂ ਉਤੇ ਬਿਲਡਿੰਗਾਂ ਤੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਆਸ਼ਰਮ ਤਿਆਰ ਕਰਵਾਏ ਜਾ ਰਹੇ ਹਨ। ਇਹਨਾਂ ਪਵਿਤਰ ਅਸਥਾਨਾਂ ਉਪਰ ਜਿਹੜੇ ਸੱਜਣ ਹਾਜ਼ਰੀਆਂ ਭਰਦੇ ਹਨ। ਉਹਨਾਂ ਦੇ ਦੁੱਖ ਰੋਗ ਤੇ ਸੰਤਾਪ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਨਾਮ ਬਾਣੀ ਦੇ ਪ੍ਰਤਾਪ ਸਦਕਾ ਸਭ ਦੂਰ ਹੋ ਜਾਂਦੇ ਹਨ। ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਵਿਖੇਪਤਾ ਵਿਚੋਂ ਨਿਕਲ ਕੇ ਇਕ ਅਕਾਲ ਪੁਰਖ ਦੇ ਧੜੇ ਦੇ ਧਾਰਨੀ ਬਣਦੇ ਹਨ। ਨਿਰੋਲ ਗੁਰਮਤਿ ਦਾ ਪ੍ਰਚਾਰ ਹੁੰਦਾ ਹੈ।

ਇਹ ਦਾਸ ਤਾਂ "ਗੁਰੂ ਨਾਨਕ ਘਰ" ਦਾ ਸੇਵਕ ਹੈ, ਧੰਨ ਗੁਰੂ ਨਾਨਕ ਪਾਤਸ਼ਾਹ ਤੋਂ ਦਸਵੀਂ ਜੋਤਿ ਤਕ ਅਤੇ ਗਿਆਰਵੀਂ ਜੋਤਿ ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸੇਵਕ ਹੈ ਤੇ ਕਰਤਬ ਹੈ। ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਨਾ ਤੇ ਗੁਰੂ ਘਰ ਦੀ ਉਹ ਸਰੀਰਕ ਸੇਵਾ ਕਰਨੀ ਤੇ ਕਰਾਉਣੀ, ਜਿਸ ਨਾਲ ਮਨ ਨੀਵਾਂ ਹੋ ਸਕੇ ਤੇ ਧੰਨ ਗੁਰੂ ਨਾਨਕ ਪਾਤਸ਼ਾਹ ਦੇ ਬਖਸ਼ੇ ਹੋਏ ਸਿਮਰਨ ਅਭਿਆਸ ਨਾਲ ਜੁੜਨਾ ਤੇ ਜੋੜਨਾ ਤੇ ਧਨ ਗੁਰੂ ਨਾਨਕ ਪਾਤਸ਼ਾਹ ਦਾ ਹਰੀ ਦਾ ਧੜਾ ਗੁਰਬਾਣੀ ਦਵਾਰਾ ਸਿਧ ਕੀਤਾ ਹੋਇਆ ਕਾਇਮ ਕਰਨਾ ਤੇ ਸੰਗਤਾਂ ਨੂੰ ਇਕ ਪਾਸੇ ਪ੍ਰੇਰਨਾ ਤਾਂ ਜੋ ਸਿੱਖ ਕੌਮ ਦਾ ਇਕੋ ਹੀ ਰਸਤਾ ਹੋ ਜਾਵੇ ਤੇ ਗੁਰੂ ਨਾਨਕ ਪਾਤਸ਼ਾਹ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਿਆ ਤੋਂ ਵਿਰੁਧ ਪ੍ਰਚਾਰ ਕਰਨ ਵਾਲਿਆਂ ਤੋਂ ਸੰਗਤਾਂ ਮੂੰਹ ਮੋੜ ਸਰਬੱਤ ਦਾ ਭਲਾ ਚਾਹੁੰਣ ਵਾਲੇ ਧੰਨ ਗੁਰੂ ਨਾਨਕ ਪਾਤਸ਼ਾਹ ਨਾਲ ਜੁੜਨ ਤੇ ਇੰਜ ਸੰਗਤਾਂ ਸਤਿ, ਸੰਤੋਖ ਤੇ ਏਕਤਾ ਵਾਲੀ ਸਤਿਆ ਦੀਆਂ ਮਾਲਕ ਬਣਨ। ਤਾਂ ਜੋ ਪੰਥ ਦੀ ਦਸ਼ਾ ਸਦੈਵੀ ਚੜ੍ਹਦੀਆਂ ਕਲਾਂ ਨੂੰ ਪ੍ਰਾਪਤ ਕਰਕੇ ਜਿਥੇ ਕਿਥੇ ਫ਼ਤਹਿ ਹੀ ਫ਼ਤਹਿ ਹੋਵੇ।

ਦਾਸ ਦੀ ਤੀਬਰ ਇੱਛਾ ਹੈ ਕਿ ਸਿੱਖ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਵੇਖੇ ਤੇ ਜਿਹੜੇ ਹਾਲਾਤ ਅਜ ਬਣੇ ਹੋਏ ਹਨ, ਉਹ ਛੇਤੀ ਤੋਂ ਛੇਤੀ ਦੂਰ ਹੋ ਜਾਣ। ਪਰ ਇਹ ਤਾਂ ਹੀ ਹੋਵੇਗਾ ਜਦੋਂ ਧੰਨ ਗੁਰੂ ਨਾਨਕ ਪਾਤਸ਼ਾਹ ਹੀ ਸਾਡੇ ਹਿਰਦਿਆਂ ਅੰਦਰ ਆ ਵਸਣਗੇ ਤੇ ਨਾਨਕ ਸ਼ਾਹੀ ਰਾਜ ਹੋਵੇਗਾ।

"ਸਤਿਨਾਮ ਸ੍ਰੀ ਵਾਹਿਗੁਰੂ"

# ਬਾਬਾ ਸਾਹਿਬ ਸਿੰਘ ਦਸਮੇਸ਼ ਰੂਪ

ਕਰਤਾ :—ਸੰਤ ਬੀਰ ਸਿੰਘ ਜੀ ਨਿਰਮਲੇ

**ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਬਾਰੇ ਪੂਰਵਾਰਧ ਪੰਨਾ ੯੦ ਉੱਤੇ ਦਿੱਤਾ ਪ੍ਰਸੰਗ ਅਸਲ ਰੂਪ ਵਿਚ ਦਿੱਤਾ ਜਾਂਦਾ ਹੈ :—**

ਦੋਹਿਰਾ

ਸ੍ਰੀ ਗੁਰੂ ਚਰਣ ਪ੍ਰਤਾਪ ਰਵਿ, ਉਦੇ ਤੀਨਹੁ ਲੋਕ ।
ਜਨ ਸਰੋਜ ਬਿਗਸੈ ਨਿਰਖ ਤਨ ਤੁਰਕਨ ਮਨ ਸੋਕ ॥ ੧ ॥

ਚੌਪਈ

ਸ੍ਰੋਤਾ ਸੁਨੋ ਸਕਲ ਮਨ ਲਾਈ ॥ ਸ੍ਰੀ ਗੁਰੂ ਚਰਿਤ ਮਹਾਂ ਸੁਖਦਾਈ ॥
ਸ੍ਰੀ ਦਸਮੇਸ਼ ਮਹਾਂ ਕ੍ਰਿਪਾਲਾ ॥ ਦੀਨ ਬੰਧੁ ਸਰਣ ਪ੍ਰਤਿਪਾਲਾ ॥ ੨ ॥
ਸ੍ਰੀ ਅਨੰਦਪੁਰ ਕੀਨੇ ਪਾਵਨ ॥ ਵਿਚਰਤ ਡਗਰ ਬਜ਼ਾਰ ਸੁਹਾਵਨ ॥
ਨਗਰ ਲੋਕ ਪਿਖ ਆਨੰਦ ਪਾਵੈਂ ॥ ਦਰਸ਼ਨ ਤੇ ਸਭ ਸ਼ੋਕ ਨਸਾਵੈਂ ॥ ੩ ॥
ਸਵਾ ਯਾਮ ਜਬ ਰਜਨੀ ਰਹੈ ॥ ਕਰ ਸਨਾਨ ਗੁਰ ਆਸਨ ਬਹੈ ॥
ਧਯਾਨ ਨਿਸ਼ਨ ਪ੍ਰਭੁ ਰਹੈ ਤਦਾਈ ॥ ਜਾਕੋ ਬੇਦ ਭੇਦ ਨਹਿ ਲਹਈ ॥ ੪ ॥
ਕੋਟਿ ਸਸ ਸਮ ਰੂਪ ਬਿਰਾਜੈ ॥ ਕੋਟਿ ਸੈਨ ਛਬਿ ਲਖ ਉਰ ਲਾਜੈ ॥
ਰਾਗੀ ਰਾਗ ਕਰੈਂ ਤਬ ਆਈ ॥ ਆਸਾ ਵਾਰ ਪਢੈਂ ਚਿਤ ਲਾਈ ॥ ੫ ॥
ਉਦੇਭਾਨ ਬਹੁ ਕਰਹੈ ਦਾਨ ॥ ਸ੍ਰੀ ਅਕਾਲ ਕਾ ਧਰਉ ਧਿਆਨ ॥
ਬੇਦੀ ਵੰਸਜ ਕੋ ਚਲ ਆਵੈ ॥ ਕਰ ਆਦਰ ਗੁਰ ਨਿਕਟ ਬਿਠਾਵੈ ॥ ੬ ॥
ਦੇ ਅਕੋਰ ਗੁਰ ਬਿਦਾ ਕਰਾਵੈ ॥ ਗੁਰ ਨਾਨਕ ਕੀ ਖੁਸ਼ੀ ਅਲਾਵੈ ॥ ੭ ॥
ਏਕ ਸਮੇਂ ਕੀ ਬਾਤ ਸੁਨਾਊਂ ॥ ਸ੍ਰੋਤਨ ਮਨ ਸੰਦੇਹ ਮਿਟਾਊਂ ॥
ਜਬ ਅਖੋਰ ਕੋ ਸਤਗੁਰ ਜਾਵੈ ॥ ਸਿੰਘ ਰੋਜ ਬਨੇਕ ਚੂਨ ਘਾਵੈ ॥ ੮ ॥
ਦੂਣ ਵਿਖੇ ਇਮ ਖਿਲਤ ਸਿਕਾਰੂ ॥ ਜਿਹ ਮਾਰੇ ਤਿਹ ਭਵ ਤੇ ਪਾਰੂ ॥
ਬਹੁਤ ਕਾਲ ਇਹ ਭਾਂਤ ਬਤਾਯੋ ॥ ਦੁਸ਼ਟਨ ਕੋ ਜਰ ਮੂਰ ਉਠਾਯੋ ॥ ੯ ।
ਊਨਾ ਸਾਹਿਬ ਨਗਰ ਮਝਾਰੀ ॥ ਬੇਦਨ ਕੁਲ ਤਹ ਬਸਤ ਅਪਾਰੀ ॥
ਬਾਬਾ ਸਾਹਿਬ ਜੀ ਕਲਾਧਾਰੀ ॥ ਨਾਮ ਦਾਨ ਦੇ ਸੰਗਤ ਤਾਰੀ ॥ ੧੦ ॥

ਸੋ ਬਾਬਾ ਕਲਾਧਾਰੀ ਜੀ ਆਪ ਸਮ, ਦਮ ਆਦਿਕ ਦੈਵੀ ਸੰਪਤੀ ਕੇ ਅਗਾਰ ਹੋਤੇ ਤ੍ਰਏ ਹੈਂ । ਕਾਮ ਕਰੋਧਾਦਿਕ ਆਸੁਰੀ ਸੰਪਤੀ ਕੇ ਜੀਤਨੇਹਾਰੇ ਮਹਾਂ ਧੀਰਯਵਾਨ ਤਤੇਵੇਤਾ ਗਯਾਨਵਾਨ, ਦੁਖਿਯੋਂ ਪਰ ਦਯਾ ਕਰਣੇ ਹਾਰੇ, ਦੀਨ ਬੰਧੁ, ਸੁਖੀ ਜਨੋਂ ਕੋ ਦੇਖ ਕਰ ਮੁਦਿਤਾ ਕੇ ਧਾਰਨੇਹਾਰੇ, ਦੁਸ਼ਟੋਂ ਕੀ ਉਪੇਖਯਾ ਕਰਨੇਹਾਰੇ, ਐ ਸੰਤ ਜਨੋਂ ਕੇ ਸਾਥ ਅਤੀਵ ਮੈਤ੍ਰੀ ਰਖਨੇਹਾਰੇ, ਤ੍ਰਿਕਾਲ ਦਰਸ਼ੀ ਹੋਤੇ ਭਏ ।

ਸੋ ਬਾਬਾ ਕਲਾਧਾਰੀ ਜੀ ਕਭੀ ਕਭੀ ਅਨੰਦਪੁਰ ਮੇਂ ਹਜ਼ੂਰ ਕੇ ਦਰਸ਼ਨ ਕੋ ਜਾਵੈਂ । ਆਗੇ ਤੇ ਬਾਬੇ ਕਲਾਧਾਰੀ ਜੀ ਕਾ ਦਰਸ਼ਨ ਕਰਕੇ ਹੀ ਸਾਹਿਬ ਦਸ਼ਮੇਸ਼ ਜੀ ਆਪਣੇ ਸਿੰਘਾਸਨ ਸੇ ਉਠਕੇ ਬਾਬਾ ਕਲਾਧਾਰੀ ਜੀ ਕੋ ਪ੍ਰਣਾਮ ਕਰੈਂ

ਔਰ ਅਤਿਆਦਰ ਸਹਿਤ ਆਪਣੇ ਹਸਤਕਮਲ ਸੇ ਬਾਬੇ ਜੀ ਕਾ ਹਾਥ ਗ੍ਰਹਨ ਕਰਕੇ ਆਪਣੇ ਪਾਸ ਸਿੰਘਾਸਨ ਪਰ ਬੈਠਾਇ ਲੇਵੇਂ। ਬਾਬਾ ਕਲਾਧਾਰੀ ਜੀ ਬੜੇ ਮਰਯਾਦਾ ਪੁਰਖੋਤਮ ਥੇ, ਸਾਹਿਬ ਕੇ ਸਿੰਘਾਸਨ ਪਰ ਬਰਾਬਰ ਬੈਠਾਨੇ ਸੇ ਚਿਤ ਮੇਂ ਸੰਕੋਚ ਭੀ ਕਰੇਂ। ਤਥਾਪੀ ਸ੍ਰੀ ਗੁਰੂ ਗੋਬਿੰਦ ਸਿੰਘ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਾ ਬੇਦੀ ਮਾਤਰ ਕੋ ਸਰੂਪ ਜਾਨ ਕੇ, ਬਹੁਤ ਹੀ ਮਾਨ ਆਦਿਰ ਰਖੈਂ। ਪਾਸ ਹੀ ਆਪਣੇ ਬਰਾਬਰ ਸਿੰਘਾਸਨ ਪਰ ਬਿਠਾਇ ਲੇਵੇਂ। ਬੇਦੀ ਮਾਤ੍ਰ ਕੇ ਪੁਨ: ਬਾਬਾ ਕਲਾਧਾਰੀ ਜੀ ਤੋ ਪਰਮ ਯੋਗ ਹੀ ਥੇ, ਇਨ ਕੋ ਹਜ਼ੂਰ ਆਪਣੇ ਬਰਾਬਰ ਕਿਉਂ ਨਾ ਬੈਠਾਵੈਂ?

ਸ੍ਰੀ ਦਸਮੇਸ਼ ਜੀ ਮਰਿਯਾਦਾ ਪੁਰਖੋਤਮ ਬਾਬੇ ਕਲਾਧਾਰੀ ਜੀ ਕਾ ਬਡਾ ਅਦਬ ਰਖਤੇ ਥੇ। ਦੋ ਦਿਨ ਚਾਰ ਦਿਨ ਜਿਤਨਾ ਚਿਰ ਬਾਬਾ ਕਲਾਧਾਰੀ ਜੀ ਸਾਹਿਬ ਕੇ ਹਜ਼ੂਰ ਰਹੈਂ ਜਬ ਇਛਾ ਹੋਵੈ ਤਬ ਬਿਦਾ ਮਾਂਗ ਕਰ ਪੁਨ: ਊਨੇ ਕੋ ਚਲੇ ਆਵੈਂ, ਚਲਤੀ ਵਾਰ ਹਜ਼ੂਰ ਦਸਮੇਂ ਪਾਤਸ਼ਾਹ ਜੀ ਬਾਬੇ ਕਲਾਧਾਰੀ ਜੀ ਕੋ ਏਕ ਅਛਾ ਅਸ਼ਵ ਬਡੇ ਮੋਲਵਾਲਾ ਏਕ ਦੁਸ਼ਾਲਾ ਔਰ ਪਾਂਚ ਸੈ 500 ਰੁਪਇਆ ਭੇਟਾ ਦੇ ਕੇ ਬਡੇ ਆਦਰ ਸੇ ਬਿਦਾ ਕਰਤੇ ਥੇ। ਪੁਨ: ਭੀ ਹਜ਼ੂਰ ਬਾਬੇ ਕਲਾਧਾਰੀ ਜੀ ਸੇ ਨਿਮ੍ਰਤਾ ਪੂਰਬਕ ਕਹਿਤੇ ਥੇ ਕਿ ਸਾਹਿਬ ਜੀ ਜਲਦੀ 2 ਦਰਸ਼ਨ ਦੇ ਕੇ ਸਾਨੂੰ ਨਿਹਾਲ ਕੀਆ ਕਰੋ। ਹਮ ਆਪ ਸੇ ਅਲਗ ਹੂਆ ਨਹੀਂ ਚਾਹਤੇ। ਆਪ ਕੇ ਚਰਨੋਂ ਕਾ ਵਿਯੋਗ ਭਾਰ ਬਹੁਤ ਕਾਲ ਪ੍ਰਯੰਤ ਨਹੀਂ ਸਹਿ ਸਕਤੇ ਹੈਂ। ਆਗੇ ਆਪ ਮਾਲਕ ਹੈਂ।

— — —

ਜਬ ਔਰ ਭੀ ਕੋਈ ਬੇਦੀ ਸਾਹਿਬਜ਼ਾਦਾ ਆ ਜਾਵੈ ਤਬ ਭੀ ਐਸੇ ਹੀ ਆਦਰ ਕਰਕੇ ਆਪਣੇ ਪ੍ਰਯੰਕ ਪਰ ਬੈਠਾਇ ਲੇਤੇ ਥੇ। ਔ ਜਿਤਨੇ ਭੀ ਬੇਦੀ ਸਾਹਿਬਜ਼ਾਦੇ ਹੋਵੈਂ ਸਭ ਕੋ ਏਕ ਏਕ ਘੋੜਾ ਦੁਸ਼ਾਲਾ ਪਾਂਚ ਪਾਂਚ ਸੈ ਰੁਪਯਾ ਦੇ ਕੇ ਬਿਦਾ ਕੀਆ ਕਰਤੇ ਥੇ।

ਜਬ ਬਹੁਤ ਕਾਲ ਇਸੀ ਰੀਤੀ ਸੇ ਵਿਤੀਤ ਹੂਆ ਤਬ ਏਕ ਭੇਖੀ ਸੁਨਿਆਰਾ ਪ੍ਰਥਮ ਬੇਦੀ ਸਾਹਿਬਜ਼ਾਦਯੋਂ ਕੇ ਪਾਸ ਬਾਲਕ ਅਵਸਥਾ ਸੇ ਹੀ ਰਹਿਤਾ ਥਾ। ਸੇਵਾ ਕਰਤਾ ਥਾ ਜਲ ਆਦਿਕ ਕੀ, ਅੰਨ, ਬਸਤਰ ਸਾਹਿਬਜ਼ਾਦਯੋਂ ਸੇ ਲੈ ਕੇ ਆਪਣੇ ਸਰੀਰ ਕੀ ਪਾਲਣਾ ਕਰਤਾ ਥਾ। ਜਬ ਯੁਵਾ ਅਵਸਥਾ ਕੋ ਪ੍ਰਾਪਤ ਹੂਆ ਕੁਛ ਕੁਛ ਸਮਝ ਪਰਨੇ ਲਾਗੀ। ਜਗਤ ਮੇਂ ਬੇਦੀ ਸਾਹਿਬਜ਼ਾਦਯੋਂ ਕੀ ਬਹੁਤ ਸੀ ਪੂਜਾ ਪ੍ਰਤਿਸ਼ਟਾ ਵੇਖ ਕੇ ਸਹਾਰ ਨਾ ਸਕੇ, ਈਰਖਾ ਕਰਕੇ ਜਲਤਾ ਰਹੇ। ਔ ਉਤੇ ਸਵਾਸ ਲੈ ਕੇ ਕਹੇ 'ਹੇ ਪਰਮੇਸ਼ਵਰ ਜੀ! ਬੇਦੀ ਸਾਹਿਬਜ਼ਾਦਯੋਂ ਕੇ ਘਰ ਮੇਂ ਮੁਝ ਕੋ ਭੀ ਜਨਮ ਕਿਉਂ ਨਾ ਦੀਆ। ਜੋ ਮੈਂ ਭੀ ਇਸੀ ਪ੍ਰਕਾਰ ਸੇ ਆਪਣੀ ਪੂਜਾ ਕਰਾਤਾ।

— — —

ਸੋ ਤਿਸ ਸੁਨਿਆਰੇ ਨੇ ਸੇਹਲੀ ਪਹਰ ਕੇ ਸਾਹਿਬਜ਼ਾਦਯੋਂ ਕੋ ਭੇਖ ਬਨਾਇ ਕੇ ਸਿਖੋਂ ਸੇ ਪੂਜਾਵਨੇ ਲਾਗਾ। ਤਿਸ ਕੋ ਆਏ ਕੋ ਬੜਾ ਦ੍ਰਬਯ ਇਕੱਤਰ ਹੋ ਜਾਤਾ ਭਯਾ। ਧਨ ਕੇ ਮਦ ਮੇਂ ਔ ਭੇਖ ਕੇ ਮਦ ਸੇ ਪ੍ਰਮਾਦੀ ਹੂਆ ਹੂਆ ਮਦਪਾਨ ਔ ਬਸਯਾ ਗਮਨ ਆਦਿਕ ਅਪਕਰਮ ਕਰਨੇ ਲਾਗਾ। ਬੜਾ ਲਾਬਾਰ, ਵਾਚਾਲ, ਅਹੰਕਾਰੀ ਹੋ ਕੇ ਕਿਸੀ ਕੋ ਭੀ ਨਾ ਜਾਨਤਾ ਭਯਾ। ਜੈਸੇ ਸਹਿਬਜ਼ਾਦੇ ਸਿਖੋਂ ਕੋ ਘੂਰ ਤਾੜਕੇ ਦ੍ਰਬਯ ਲੈ ਲੇਤੇ ਥੇ ਤੈਸੇ ਸੁਨਿਆਰਾ ਭੇਖੀ ਭੀ ਗਰੀਬ ਸਿਖੋਂ ਕੋ ਅਧਿਕ ਪੀੜਤ ਕਰਕੇ, ਦ੍ਰਬਯ ਲੈ ਕੇ ਬੇਸਯਾ ਗਮਨਾਦਿਕ ਅਪਕਰਮ ਕਰਤਾ ਰਹੇ। ਜਬ ਤਿਸ ਕੋ ਐਸੇ ਕਰਤੇ ਕੋ ਬਹੁਤ ਕਾਲ ਵਿਤੀਤ ਹੋ ਗਯਾ ਤਬ ਤਿਸਕੇ ਕਰਮ ਪਰਪਕ ਹੋ ਕੇ ਫਲ ਦੇਨੇ ਕੋ, ਸਨਮੁਖ ਹੂਏ। ਉਨ ਕਰਮੋਂ ਕਾ ਪ੍ਰੇਰਿਆ ਹੂਆ ਕਪਟੀ ਸੁਨਿਆਰਾ ਹਜ਼ੂਰ ਸਾਹਿਬ ਕੇ ਪਾਸ ਆਵਨੇ ਕੀ ਇਛਾ ਕਰਤਾ ਭਯਾ।

ਦੋ ਬੇਦੀ ਸਾਹਿਬਜ਼ਾਦੇ ਔ ਤੀਸਰਾ ਸੁਨਿਆਰਾ। ਸੁਨਿਆਰ ਭੇਖੀ ਕੇ ਮਨ ਮੇਂ ਆਈ ਕੇ ਜੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਾ ਅਵਤਾਰ ਹੋਵੇਂਗੇ ਸਾਹਿਬ ਤੋ ਮੇਰੇ ਕਪਟ ਕੋ ਅੰਤਰਯਾਮਿਤਾ ਸ਼ਕਤੀ ਸੇ ਜਾਨ ਲੇਵੇਂਗੇ। ਔ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਅਵਤਾਰ ਨਹੀਂ ਹੈਂ ਤੋ ਮੇਰੇ ਕਪਟ ਕੇ ਭੇਖ ਕੋ ਨਾ ਜਾਨ ਸਕੇਂਗੇ। ਔ ਸਾਹਿਬਜ਼ਾਦਯੋਂ ਕੇ ਸਮ ਮੇਰੀ ਪੂਜਾ ਕਰ ਦੇਵੇਂਗੇ। ਇਸ ਬਿਚਾਰ ਸੇ ਸਾਹਿਬਜ਼ਾਦਿਓਂ ਕੇ ਸਾਥ ਵੋ ਭੇਖੀ ਸੁਨਿਆਰਾ ਸ੍ਰੀ ਦਸਮੇਸ਼ ਕੇ ਹਜ਼ੂਰ ਆਵਤਾ ਭਯਾ।

— — —

ਤਬ ਸਾਹਿਬ ਨੇ ਆਦਰ ਕਰਕੇ ਉਨ ਦੋਨੋਂ ਸਾਹਿਬਜ਼ਾਦਿਓਂ ਕੋ ਆਪਣੇ ਪਰਯੰਕ ਪਰ ਬੈਠਾਇ ਲੀਆ। ਤਦ ਅਨੰਤਰ ਭੇਖੀ ਸੁਨਿਆਰੇ ਭੀ ਚਾਹਯਾ ਕੇ ਮੈਂ ਭੀ ਗੁਰੂ ਜੀ ਕੇ ਪਰਯੰਕ ਪਰ ਬੈਠੂੰ। ਜਬ ਵੋ ਪ੍ਰਯੰਕ ਪਰ ਬੈਠਨੇ ਵਾਸਤੇ ਸਿਰਹਾਨੇ ਕੀ ਓਰ ਹੋਵੇ ਤਬ ਸਾਹਿਬ ਭੀ ਸਰਹਾਨੇ ਕੀ ਓਰ ਹੋ ਜਾਵੈਂ। ਜਬ ਭੇਖੀ ਪਾਇਦ ਕੀ ਓਰ ਹੋਵੇ ਤਬ ਸਾਹਿਬ ਭੀ ਪਾਂਇਦ ਕੀ ਓਰ ਹੋ ਜਾਵੇਂ। ਜਬ ਦੋ ਤੀਨ ਵਾਰ ਐਸਾ ਹੀ ਹੂਆ ਤਬ ਵੋ ਕਪਟ ਭੇਸੀ ਸੁਨਿਆਰਾ ਹਾਰਕੇ ਵਿਚਾਰਾ ਮਸਨੰਦ ਪਰ ਹੀ ਬੈਠ ਜਾਤਾ ਭਯਾ।

ਜਬ ਕਾਰ ਭੇਟ ਦੇਨੇ ਕਾ ਸਮਾਂ ਹੂਆ ਤਬ ਹਜ਼ੂਰ ਨੇ ਤੀਨੋਂ ਕੋ ਪਾਂਚ ਪਾਂਚ ਸੈ ਰੁਪਯਾ ਔਰ ਏਕ ਏਕ ਦੁਸ਼ਾਲਾ ਤਥਾ ਏਕ ਏਕ ਘੋੜਾ ਦੇ ਕੇ ਭੇਖ ਕੇ ਪ੍ਰਤਾਪ ਸੇ ਕਪਟੀ ਭੇਖੀ ਕੀ ਭੀ ਸਾਹਿਬਜ਼ਾਦਿਆਂ ਕੇ ਸਮ ਪੂਜਾ ਕਰ ਕੇ ਬਿਦਾ ਕੀਆ।

ਜਬ ਚਲੇ ਗਏ ਆਪਣੀ ਆਪਣੀ ਬਾਂਛਤ ਦਿਸਾ ਕੋ ਸਾਹਿਬਜ਼ਾਦੇ ਔ ਸੁਨਿਆਰਾ ਭਿੰਨ ਭਿੰਨ ਤਬ ਸੁਨਿਆਰੇ ਭੇਖੀ ਕੇ ਮਨ ਮੇਂ ਅਤਿ ਅਸ਼੍ਰਧਾ ਉਤਪਤ ਹੋਤੀ ਭਈ। ਤਬ ਕਹਨੇ ਲਾਗਾ ਕੇ ਜੇ ਗੁਰੂ ਨਾਨਕ ਸਾਹਿਬ ਜੀ ਕਾ ਅਵਤਾਰ ਗੁਰੂ ਗੋਬਿੰਦ ਸਿੰਘ ਹੋਤਾ ਤਬ ਮੇਰੇ ਕਪਟ ਕੋ ਜਾਨ ਲੇਤਾ। ਨਹੀਂ ਜਾਨਿਆ ਮੇਰੇ ਕਪਟ ਕੋ ਯਾਂ ਤੇ ਗੁਰੂ ਨਾਨਕ ਸਾਹਿਬ ਕਾ ਅਵਤਾਰ ਨਹੀਂ ਹੈਂ। ਜੈਸੇ ਮੈਂ ਭੇਖ ਕਪਟ ਕਾ ਸਾਹਿਬਜ਼ਾਦਿਆਂ ਕਾ ਬਨਾਇ ਕੇ ਜਗਤ ਕੋ ਲੂਟ ਲੂਟ ਕੇ ਖਾਤਾ ਹੂੰ ਤੈਸੇ ਯਹ ਭੀ ਕਪਟ ਕੇ ਗੁਰੂ ਬਣਕੇ, ਭੇਖ ਧਾਰ ਕੇ ਸੰਸਾਰ ਕੋ ਲੂਟ ਲੂਟ ਕੇ ਖਾਤੇ ਹੈਂ। ਅਰ ਗੁਰੂ ਗਰੂ ਕੋਈ ਨਹੀਂ ਹੈ। ਐਵੇਂ ਦਬ ਦਬਾਉ ਹੀ ਬਣਾ ਹੂਆ ਹੈ। ਔ ਜੋ ਇਨ ਕੇ ਪਾਸ ਰਹਨੇ ਵਾਲੇ ਲੋਕ ਹੈਂ ਸੋ ਕੁਸ਼ਾਮਦੀ ਟੁਕੜ ਗੁਦਾਈ ਹੈਂ। ਝੂਠੇ ਹੀ ਆਪਣੇ ਗੁਜ਼ਾਰੇ ਵਾਸਤੇ ਉਡਾਏ ਦੀਓ ਹੈ ਕੇ ਬੜੇ ਕਰਾਮਾਤ ਸਾਹਿਬ ਹੈਂ। ਝੂਠਿਆਂ ਹੀ ਕਰਾਮਾਤਾਂ ਕੇ ਨਾਮ ਲੈ ਲੈ ਕੇ ਲੋਕੋਂ ਕੋ ਭਰਮਾਇ ਭਰਮਾਇ ਪ੍ਰੇਰ ਪ੍ਰੇਰ ਲੈ ਆਵਤੇ ਹੈਂ। ਔਰ ਕਰਾਮਾਤਾਂ ਆਜ ਕਲ ਕਹਾਂ ਧਰੀ ਹੈਂ ਐਸੇ ਐਸੇ ਅਤਿ ਅਸ਼ਰਧਾ ਕੇ ਸੰਕਲਪ ਵਿਕਲਪ ਆਪਣੇ ਮਨ ਮੇਂ ਕਰਤਾ ਜਾਤਾ ਥਾ।

ਇਧਰ ਸ੍ਰੀ ਗੁਰੂ ਦਸਮੇਸ਼ ਜੀ ਨੇ ਵਿਚਾਰਯਾ ਆਪਣੇ ਮਨ ਮੇਂ ਕੇ ਹਮ ਨੇ ਤੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੇ ਭੇਖ ਕੇ ਆਦਰ ਸਤਿਕਾਰ ਵਾਸਤੇ ਭੇਖ ਕਾ ਮਾਨ ਰਖਨੇ ਲੀਏ ਸਾਹਿਬਜ਼ਾਦੋਂ ਕੇ ਸਮ ਹੀ ਪੂਜਾ ਕਰਦੀ ਥੀ, ਦੂਸਰਾ ਭੇਖ ਕੇ ਪ੍ਰਤਾਪ ਲਿਹਾਜ਼ ਕਰਕੇ ਸਾਹਿਬ ਨੇ ਇਸ ਕਾ ਪੜਦਾ ਜ਼ਾਹਿਰ ਨਹੀਂ ਕੀਆ ਥਾ। ਤੀਸਰਾ ਜਬ ਹਮ ਨੇ ਆਪਣੇ ਪ੍ਰਯੰਕ ਪਰ ਬੈਠਨੇ ਨਹੀਂ ਦੀਆ ਥਾ ਤਬ ਮੂੜ੍ਹ ਨਾ ਜਾਨਤਾ ਭਯਾ। ਔ ਆਪਣੇ ਮਨ ਮੇਂ ਮਹਾਂ ਗਰਬ ਕੋ ਪ੍ਰਾਪਤ ਹੋਤੇ ਭਯੇ ਹੈ। ਯਹ ਨੀਚ ਬਹੁਤੇ ਹੀ ਲੋਕੋਂ ਕੋ ਇਸ ਪ੍ਰਕਾਰ ਅਸ਼ਰਧਾ ਕੇ ਬਚਨ ਸੁਨਾਇ ਕੇ, ਮੇਰੇ ਸਿਖੋਂ ਕੇ ਚਿਤ ਮੇਂ ਅਸ਼ਰਧਾ ਕੋ ਉਤਪੰਨ ਕਰਕੇ, ਨਰਕ ਕੋ ਲੈ ਜਾਇ ਗਾ। ਯਾ ਤੇ ਸੁਨਿਆਰਾ ਅਵਸ਼ਯ ਡੰਡ ਕੇ ਯੋਗ ਹੈ। ਐਸੇ ਵੀਚਾਰ ਕੇ ਹਜ਼ੂਰ ਨੇ ਆਪਣੇ ਸਮੀਪ ਦੋ ਅਸਵਾਰ ਬੁਲਾਇ ਕੇ, ਉਨ ਕੋ ਸਮਝਾਇ ਕੇ, ਸੁਨਾਰੇ ਕੇ ਪੀਛੇ ਭਜਾਇ ਦੀਆ। ਕੇ ਆਦਰ ਸੇ ਕਹਿ ਕੇ ਹਮਾਰੇ ਪਾਸ ਲੈ ਆਓ। ਜੋ ਨਾ ਆਵੈ ਤੋ ਬਿਲਾ ਤਕਰਾਰ ਬਾਂਧ ਕੇ ਲੈ ਆਨਾ। ਹਜ਼ੂਰ ਕਾ ਹੁਕਮ ਮਾਨ ਕਰ, ਪਾਂਚ ਸਾਤ ਕੋਸ ਪਰ ਸਿਖ ਜਾਇ ਮਿਲੇ। ਜਬ ਸਿਖੋਂ ਨੇ ਤਿਸ ਸੇ ਕਹਯਾ ਤਬ ਕਪਟੀ ਕੇ ਮਨ ਮੇਂ ਆਪਣੇ ਕਪਟ ਪਾਪ ਕੀ

ਬਾਤ ਤੁਰੰਤ ਹੀ ਖੁਟਕ ਗਈ। ਤਬ ਸਿੰਘੋਂ ਕੋ ਕੁਛ ਉਰਾ ਪਰਾ ਕਰਨੇ ਲਾਗਾ। ਤਬ ਸਿੰਘੋਂ ਨੇ ਕਹਿਯਾ ਜੋ ਭਲਾ ਮਾਨਸ ਬਣ ਕੇ ਚਲਾ ਚਲੋਂ ਤੋ ਅਛੀ ਬਾਤ ਹੈ। ਨਹੀਂ ਤੋ ਬੇਇਜ਼ਤ ਕਰ ਕੇ ਲੈ ਜਾਵਾਂਗੇ।

ਐਸੇ ਸਿੰਘੋਂ ਕੇ ਕਠੋਰ ਬਚਨ ਸੁਣ ਕੇ, ਤਿਤ ਸੁਨਿਆਰੇ ਕੇ ਦੋਨੋਂ ਸੇਵਕ ਤੋ ਭਾਗ ਗਏ। ਔਰ ਸੁਨਾਰੇ ਨੇ ਭੀ ਉਨ ਕੋ ਅਪਨਾ ਕਾਲ ਰੂਪ ਜਾਨ ਲੀਆ। ਜੈਸੇ ਯਮਦੂਤ ਪਾਪੀ ਜੀਵ ਕੋ ਆਗੇ ਲਾਇ ਲੇਤੇ ਹੈਂ ਤਦ ਵਤ ਭੇਖੀ ਸੁਨਾਰੇ ਕੋ ਭੀ ਆਗੇ ਲਾਇਕੇ ਗੁਰੂ ਕੇ ਸਿੰਘ ਲੇ ਚਲੇ ਹੈਂ।

ਜਾਇ ਕੇ ਸਾਹਿਬ ਕੇ ਹਜ਼ੂਰ ਖੜਾ ਕਰ ਕੇ ਅਰਜ਼ ਕਰੀ : 'ਸਚੇ ਪਾਤਸ਼ਾਹ ਜਿਸ ਕੇ ਲਯਾਨੇ ਵਾਸਤੇ ਹਮ ਕੋ ਹਜ਼ੂਰ ਨੇ ਭੇਜਾ ਥਾ ਸੋ ਸਣੇ ਘੋੜੇ ਔਰ ਰੁਪੈ ਕੇ ਹਾਜ਼ਰ ਹੈ।' ਤਬ ਬਚਨ ਹੂਆ ਕੇ ਇਸ ਕੀ ਸੇਹਲੀ ਟੋਪੀ ਉਤਾਰ ਕਰ ਲੈ ਆਵੋ। ਤਬ ਸਿੰਘੋਂ ਨੇ ਤਿਸ ਦੰਭੀ ਸੁਨਾਰੇ ਕੀ ਸੇਹਲੀ ਟੋਪੀ ਉਤਾਰ ਕੇ ਸਾਹਿਬ ਕੇ ਹਾਜ਼ਰ ਕਰੀਂ। ਤਬ ਤਿਸ ਸੇਹਲੀ ਟੋਪੀ ਕੋ ਨਮਸਕਾਰ ਕਰਕੇ ਬੜੇ ਆਦਰ ਸੇ ਆਪਣੇ ਸਰਹਾਨੇ ਰੱਖ ਕੇ ਪੁਨ: ਹੁਕਮ ਦੀਆ ਕੇ ਇਸ ਕੋ ਜੂਤੀ ਮੇਂ ਸੇ ਮਾਰ ਕੇ ਮਸੰਦੋਂ ਕੀ ਗਤੀ ਕੋ ਪ੍ਰਾਪਤ ਕਰੋ। ਸਿੰਘੋਂ ਨੇ ਤੈਸੇ ਹੀ ਕੀਆ। ਪਨਾਹੀ ਸੇ ਮਾਰ ਮਾਰ ਕੇ। ਪੁਨ: ਤਿਸ ਕੇ ਮੁਰਦੇ ਕੋ ਘਸੀਟ ਖਡ ਮੇਂ ਫੈਂਕ ਦੀਆ। ਤਬ ਸਾਹਿਬ ਨੇ ਇਕ ਦੋਹਰਾ ਬੋਲਿਆ—

ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸ ਕੀਨ ॥
ਅੰਤ ਕਾਲ ਕਾਤੀ ਕਟਿਓ, ਬਾਸ ਨਰਕ ਮੋ ਲੀਨ ॥ ੧ ॥

ਜਬ ਤਿਸ ਭੇਖੀ ਸੁਨਿਆਰੇ ਕੋ ਗੁਰੂ ਜੀ ਨੇ ਮਰਵਾਇ ਦੀਆ। ਤਬ ਅਗਿਆਨੀ ਲੋਕੋਂ ਮੇਂ ਯੇ ਪ੍ਰਸਿੱਧ ਹੂਆ ਕੇ ਸ੍ਰੀ ਗੁਰੂ ਜੀ ਪ੍ਰਥਮ ਬੇਦੀ ਸਾਹਿਬਜ਼ਾਦੋਂ ਕੀ ਯਥਾਯੋਗ ਪੂਜਾ ਕਰ ਕੇ ਪੁਨਾ ਪੀਛੇ ਪੂਜਾ ਖੋਸ ਲੇਤੇ ਹੈਂ ਔਰ ਸਾਹਿਬਜ਼ਾਦੇ ਕੋ ਮਰਵਾਇ ਦੇਤੇ ਹੈਂ। ਸਰਬ ਬੇਦੀ ਸਾਹਿਬਜ਼ਾਦਿਓਂ ਮੇਂ ਯੇ ਬਾਤ ਪ੍ਰਸਿੱਧ ਹੋ ਜਾਤੀ ਭਈ।

ਅਬ ਮਾਰੇ ਡਰ ਕੇ ਕੋਈ ਭੀ ਸਾਹਿਬਜ਼ਾਦਾ ਬੇਦੀ ਹਜ਼ੂਰ ਕੇ ਦਰਸ਼ਨ ਅਰਥ ਅਰਵਾ ਕਾਰ ਭੇਟ ਲੇਨੇ ਅਰਥ ਨਹੀਂ ਆਤੇ ਹੈਂ।

ਜਬ ਕਬੀ ਆਗੇ ਸਾਹਿਬ ਸ਼ਿਕਾਰ ਖੇਲਨੇ ਕੋ ਦੂਣ ਮੇਂ ਜਾਤੇ ਥੇ ਤਬ ਸੰਤੋਖ ਗਢ ਨਾਮ ਸੇ ਪ੍ਰਸਿੱਧ (ਊਨੇ ਸਾਹਿਬ ਕੇ ਔਰ ਅਨੰਦਪੁਰ ਸਾਹਿਬ ਕੇ ਮਧਯ ਮੇਂ ਹੈ) ਤਿਸਕੇ ਜੰਗਲ ਮੇਂ ਬਾਬਾ ਕਲਾਧਾਰੀ ਜੀ ਔਰ ਸਾਹਿਬ ਦਸਵੇਂ ਪਾਤਸ਼ਾਹ ਜੀ ਕਾ ਮੇਲਾ ਹੂਆ ਕਰਤਾ ਥਾ। ਤਿਸ ਅਸਥਾਨ ਪੇ ਮਿਲਨੇ ਕਾ ਦੋਨੋਂ ਸਾਹਿਬੋਂ ਕਾ ਸੰਕੇਤ ਥਾ। ਤਹਾ ਜੰਗਲ ਮੇਂ ਦੋਨੋਂ ਸਾਹਿਬੋਂ ਨੇ ਅਨੇਕ ਪ੍ਰਕਾਰ ਕੇ ਬਿਲਾਸ ਕੁਰਨੇ ਔਰ ਤਹਾਂ ਹੀ ਅਨੇਕ ਪ੍ਰਕਾਰ ਕੇ ਸੁੰਦਰ ਸਵਾਦੂ ਪ੍ਰਸ਼ਾਦ ਬਨਵਾਇ ਕੇ ਛਕਣੇ, ਸ਼ਿਕਾਰ ਖੇਲਤੇ, ਕਬੀ ਕਬੀ ਚੋਪੜ ਸ਼ਤਰੰਜ ਕੀ ਬਾਜ਼ੀ ਭੀ ਖੇਲਤੇ ਥੇ। ਜੈਸੇ ਸ੍ਰੀ ਵਸ਼ਿਸ਼ਟ ਔਰ ਸ੍ਰੀ ਰਾਮ ਜੀ ਸੋਭਤੇ ਥੇ ਤਦਵਤ ਸੋਭਤੇ ਭਏ। ਜਬ ਭੇਖੀ ਸਾਹਿਬਜ਼ਾਦੇ ਕੇ ਮਾਰਣੇ ਕੀ ਬਾਤ ਬਾਬਾ ਕਲਾਧਾਰੀ ਜੀ ਨੇ ਸੁਨ ਪਾਈ ਤਬ ਬਡੇ ਅਸਚਰਜ ਕੋ ਪ੍ਰਾਪਤ ਹੋ ਕੇ ਰਿਦੇ ਮੈਂ ਵਿਚਾਰਤੇ ਭਯੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੀ ਗਾਦੀ ਪਰ ਬੈਠ ਕੇ ਕਿਥੋ ਜਗ ਮੇ ਮਹਾਂ ਪੂਜਾ ਕੋ ਪ੍ਰਾਪਤ ਹੋਤੇ, ਅਬ ਪ੍ਰਮਾਦੀ ਹੋ ਗਏ ਹੈਂ।—

ਐਸੋ ਕੌਨ ਭਯੋ ਜਗ ਮਾਹੀਂ ॥ ਪ੍ਰਭੁਤਾ ਪਾਇ ਜਾਸ ਮਦ ਨਾਹੀਂ ॥

ਕਾਰ ਭੇਟ ਕਾ ਲੇਨਾ ਤੋ ਕਹੂੰ ਰਹਯੋ ਅਬ ਦਰਸ਼ਨ ਪਰਸ਼ਨ ਸੇ ਭੀ ਰਹੇ। ਇਸ ਵਿਚਾਰ ਮੇ ਬਾਬਾ ਜੀ ਬਡੀ ਸੋਚ ਮੇਂ ਰਹਨੇ ਲਾਗੇ। ਇਧਰ ਸ੍ਰੀ ਦਸਮੇਸ਼ ਜੀ ਭੀ ਵੀਚਾਰ ਮਨ ਮੇਂ ਕੀਆ ਕੇ ਬਹੁਤ ਦਿਨ ਭਯੇ ਹੈਂ ਜੋ ਬਾਬਾ ਕਲਾਧਾਰੀ ਜੀ ਅਬ ਕਾਹੇ ਨਹੀਂ ਆਤੇ ਹੈਂ। ਕਯਾ ਕਾਰਨ ਹੈ? ਜੋ ਨਹੀਂ ਆਏ ਹੈਂ? ਐਸੇ ਵੀਚਾਰ ਕੇ ਪੁਨ; ਅੰਤਰ ਯਾਮਤਾ ਸੇ ਸਭੀ ਬਾਤ ਜਾਨ ਕੇ ਪੁਨਾ ਸ੍ਰੀ ਗੁਰੂ ਜੀ ਆਖੇਰ ਕਰਨੇ ਕੇ ਬਹਾਨੇ ਏਕ ਦਿਨ ਚਲੇ।

ਉਧਰ ਬਾਬੇ ਕਲਾਧਾਰੀ ਜੀ ਕਾ ਚਿਤ ਭੀ ਪ੍ਰੇਰਯਾ ਜਾਤਾ ਭਯਾ ਕੇ ਚਲੋਂ ਸਾਹਿਬ ਕਾ ਦਰਸਨ ਪਰਸਨ ਤੋ ਕਰੀਏ । ਐਸੇ ਬੀਚਾਰ ਸੇ ਬਾਬਾ ਕਲਾਧਾਰੀ ਜੀ ਭੀ ਅਸਵਾਰ ਹੋ ਕੇ ਬਨ ਕੀ ਓਰ ਉਠ ਧਾਏ । ਇਸ ਓਰ ਸ੍ਰੀ ਗੁਰੂ ਜੀ ਭੀ ਸਿਕਾਰ ਖੇਲਤੇ ਹੂਏ, ਬਨ ਮੇਂ ਚੀਤ, ਰੋਝ, ਸਿਆਰ, ਮ੍ਰਿਗ ਪੁਚਰ, ਮ੍ਰਿਗਾਦਿਕ ਘਨੇ ਹੀ ਜੀਵੋਂ ਕੋ ਮਾਰਾ, ਜਿਸ ਜਿਸ ਕੋ ਤਿਸ ਬਡਭਾਗ ਜੀਵ ਕੋ ਮਾਰਾ, ਸੰਸਾਰ ਰੂਪੀ ਸਮੁੰਦਰ ਸੇ ਪਾਰ ਕਰ ਦੀਆ, ਅਰਥਾਤ ਜਨਮ ਮਰਣ ਰੂਪ ਸਮੁੰਦਰ ਸੇ ਪਾਰ ਕਰਕੇ ਤਿਸ ਜੀਵ ਕੋ ਬੈਕੁੰਠ ਗਾਮੀ ਕਰ ਦੀਆ । ਤਹਾ ਤਿਸੀ ਬਨ ਮੇਂ ਦੋਨੋਂ ਸਾਹਿਬੋਂ ਕਾ ਮੇਲ ਹੋ ਜਾਤਾ ਭਯਾ । ਸ੍ਰੀ ਗੁਰੂ ਨਾਨਕ ਸਾਹਿਬ ਜੀ ਕੀ ਅੰਸ ਜਾਨ ਕੇ ਬਡੇ ਪ੍ਰੇਮ ਸੇ ਬਾਬੇ ਕਲਾਧਾਰੀ ਜੀ ਕੋ ਸਾਹਿਬ ਸ੍ਰੀ ਦਸਮੇਸ਼ ਜੀ ਨਮਸਕਾਰ ਕਰਤੇ ਭਏ । ਪੁਨਾ ਬਚਨ ਹਜ਼ੂਰ ਨੇ ਕੀਆ ਕਹੁ ਬਾਬਾ ਜੀ ਆਜ ਆਪ ਕਾ ਬਹੁਤ ਦਿਨ ਪੀਛੇ ਦਰਸਨ ਹੂਆ ਹੈ । ਇਸ ਮੇਂ ਕਿਆ ਕਾਰਨ ਹੈ ? ਆਪ ਦਰਸਨ ਨਹੀਂ ਦੇਤੇ ਹੈਂ । ਹਮਾਰੀ ਓਰ ਸੇ ਆਪ ਕਿਓਂ ਉਪਰਾਮ ਹੋ ਗਏ ਹੈਂ ?

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਬਚਨ ਸੁਣ ਕੇ, ਬਾਬੇ ਕਲਾਧਾਰੀ ਜੀ ਨੇ ਮਨ ਮੇਂ ਖੁਨਸਾਇ ਕੇ ਉਤਰ ਦੀਆ ਕੇ ਹਾਂ ਸਾਹਿਬ ਜੀ ਹਮ ਆਪ ਕੇ ਊਪਰ ਬਹੁਤ ਨਰਾਜ਼ ਹੈਂ ਔਰ ਆਪ ਕਾ ਪ੍ਰਣਾਮ ਭੀ ਹਮ ਕੋ ਅੰਗੀਕਾਰ ਨਹੀਂ ਹੈ ।

ਹਜ਼ੂਰ ਨੇ ਬਚਨ ਕੀਆ ਐਸਾ ਹਮ ਸੇ ਕਿਆ ਅਪਰਾਧ ਭਯਾ ਹੈ । ਜਿਸ ਕਰਕੇ ਆਪ ਹਮਾਰਾ ਪ੍ਰਣਾਮ ਭੀ ਅੰਗੀਕਾਰ ਨਹੀਂ ਕਰਤੇ ? ਔਰ ਅਨੰਦਪੁਰ ਮੇਂ ਭੀ ਆਪ ਨੇ ਆਨਾ ਜਾਨਾ ਤਿਆਗ ਦੀਆ ਹੈ ਜੋ ਹਮ ਸੇ ਅਪਰਾਧ ਬਨ ਪਰਯੋ ਹੈ ਤਿਸ ਕੋ ਆਪ ਪ੍ਰਗਟ ਕਰਕੇ ਕਹੋ ।

ਤਬ ਬਾਬੇ ਕਲਧਾਰੀ ਨੇ ਕਿਹਾ ਕੇ ਆਪ ਪ੍ਰਥਮ ਬੇਦੀ ਸਾਹਿਬਜ਼ਾਦੇ ਕੋ ਸ੍ਰੀ ਗੁਰੂ ਨਾਨਕ ਜੀ ਕਾ ਸਰੂਪ ਜਾਨ ਕੇ ਸਤਿਕਾਰ ਪੂਰਬਕ ਪੂਜਾ ਕਰਕੇ, ਬਿਦਾ ਕਰਤੇ ਥੇ, ਔ ਅਬ ਆਪ ਨੇ ਉਲਟੀ ਨਈ ਚਾਲ ਪਕੜੀ ਹੈ । ਜੋ ਪ੍ਰਥਮ ਬੇਦੀ ਸਾਹਿਬ ਕੀ ਪੂਜਾ ਕਰਕੇ ਪੁਨਾ ਪੂਜਾ ਖੋਸ ਲੇਤੇ ਹੋ ਔ ਬੇਦੀ ਕੋ ਮਰਵਾਇ ਦੇਤੇ ਹੋ ।

ਤਬ ਸਾਹਿਬ ਨੇ ਬਚਨ ਕੀਆ ਵਾਹਿਗੁਰੂ 2 ਸਾਹਿਬ ਜੀ ਹਮ ਤੋ ਬੇਦੀ ਸਾਹਿਬਜ਼ਾਦੋਂ ਕੋ ਸ੍ਰੀ ਗੁਰੂ ਨਾਨਕ ਜੀ ਕਾ ਸਰੂਪ ਜਾਣਕੇ ਤਦਵਤ ਹੀ ਪੂਜਾ ਕਰਤੇ ਹੈਂ । ਯੇਹ ਕਿਸੀ ਪਿਸਨ ਨੀਚ ਨੇ ਆਪ ਕੇ ਮਨ ਮੇਂ ਸ਼ਕ ਡਾਰਯੋ ਹੈ । ਹਮ ਨੇ ਤੋ ਆਜ ਪ੍ਰਯੰਤ ਅਭਿਲਾਖਿਤ ਖੋਟੀ ਦ੍ਰਿਸਟੀ ਕਰਕੇ ਭੀ ਨਹੀਂ ਦੇਖਯੋ ਹੈ ਮਾਰਣੋ ਤੋ ਦੂਰ ਰਹਯੋ ।

ਬਾਬੇ ਕਲਾਧਾਰੀ ਜੀ ਨੇ ਪੁਨਾ ਕਹਯੋ ਕੇ ਜਿਸ ਦਿਨ ਸੇ ਆਪ ਨੇ ਏਕ ਬੇਦੀ ਸਾਹਿਬਜ਼ਾਦੇ ਕੋ ਪ੍ਰਥਮ ਪੂਜ ਕੇ ਪੁਨਾ ਸਭ ਕੁਛ ਉਸ ਕਾ ਖੋਸ ਕੇ ਮਰਵਾਇ ਦੀਓ ਹੈ । ਉਸ ਦਿਨ ਸੇ ਹਮ ਨੇ ਅਨੰਦਪੁਰ ਮੇਂ ਆਨਾ ਜਾਨਾ ਛੋੜ ਦੀਓ ਹੈ । ਹਮ ਕਿਆ ਉਸ ਦਿਨ ਸੇ ਆਪ ਕੇ ਪਾਸ ਕੋਈ ਭੀ ਸਾਹਿਬਜ਼ਾਦਾ ਨਹੀਂ ਆਯੋ ਹੈ । ਪ੍ਰਥਮ ਆਪ ਨੇ ਸਰਬ ਮਸੰਦ ਮਰਵਾਏ ਦੀਏ ਹੈਂ ਅਬ ਆਪ ਨੇ ਬੇਦੀ ਸਾਹਿਬਜ਼ਾਦਾ ਮਰਵਾਏ ਦੀਆ ਹੈ । ਯੇ ਬੜਾ ਅਨੁਚਿਤ ਆਪ ਨੇ ਕਰੀ ਹੈ । ਇਸ ਵਾਸਤੇ ਸਰਬ ਬੇਦੀ ਬੰਸ ਕੇ ਮਨ ਮੇਂ ਬਡੀ ਭਾਰੀ ਗਿਲਾਨੀ ਉਤਪਤ ਹੋਏ ਆਈ ਹੈ । ਕਹਤੇ ਹੈ ਕਿ ਅਬ ਸਤਿਗੁਰੂ ਜੀ ਨੇ ਕਿਆ ਬਾਤ ਮਨ ਮੇਂ ਠਹਿਰਾਈ ਹੈ । ਹਮ ਲੋਗੋਂ ਕੋ ਮਹਾਰਾਜ ਜੀ ਕੇ ਅਭਿਪ੍ਰਾਯ ਕੀ ਕੁਛ ਸਮਝ ਨਹੀਂ ਪਰਤੀ ਹੈ । ਇਸ ਸੇ ਹਮ ਆਪਸੇ ਪੂਛਤੇ ਹੈਂ ਯੇ ਆਪ ਨੇ ਬੇਦੀਓਂ ਕੇ ਮਰਵਾਇ ਦੇਨੇ ਕਾ ਕਯਾ ਬਿਚਾਰ ਠਹਿਰਾਯੋ ਹੈ ?

ਐਸੀ ਐਸੀ ਬਾਤ ਬਾਬੇ ਕਲਾਧਾਰੀ ਜੀ ਕੀ ਸੁਣ ਕੇ ਸ੍ਰੀ ਗੁਰਵਾਚ :—

ਹੇ ਸਾਹਿਬ ਜੀ ! ਹਮ ਤੋ ਬੇਦੀ ਸਾਹਿਬਜ਼ਾਦੋਂ ਕੋ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਰੂਪ ਜਾਨਤੇ ਹੈਂ । ਸਤਗੁਰੂ ਸਮਝਤੇ ਹੈਂ । ਮਰਵਾਣੇ ਤੋਂ ਦੂਰ ਰਹਯੋ ਹਮ ਤੋ ਕਭੀ ਬੇਦੀ ਸਾਹਿਬਜ਼ਾਦੇ ਕੀ ਓਰ ਊਂਚੀ ਦ੍ਰਿਸ਼ਟ ਪਸਾਰ ਕੇ ਭੀ

ਨਹੀਂ ਦੇਖਤੇ ਹੈਂ। ਯੇ ਸਾਹਿਬਜ਼ਾਦੇ ਕੋ ਮਰਵਾਇ ਦੇਨੇ ਕੀ ਪਰਮ ਅਨੁਚਿਤ ਬਾਤ ਆਪ ਨੇ ਕਿਆ ਕਹੀ ਹੈ। ਸਾਹਿਬ ਜੀ ਆਪ ਤੋ ਤਰੈਕਾਲ ਦਰਸੀ ਹੋ ਆਪ ਨੈਕ ਅੰਤਰ ਮੁਖ ਹੋ ਕੇ, ਦੇਖੋ ਤੋ ਸਹੀ ਜੋ ਜਿਸ ਕੋ ਹਮ ਨੇ ਮਰਵਾਇ ਦੀਓ ਹੈ ਵੋ ਕਿਸ ਘਰਾਨੇ ਕਾ ਥਾ ? ਸਾਹਿਬ ਜੀ ਵੋ ਸੁਨਿਆਰਾ ਥਾ ਕਪਟ ਕਾ ਭੇਖ ਸਾਹਿਬਜ਼ਾਦੇ ਕਾ ਬਨਾਇਕੇ ਆਯਾ ਥਾ। ਤਥਾ ਹਮ ਨੇ ਹਜ਼ੂਰ ਕੇ ਭੇਖ ਕੀ ਦੂਸਰੇ ਸਾਹਿਬਜ਼ਾਦੋਂ ਕੇ ਸਮ ਪੂਜਾ ਕਰ ਦਈ ਥੀ। ਪੁਨਾ ਕਪਟੀ ਅਪਨੇ ਮਨ ਮੇਂ ਗਰਬ ਕਰ ਕੇ ਕਹਿਨੇ ਲਾਗਾ ਤੋ ਯੇ ਗੁਰੂ ਗੋਬਿੰਦ ਸਿੰਘ ਸ੍ਰੀ ਗੁਰੂ ਜੀ ਕਾ ਅਵਤਾਰ ਹੋਤਾ ਤਬ ਮੇਰੇ ਕਪਟ ਰੂਪ ਕਰਮ ਕੋ ਜਾਨ ਲੇਤਾ। ਨਹੀਂ ਜਾਨ ਸਕਿਆ ਯਾ ਤੇ ਗੁਰੂ ਜੀ ਕਾ ਅਵਤਾਰ ਨਹੀਂ ਹੈ, ਕਿੰਤੂ, ਸ੍ਰੀ ਗੁਰੂ ਨਾਨਕ ਦੇਵ ਜੀ ਕਾ ਅਵਤਾਰ ਆਪ ਕੋ ਕਹਾਇ ਕੇ ਲੋਕੋਂ ਸੇ ਪੂਜਾਵਤੋ ਹੈ। ਜੈਸੇ ਮੈਂ ਦਾਂਭਿਕ ਕਪਟ ਭੇਖੀ ਹਾਂ ਤੈਸੇ ਯੇ ਭੀ ਹੈ। ਇਸ ਪ੍ਰਕਾਰ ਕੇ ਅਸ਼ਰਧਾ ਕੇ ਵਾਕ ਸੁਣਾਇਕੇ ਯੇ ਦੁਸ਼ਟ ਹਜ਼ਾਰੋਂ ਸਿਖ ਲੋਕੋਂ ਕੋ ਗੁਰੂ ਸੇ ਬੇਮੁਖ ਕਰ ਕੇ ਨਰਕ ਕੋ ਲੈ ਜਾਤੋਂ। ਇਸ ਵਿਚਾਰ ਸੇ ਹਮ ਨੇ ਤਿਸ ਕੋ ਮਰਵਾਇ ਦੀਓ ਹੈ। ਸਾਹਿਬ ਜੀ ਬੇਦੀ ਸਾਹਿਬ ਕੇ ਤੋ ਹਮ ਦਾਸ ਹੈਂ। ਆਪ ਨੈਕ ਸਮਾਧਿ ਮੇਂ ਅਸਥਿਤ ਹੋਇ ਦੇਖੋ ਤੋ ਸਹੀ।

ਇਸ ਪ੍ਰਕਾਰ ਸੇ ਸ੍ਰੀ ਦਸਮੇਸ਼ ਜੀ ਕੇ ਬਚਨ ਸੁਣ ਕੇ ਬਾਬਾ ਕਲਾਧਾਰੀ ਜੀ ਸਮਾਧੀ ਮੇਂ ਆਪ ਇਸਥਿਤ ਹੋ ਕੇ ਤਿਸ ਸੁਨਿਆਰੇ ਕੀ ਕਿਰਤ ਕੋ ਦੇਖਨੇ ਲਾਗੇ। ਧਯਾਨ ਕਰ ਸਾਰੀ ਬੇਦੀ ਕੁਲ ਕੇ ਬਾਲ, ਬ੍ਰਿਧ ਪ੍ਰਯੰਤ ਦੇਖ ਲੀਏ। ਕੋਈ ਬੇਦੀ ਕਾ ਵੋ ਪੁੱਤਰ ਪੌਤਰ ਨਾ ਨਿਕਲਾ। ਤਬ ਬਾਬੇ ਕਲਾਧਾਰੀ ਜੀ ਨੇ ਜਾਨ ਲੀਆ ਜੋ ਯਥਾਰਥ ਸੁਨਾਰਾ ਹੀ ਥਾ।

ਕਪਟੀ ਦੰਭੀ ਜਾਨ ਕੇ ਪੁਨਾ ਸ੍ਰੀ ਗੁਰੂ ਜੀ ਸੇ ਬਚਨ ਕੀਆ ਹੇ ਪ੍ਰਭੂ ਜੇ ਆਪ ਨੇ ਜਾਨ ਭੀ ਲੀਆ ਥਾ ਤਥਾਪੀ ਸ੍ਰੀ ਗੁਰੂ ਨਾਨਕ ਜੀ ਕਾ ਭੇਖ ਜਾਨ ਕੇ ਅਦਬ ਰਖਨਾ ਥਾ।

ਸ੍ਰੀ ਗੁਰੋ ਵਾਚ :—

ਹੇ ਪ੍ਰਭੂ ਜੀ ! ਸ੍ਰੀ ਗੁਰੂ ਨਾਨਕ ਜੀ ਕਾ ਭੇਖ ਸੇਹਲੀ ਟੋਪੀ ਹੈ ਸੋ ਹਮ ਨੇ ਪ੍ਰਥਮ ਹੀ ਉਤਾਰ ਕੇ ਬਡੇ ਅਦਬ ਸੇ ਨਮਸਕਾਰ ਕਰਕੇ ਅਪਨੇ ਸਰਹਾਨੇ ਪਰ ਰੱਖ ਲਈ ਥੀ। ਔ ਤਿਸ ਕਪਟੀ ਕੋ ਭੇਖ ਕੇ ਪ੍ਰਭਾਵ ਸੇ ਹੀ ਸੰਸਾਰ ਕੇ ਬੰਧਨੋਂ ਸੈ ਮੁਕਤ ਕਰ ਦੀਓ ਹੈ।

ਦੋਹਿਰਾ

ਤਬ ਬਾਬੇ ਜੀ ਮਨ ਠਈ ਪੂਰਨ ਗੁਰ ਗੋਬਿੰਦ ॥
ਗੁਰ ਨਾਨਕ ਕੀ ਜੋਤਿ ਹੈਂ, ਸਤਿ ਚਿਤ੍ਰ ਆਨੰਦ ਕੰਦ ॥ ੧ ॥

ਕਬਿੱਤ

ਕਲਾਧਾਰੀ ਗਯਾਨੀ ਗੁਰੂ ਨਾਨਕ ਪ੍ਰਮਾਨੀ ਜੋਤਿ,
ਅੰਤਰ ਧਯਾਨੀ ਗੁਰੂ ਪਾਇਨ ਮੇ ਧਰਾ ਸੀਸ।
ਤਬੈ ਗੁਰੂ ਹਾਈ ਸੀਸ ਹਾਥੋਂ ਪੇ ਉਠਾਈ,
ਬਚ ਐਸੇ ਹੂੰ ਅਲਾਈ ਰੀਤ ਉਲਟੀ ਨਾ ਕਰੋ ਈਸ ॥
ਏਕ ਤੁਮ ਬਡੇ ਗੁਰੂ ਨਾਨਕ ਕੀ ਅੰਸ਼ ਠੰਢੇ,
ਔਰ ਸਮਰਥ ਜਾਨੋ ਯੋਗ ਔ ਆਯੋਗ ਈਸ।
ਬਡੇ ਹੂੰ ਸੈ ਛੋਟੇ ਜਬ ਪਾਇਨ ਪੈ ਧਰਾਵੈ ਸੀਸ,
ਸਾਤੋ ਗੁਨ ਜਾਵੈ ਭਾਗ ਆਗ ਮੈਂ ਜਿਉਂ ਪਾਰੋ ਖੀਸ।

### ਦੋਹਿਰਾ

ਵਦਯਾ ਤੇਜ ਔ ਬੁਧਿ ਬਲ ਜਸ ਧਨ ਆਯੂਖ ਜਾਨ ।
ਸਾਤੋ ਨਸ਼ਟ ਏ ਹੋਤ ਹੈਂ ਗੰਗਾ ਉਲਟ ਪ੍ਰਮਾਨ ।

ਪੁਨਾ ਬਾਬੇ ਨੇ ਕਹਯਾ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਹੋ । ਸੋ ਬਿਨਾ ਜਾਨੇ ਮ ਆਪ ਕੇ ਵਿਖੇ ਦੋਸ ਅਰੋਪਨ ਕੀਓ ਹੈ ਯੋ ਹਮ ਸੇ ਬਡਾ ਭਾਰੀ ਅਪ੍ਰਾਧ ਬਨ ਪਰਯੋ ਹੈ । ਏਹ ਹਮਾਰਾ ਅਪ੍ਰਾਧ ਆਪ ਛਿਮਾ ਕਰੋ । ਆਪ ਸਾਖਿਆਤ ਈਸ੍ਵਰ ਰੂਪ ਹੋ ਔ ਸਦਾ ਅਭੁੱਲ ਹੋ ਹਮ ਜੀਵ ਸਦਾ ਸੇ ਭੂਲਨਹਾਰ ਹੈਂ ।

ਪੁਨਾ ਹਜ਼ੂਰ ਨੇ ਬਚਨ ਕੀਆ ਹੇ ਸਾਹਿਬ ਜੀ ਆਪ ਸ੍ਰੀ ਗੁਰੂ ਨਾਨਕ ਜੀ ਕੀ ਅੰਸ ਬੇਦੀਆਂ ਕੀ ਕੁਲ ਕੇ ਭੂਸ਼ਣ ਰੂਪ, ਆਪ ਵਿਖੇ ਕਉਨ ਦੋਖ ਅਰੋਪਨ ਕਰੈ, ਆਪ ਸਦਾ ਸਰਬਗਯ ਅਭੂਲ ਰੂਪ ਹੋ । ਆਪ ਔਰ ਸਭ ਜੀਵੋਂ ਕੇ ਔਗੁਨ ਬਖਸ਼ਨੇ ਯੋਗ ਹੋ । ਤਤਵੇਤਾ ਬ੍ਰਹਮ ਗਯਾਨੀ ਤਪਕੇ ਤੇਜ ਕਰ ਕੇ ਦੀਪ ਮਾਨ ਸਰਬ ਗੁਣੋਂ ਕੇ ਸਾਗਰ ਹੋ । ਆਪ ਕੋ ਕੋਨ ਬਖਸ਼ੇ । ਐਸੇ 2 ਉਸਤਤੀ ਕੇ ਵਚਨ ਕਹਿ ਕੇ ਬਾਬੇ ਕਲਾਧਾਰੀ ਜੀ ਕੇ ਚਰਨੋਂ ਪਰ ਮਥਾ ਟੇਕਨੇ ਲਾਗੇ । ਤਬ ਬਾਬਾ ਜੀ ਬੜੀ ਸ਼ੀਘ੍ਰਤਾ ਸੇ ਸ੍ਰੀ ਗੁਰੂ ਜੀ ਕਾ ਸੀਸ ਬੜੇ ਆਦਰ ਸੇ ਆਪਨ ਹਾਥ ਮੇ ਲੈ ਕੇ, ਬਚਨ ਕਰਤੇ ਭਏ । ਹੇ ਪ੍ਰਭੂ ਆਪ ਸ੍ਰੀ ਗੁਰੂ ਨਾਨਕ ਜੀ ਕੀ ਗਾਦੀ ਪੈ ਥਿਤ ਹੋ ਕੇ ਐਸੀ ਅਯੋਗ ਬਾਤ ਨਾ ਕਰੋ । ਪੁਨਾ :

ਹਜ਼ੂਰ ਨੇ ਬਚਨ ਕੀਆ ਏਕ ਤੋ ਆਪ ਸ੍ਰੀ ਗੁਰੂ ਜੀ ਕੀ ਅੰਸ ਹੋ, ਪੁਨਾ ਬ੍ਰਹਮ ਗਯਾਨ ਆਦਿਕ ਗੁਣੋਂ ਕੇ ਭੰਡਾਰ ਹੋ ਬ੍ਰਿਧ ਹੋ ਇਸ ਸੇ ਆਪ ਕੋ ਪ੍ਰਣਾਮ ਕਰਨੇ ਕੋ ਹਮਾਰੋ ਹੀ ਅਧਿਕਾਰ ਹੈ ਆਪ ਕਾ ਨਹੀਂ । ਇਸ ਰੀਤੀ ਸੇ ਪਰਸਪਰ ਨਿੰਮਰਤਾ ਔ ਉਸਤਤੀ ਵਚਨ ਸੁਣ ਕੇ ਬਡੇ ਪ੍ਰਸੰਨ ਬਦਨ ਹੋ ਕੇ ਔਰ ਭੀ ਅਨੇਕ ਪ੍ਰਕਾਰ ਕੇ ਸ੍ਰੀ ਗੁਰੂ ਜੀ ਕੀ ਕਥਾ ਰੂਪ ਬਚਨ ਬਾਬੇ ਜੀ ਕੇ ਮੁਖਾਰਬਿੰਦ ਸੇ ਸੁਣ ਕੇ ਗਦ ਗਦ ਵਾਕ ਹੋ ਜਾਤੇ ਭਏ । ਪ੍ਰੇਮ ਸੇ ਸ੍ਰੀ ਗੁਰੂ ਜੀ ਕੇ ਨੇਤ੍ਰ ਕਮਲੋਂ ਸੇ ਨੀਰ ਚਲਨੇ ਲਾਗ ਪਰਾ । ਸ੍ਰੀ ਗੁਰੂ ਨਾਨਕ ਜੀ ਕੇ ਅਦਭੁਤ ਚਰਿਤਰ ਸੁਣ ਸੁਣ ਕੇ ਕਭੀ ਤੋ ਗੁਰੂ ਜੀ ਸਮਾਧੀ ਮੇਂ ਲੀਨ ਹੋ ਜਾਵੇਂ ਜੈਸੇ ਕੋਈ ਗ੍ਰੀਖਮ ਰਿਤੁ ਕੀ ਘਾਮ ਸੇ ਭੈਭੀਤ ਹੂਆ 2 ਅੰਮ੍ਰਿਤ ਕੇ ਮਹਾ ਸ਼ੀਤਲ ਕੁੰਡ ਮੇ ਟੁਬਕੀ ਲਗਾਏ ਕੇ ਬੀਚ ਹੀ ਮਗਨ ਹੋ ਕੇ ਬੈਠ ਰਹੇ । ਕਿਸੀ ਵੇਲੇ ਬਾਹਰ ਸਿਰ ਨਿਕਾਸ ਕੇ ਸੰਸਾਰ ਕੋ ਤਪਤੇ ਹੂਏ ਦੇਖ ਕੇ ਪੁਨਾ ਅੰਮ੍ਰਿਤ ਕੇ ਕੁੰਡ ਮੇਂ ਟੁਬਕੀ ਲਗਾਇ ਲੇਵੇ, ਤਦਵਤ ਕਭੀ ਸਮਾਧੀ ਮੇਂ ਇਸਥਿਤ ਹੋ ਜਾਤੇ ਹੈਂ ਕਭੀ ਉਥਾਨ ਹੋ ਜਾਤੇ ਹੈਂ ।

### ਚੌਪਈ

ਗੁਰੂ ਨਾਨਕ ਕੇ ਇਤਹਾਸ । ਬਾਬਾ ਉਚਰੇ ਪ੍ਰੇਮ ਹੁਲਾਸ ।
ਸੁਨ ਸੋਢੀਸਸੁ ਪ੍ਰੇਮ ਅਧੀਰਾ । ਗਦ ਗਦ ਕੰਠ ਨੈਨ ਵਹੇ ਨੀਰਾ ।
ਲਗੇ ਸਮਾਧਿ ਬਹੁਰ ਸੁਧਿਆਵੈ । ਸ੍ਰੀ ਮੁਖ ਸੇ ਗੁਰਪੁਨਾ ਅਲਾਵੈ ।
ਗੁਰੁ ਨਾਨਕ ਜੀ ਆਨੰਦ ਕੰਦ । ਬੇਦਿ ਬੰਸ ਕੇ ਮੁਕਟ ਮਨਿੰਦ ।
ਕੌਨ ਕਹੇ ਉਪਮਾ ਤਿਨਕੇਰੀ । ਤੀਨ ਲੋਕ ਪਟ ਤਰ ਨਹੀਂ ਹੇਰੀ ।
ਤਿਸ ਕੁਲ ਪਾਵਨ ਤੁਮ ਅਵਤਰੇ । ਗਯਾਤ ਗਯਾਨਨ ਕੋ ਸਮਧਰੇ ।
ਸੁਨ ਕੇ ਬਾਬੇ ਭਏ ਪ੍ਰਸੰਨ । ਕਹਿਤ ਗੁਰੂ ਜੀ ਤੁਮ ਧੰਨ ਧੰਨ ।
ਮਾਨ ਬੜੋ ਹਮਰੋ ਤੁਮ ਕੀਨੋਂ । ਮਮ ਅਵਗੁਨ ਨਹੀਂ ਮਨਧਰ ਲੀਨੋ ।

ਇਸ ਪ੍ਰਕਾਰ ਕੀ ਬੇਦੀ ਸਾਹਿਬ ਕੀ ਨਿੰਮਰਤਾ ਦੇਖ ਕੇ ਸਾਹਿਬ ਦਸਵੇਂ ਪਾਤਸ਼ਾਹ ਜੀ ਪ੍ਰਸੰਨ ਹੋ ਕੇ ਬਚਨ ਕਰਤੇ ਭਏ :—

ਹੇ ਬਾਬਾ ਜੀ, ਜੋ ਆਪ ਕੀ ਇਛਾ ਹੋਵੇ ਸੋ ਮਨ ਵਾਂਛਤ ਵਰ ਮਾਂਗ ਲੇਵੋ। ਹਜ਼ੂਰ ਕੇ ਇਸ ਪ੍ਰਕਾਰ ਕੇ ਸ੍ਰੀ ਅਨੁਕੂਲਤਾ ਕੇ ਬਚਨ ਸੁਣ ਕੇ ਬਾਬੇ ਕਲਾਧਾਰੀਓ ਵਾਚ :—ਹੇ ਪ੍ਰਭੂ ਜੀ, ਆਪ ਜੇ ਪ੍ਰਥਮ ਪ੍ਰਤਗਯਾ ਕਰੋ ਕੇ ਜੋ ਆਪ ਵਰ ਮਾਗੋਗੇ ਹਮ ਉਹੀ ਵਰ ਦੇਵੇਂਗੇ। ਇਸ ਮੇਂ ਮੋੜ ਨਾਂ ਕਰੇਂਗੇ ਤਬ ਹੀ ਮਾਂਗਤੇ ਹਾਂ। ਨਹੀਂ ਆਪ ਕਾ ਬਖਸ਼ਿਆ ਹੂਆ ਸਭੀ ਕੁੱਛ ਹੈ। ਕਿਸੀ ਬਾਤ ਕੀ ਕਮਤੀ ਨਹੀਂ ਹੈ। ਐਸੀ ਰੀਤੀ ਕੇ ਬੇਦੀਸ਼ ਕੇ ਬਚਨ ਸੁਣ ਕੇ ਸ੍ਰੀ ਗੁਰੋ ਵਾਚ :—

ਸ੍ਰੀ ਗੁਰੂ ਨਾਨਕ ਜੀ ਕੀ ਆਨ ਕਰਕੇ ਹਮ ਕਹਿਤੇ ਹੈਂ ਹੇ ਬਾਬਾ ਜੀ ਹਮਰੇ ਅਦੇਸ਼ ਕੋਈ ਭੀ ਪਦਾਰਥ ਨਹੀਂ ਹੈ ਜੋ ਹਮ ਆਪ ਕੋ ਨਹਿ ਦੇ ਸਕੇਂ ਜੋ ਵਰ ਆਪ ਮਾਂਗੋਗੇ ਹਮ ਉਹੀ ਬਚਨ ਆਪ ਕੋ ਪੂਰਨ ਕਰੇਂਗੇ। ਜਬ ਸਤਿਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਜੀ ਕੀ ਆਨ ਕਰਕੇ ਬਚਨ ਕੀਆ ਤਬ ਤਾਤ ਕਾਲ ਹੀ ਬਾਬੇ ਨੇ ਬੜੀ ਨਿੰਮਰਤਾ ਪੂਰਬਿਕ ਅਤੀ ਅਧੀਨਗੀ ਸੇ ਦੋਨੋਂ ਹਾਥ ਜੋੜ ਕਰ ਇਹ ਵਰ ਮਾਂਗਿਯਾ :—

ਬਾਬਾ ਕਲਾਧਾਰੀਓ ਵਾਚ :—

ਹੇ ਭਗਵਾਨ, ਆਪ ਭਗਤ ਵਤਸਲ ਹੋ, ਯੁਗ ੨ ਵਿਖੇ ਆਪਨੇ ਭਗਤੋਂ ਕੀ ਪੈਜ ਰਖਤੇ ਆਏ ਹੋ, ਪੂਰਨ ਪ੍ਰਤਗਯ ਹੋ, ਯਦਯਤੀ ਧਰਮ ਸ਼ਾਸ਼ਤ੍ਰ ਮੇਂ ਇਸਤਰੀ ਸਰਬਥਾ ਅਬਧ ਹੈ ਤਥਾਪੀ ਆਪਨੀ ਪ੍ਰਤਗਯਾ ਪੂਰਨ ਕਰਨ ਅਰਥ ਔ ਅਪਨੇ ਭਗਤ ਦੇਵਤਾ ਲੋਕੋਂ ਕੀ ਰਖਯਾ ਅਰਥ ਆਪ ਨੇ ਭ੍ਰਿਗੂ ਰਿਖੀ ਕੀ ਇਸਤਰੀ ਕਾ ਸੁਕਰ ਜੀ ਕੀ ਮਾਤਾ ਕਾ ਸੁਦਰਸ਼ਨ ਚਕਰ ਸੇ ਸਿਰ ਕਾਟ ਦੀਆ ਥਾ। ਪੁਨ: ਆਪ ਨੇ ਪਰਮ ਭਗਤ ਭ੍ਰਿਗੂ ਜੀ ਕਾ ਬਚਨ ਸਤਿ ਕਰਨੇ ਅਰਥ ਇਸਤਰੀ ਦਾ ਵਿਯੋਗ ਰੂਪ ਸਰਾਪ ਭ੍ਰਿਗੂ ਰਿਖੀ ਦਾ ਦੀਆ ਹੂਆ ਆਪ ਅੰਗੀਕਾਰ ਕਰਤੇ ਭਏ। ਜੋ ਸ੍ਰੀ ਰਾਮ ਅਵਤਾਰ ਹੋ ਕੇ ਇਸਤਰੀ ਕਾ ਵਿਯੋਗ ਆਯੂ ਭਰ ਕਾ ਸਹਾਰਯਾ ਆਪਨੇ ਦਯਾ ਕਰ ਕੇ ਆਪਨੇ ਭਗਤ ਨਾਮ ਦੇਵ ਜੀ ਕੇ ਵਾਸ ਤੇ ਦੇਹੁਰਾ ਫੇਰ ਦੀਆ ਥਾ। ਜਿਸ ਓਰ ਪਾਂਡੇ ਆਰਤੀ ਕਰਤੇ ਥੇ ਤਿਸ ਓਰ ਮੰਦਰ ਕੀ ਪੀਠ ਕਰਦੀ ਔ ਨਾਮ ਦੇਵ ਜੀ ਕੀ ਓਰ ਮੰਦਰ ਕਾ ਮੁਖ ਕਰ ਦੀਆ ਥਾ। ਪ੍ਰਹਲਾਦ ਆਦਿ ਅਨੰਤ ਭਗਤੋਂ ਕੀ ਆਪ ਪੈਜ ਸਦਾ ਸੇ ਹੀ ਰਖਤੇ ਆਏ ਹੋ। ਸੋ ਜੇ ਆਪ ਹਮਾਰੇ ਊਪਰ ਪ੍ਰਸੰਨ ਹੋ ਔ ਵਰ ਦੇਤੇ ਹੋ ਤਬ ਵਰੋਂ ਮੇਂ ਸੇ ਹਮ ਕੋ ਏ ਏਹੀ ਵਰ ਦੇਵੋ ਜੋ ਆਪ ਬੇਦੀ ਕੁਲ ਕੋ ਪੁਨ: ਪਵਿਤਰ ਕਰੋ ਮੇਂ ਆਪ ਕੀ ਸੁੰਦਰ ਬਾਲ ਵਿਅਕਤੀ ਕੋ ਗੋਦ ਮੇਂ ਖਿਲਾਊਂ ਅਰਥਾਤ ਹਮਾਰੇ ਗ੍ਰਹਿ ਮੇਂ ਆਪ ਅਵਤਾਰ ਧਾਰੋ। ਬਹੁਤ ਹੀ ਚਿਰ ਭਇਓ ਹੈ ਬੇਦੀ ਕੁਲ ਕੋ ਤਿਆਗੇ ਕੋ। ਸੋ ਅਬ ਪੁਨਾ ਆਪ ਬੇਦੀ ਕੁਲ ਰੂਪੀ ਆਕਾਸ਼ ਮੇ, ਚੰਦਰਮਾ ਉਦੇ ਹੋਵੇ। ਆਪ ਕੀ ਕ੍ਰਿਪਾ ਦ੍ਰਿਸ਼ਟੀ ਸੇ ਔ ਧਨ ਪਦਾਰਥ ਦਾਸ ਦਾਸੀਆਂ ਖੇਤਰ ਮਿਲਖ ਸਿਖੀ ਸੇਵਕੀ ਰਿਧੀ ਸਿਧੀ ਕੀ ਕੁਛ ਪਰਵਾਹ ਨਹੀਂ ਹੈ। ਐਸੇ ਵ੍ਰਰਦਾਨ ਯਾਚਨੇ ਸੇ ਅਨਅੰਤਰ ਹਜ਼ੂਰ ਨੇ ਬਚਨ ਕੀਆ ਕਿ ਅੱਛਾ ਬਾਬਾ ਜੀ ਜੇ ਆਪ ਹਮ ਸੇ ਖੇਡ ਮੇਂ ਚੌਪਟ ਕੀ ਬਾਜ਼ੀ ਜੀਤ ਜਾਵੋ ਤਬ ਹਮ ਨੇ ਆਪ ਕੋ ਏਹੀ ਵਰ ਦੀਆ।

ਐਸੇ ਸਾਹਿਬ ਕੇ ਬਚਨ ਕੋ ਬਾਬੇ ਕਲਾਧਾਰੀ ਜੀ ਨੇ ਸੁਣ ਕੇ ਕਹਯਾ ਤਥਾਸਤਿ, ਜੈਸੇ ਆਪ ਕੀ ਆਗਯਾ ਹੈ ਤੈਸੇ ਹੀ ਹੋਵੇ। ਇਤਨੇ ਮੇਂ ਹਜ਼ੂਰ ਕੀ ਆਗਿਯਾ ਅਨੁਸਾਰ ਕਹਾ, ਬ੍ਰਿਛੋਂ ਕੀ ਸੰਘਨੀ ਛਾਇਆ ਕੇ ਨੀਚੇ ਮਸਨੰਦ ਕੇ ਊਪਰ ਚੌਪਟ ਵਿਛਾ ਦੀਆ ਸੇਵਕੋਂ ਨੇ। ਤਬ ਖੇਲਨੇ ਕੇ ਆਰੰਭ ਮੇਂ ਬਾਬੇ ਕਲਾਧਾਰੀ ਜੀ ਨੇ ਆਪਨੇ ਮਨ ਹੀ ਮਨ ਮੇਂ ਸ੍ਰੀ ਗੁਰੂ ਜੀ ਕਾ ਅਰਾਧਨ ਕੀਤਾ ਔ ਸੁਖਨਾ ਭੀ ਸੁਖੀ। ਹੇ ਅੰਤਰਜਾਮੀ ਗੁਰੂ, ਗਰੀਬਨਿਵਾਜ਼ ਦੀਨ ਬੰਧੂ, ਹੇ ਭਗਤ ਵਤਸਲ ਜੇ ਆਪ ਹਜ਼ੂਰ ਅਪਨੇ ਬਚਨ ਸੇ ਆਪ ਨੇ ਹੀ ਪ੍ਰਥਮ ਏਹ ਬਚਨ ਕੀਆ ਹੈ ਬਾਜੀ ਜੀਤ ਜਾਸੋ ਹਮਾਰੀ, ਤੋ ਕੋਈ ਸਮਰਥ ਨਹੀਂ ਹੈ ਆਪ ਸੇ ਬਾਜੀ ਜੀਤਨੇ ਕੀ ਆਪ ਹੀ ਕ੍ਰਿਪਾ ਕਰ ਕੇ ਬਾਜ਼ੀ ਜਿਤਾਓ। ਤਬ ਹਮ ਸਵਾ ਪਾਂਚ ਸੌ ਰੁਪੈ ਕੜਾਹ ਪ੍ਰਸਾਦ ਕਾ ਹਜ਼ੂਰ ਕੋ ਭੋਗ ਲਗਾਏ ਕੇ ਹਜ਼ੂਰ ਕੇ ਪਰਮ ਪਿਆਰੇ ਅਭਯਾਗਤੋਂ ਕੋ ਛਕਾਏਂਗੇ। ਇਸੀ ਪ੍ਰਕਾਰ ਸੇ ਅਪਨੇ ਮਨ ਮੇਂ ਸ੍ਰੀ ਗੁਰੂ ਜੀ ਕੋ ਮਨਾਏ ਕੇ ਹਜ਼ੂਰ ਕੇ ਸਾਥ ਖੇਲਨੇ ਲਗੇ।

ਤਬ ਪਹਿਲੀ ਬਾਜ਼ੀ ਬਾਬੇ ਕਲਾਧਾਰੀ ਜੀ ਸੇ ਜੀਤ ਕੇ ਸ੍ਰੀ ਦਸਮੇਸ਼ ਜੀ ਨੇ ਕਿੰਚਤ ਹੱਸ ਕੇ ਬਚਨ ਕੀਆ ਕੇ ੧੯

ਬਾਬਾ ਜੀ ਅਬ ਆਪ ਬ੍ਰਿਧ ਹੋ ਗਏ ਹੈਂ ਅਬ ਆਪ ਸੇ ਖੇਲਾ ਨਹੀਂ ਜਾਤਾ। ਤਬ ਬਾਬੇ ਨੇ ਕਹਯਾ ਕਿ ਸਾਹਿਬ ਜੀ ਆਪ ਚਲ ਕੇ ਆਏ ਹੈਂ ਇਸ ਸੇ ਏਕ ਬਾਜ਼ੀ ਆਪ ਕੇ ਆਦਰ ਕੇ ਲੀਏ ਆਪ ਕੀ ਭੇਟਾ ਕਰੀ ਹੈ। ਅਬ ਕੇ ਜੀਤੋਗੇ ਤਬ ਜਾਨੋਂਗੇ।

ਇਤਨੇ ਮੇਂ ਦੋ ਬਾਜ਼ੀ ਭੀ ਹਜ਼ੂਰ ਬਾਬੇ ਸੇ ਜੀਤ ਗਏ, ਤਬ ਪੁਨ: ਸਾਹਿਬ ਨੇ ਬਚਨ ਕੀਆ ਕੇ ਬਾਬਾ ਜੀ ਆਪ ਬਹੁਤ ਬ੍ਰਿਧ ਭਏ ਹੋ। ਅਬ ਜਾਨੇ ਦੀਜੀਏ, ਪੁਨਾ: ਬਾਬੇ ਨੇ ਕਹਿਯੋ ਕਿ ਸਾਹਿਬ ਜੀ, ਆਪ ਸ੍ਰੀ ਗੁਰੂ ਨਾਨਕ ਜੀ ਕੀ ਗਾਦੀ ਪਰ ਬ੍ਰਿਾਜਮਾਨ ਹੋ ਇਸ ਸੇ ਯੇ ਦੋ ਬਾਜ਼ੀ ਆਪ ਕੀ ਨਜ਼ਰ ਕਰਤਾ ਹੂੰ। ਅਬ ਕੇ ਆਪ ਨੇ ਬੜੀ ਹੁਸ਼ਿਆਰੀ ਸੇ ਖੇਲਨਾ ਅਬ ਕੀ ਬਾਜ਼ੀ ਲੇ ਲੇਵੇਂਗੇ। ਐਸੇ ਆਪਸ ਮੇਂ ਬਚਨ ਬਿਲਾਸ ਕਰ ਕੇ ਊਪਰ ਸੇ ਤੋ ਬਾਬਾ ਜੀ ਸ੍ਰੀ ਗੁਰੂ ਜੀ ਕੇ ਸਾਥ ਖੇਲਤੇ ਹੈਂ ਅਰ ਜਿਦ ਜਿਦ ਕੇ ਗੋਟਾਂ ਮਾਰਤੇ ਹੈਂ ਔ ਮਨ ਮੇਂ ਕਹਿਤੇ ਹੈਂ ਹੇ ਅੰਤਰ ਯਾਮੀ, ਹੇ ਦੀਨ ਬੰਧੂ, ਹੇ ਭਗਤ ਵਤਸਲ, ਹੇ ਪਤਿਤ ਉਧਾਰਨ, ਹੇ ਭਗਵਤ, ਹੇ ਤੁਰਕ ਤਮ ਕੇ ਨਾਸ ਕਰਤਾ, ਸੂਰਯ ਰੂਪ ਹੇ ਘਟ ਘਟ ਵਾਸੀ, ਹੇ ਸਰਬ ਵਿਆਪੀ, ਹੇ ਅੰਤਰ ਯਾਮੀ, ਹੇ ਘਟ ਘਟ ਗਾਮੀ, ਹੇ ਸਤਿ ਪ੍ਰਤਗਯਾ, ਹੇ ਸਵਾਮਿਨ, ਹੇ ਸਰਬ ਨਿਵਾਸੀ, ਹੇ ਪਾਰਬ੍ਰਹਮ, ਸਰਬ ਭਗਤੋਂ ਕਾ ਸਰਬਸਵ ਸੰਤਾਂ ਜਨਾਂ ਕੋ ਆਸਰਾ, ਹੇ ਗੁਰੂ ਜੀ ਆਪ ਹੀ ਅਨੁਗ੍ਰਹਿ ਕਰ ਕੇ ਯੇ ਬਾਜ਼ੀ ਦੀਜੀਏ। ਮਨ ਕਰ ਕੇ ਪ੍ਰਾਰਥਨਾ ਭੀ ਕਰਤੇ ਹੈਂ ਔ ਖੇਲਤੇ ਭੀ ਜਾਤੇ ਹੈਂ। ਬਾਬਾ ਜੀ ਕਾ ਮਨ ਅਤਿ ਆਤੁਰ ਦੇਖ ਕੇ ਉਹ ਅਪਨਾ ਪਰਮ ਪਿਆਰਾ ਭਗਤ ਜਾਨ ਕੇ ਜੈਸੇ ਅਰਜਨ ਸਹਿਤ ਚੰਦਰਹਾਸ ਕੇ ਅਪਨੇ ਪ੍ਰੀਤਮ ਭਗਤ ਕੇ ਆਗੇ ਆਪ ਹਾਰ ਗਏ ਥੇ। ਤਦਵਤ ਬਾਬੇ ਜੀ ਕੇ ਆਗੇ ਵੀ ਸ੍ਰੀ ਦਸਮੇਸ਼ ਜੀ ਭੀ ਹਾਰ ਮਾਨ ਲੇਤੇ ਭਏ। ਆਪ ਅਪਨੇ ਪ੍ਰਤਗਯਾ ਕੀ ਪਾਲਨਾ ਕਰਤੇ ਹੋ ਯੇ ਆਪ ਕੋ ਬਿਰਦ ਹੀ ਹੈ। ਬਾਜ਼ੀ ਜੀਤ ਕੇ ਸ੍ਰੀ ਗੁਰੂ ਜੀ ਕੀ ਬਡੀ ਉਸਤਤੀ ਕਰਤੇ ਭਏ। ਵਾਰੰਵਾਰ ਮਨ ਕਰਕੇ ਪ੍ਰਣਾਮ ਕਰਤੇ ਭਏ। ਤਬ ਸ੍ਰੀ ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਬਾਬੇ ਜੀ ਕੋ ਅਤਿ ਹੀ ਪ੍ਰਸੰਨ ਹੋ ਕੇ ਵਰ-ਦਾਨ ਦੇਤੇ ਭਏ।

"ਜਾਹੁ ਬਾਬਾ ਜੀ ਬਾਜ਼ੀ ਜੀਤਨੇ ਸੇ ਆਪ ਕੇ ਹਮ ਬੇਟੇ ਅਜੀਤ ਸਿੰਘ ਕੇ ਘਰ ਅਵਤਾਰ ਧਾਰੇਂਗੇ। ਅਭੀ ਹਮ ਨੇ ਬਹੁਤ ਸੇ ਕਾਰਜ ਕਰਨੇ ਹੈਂ। ਜਿਤਨਾ ਚਿਰ ਹਮ ਇਸ ਦੇਸ਼ ਮੇਂ ਕੌਤਕ ਕਰਤੇ ਹੈਂ ਉਤਨਾ ਚਿਰ ਆਪ ਹਮਾਰੇ ਪਾਸ ਰਹਯਾ ਕਰੋ।"

ਉਸ ਦਿਨ ਸੇ ਬਾਬਾ ਕਲਾਧਾਰੀ ਜੀ ਹਜ਼ੂਰ ਕੇ ਪਾਸ ਹੀ ਰਹਨੇ ਲਾਗੇ। ਬਾਬਾ ਕਲਾਧਾਰੀ ਜੀ ਸਾਹਿਬ ਸੇ ਵਰਦਾਨ ਕੋ ਪ੍ਰਾਪਤ ਹੋ ਕੇ ਐਸੇ ਪ੍ਰਸੰਨ ਹੋਤੇ ਭਏ ਜੈਸੇ ਅਨੰਤ ਜਨਮ ਕੇ ਦਰਿਦਰੀ ਕੋ ਚਿੰਤਾਮਣੀ ਪ੍ਰਾਪਤ ਹੋਨੇ ਸੇ, ਪ੍ਰਸੰਨਤਾ ਹੋਤੀ ਹੈ। ਪ੍ਰਸੰਨਤਾ ਸੇ ਅਪਨੇ ਅੰਗ ਮੇਂ ਨਹੀਂ ਮਾਵਤੇ ਹੈਂ। ਤੈਸੇ ਬਾਬੇ ਜੀ ਆਪਨੇ ਅੰਗੋਂ ਮੇਂ ਨਾ ਸਮਾਵੇਂ। ਹਜ਼ੂਰ ਸੇ ਵਿਦਾ ਹੋਇ ਕੇ, ਊਨਾ ਸਾਹਿਬ ਨਗਰ ਮੇਂ ਆਇ ਕੇ, ਸਵਾ ਪਾਂਚ ਸੈ ਰੁਪੈ ਕਾ ਕੜਾਹ ਪ੍ਰਸ਼ਾਦ ਕਰਾਏ ਕੇ, ਬਡੇ ਪ੍ਰੇਮ ਸੇ ਅਤਿ ਉਤਕਟ ਸ਼ਰਧਾ ਔ ਪ੍ਰੀਤੀ ਕਰ ਕੇ ਗੁਰੂ ਜੀ ਕੋ ਭੋਗ ਲਗਾਏ ਕੇ ਪ੍ਰਸ਼ਾਦ ਵਰਤਾਇ ਦੇਤੇ ਭਏ। ਜਹਾਂ ਸ੍ਰੀ ਗੁਰੂ ਜੀ ਕਾ ਤੇ ਬਾਬੇ ਕਲਾਧਾਰੀ ਜੀ ਕਾ ਮੇਲ ਹੂਆ ਥਾ ਔ ਸੰਵਾਦ ਹੂਆ ਥਾ ਤਿਸ ਅਸਥਾਨ ਕਾ ਨਾਮ ਗੁਰਪਲਾਹ ਧਾਰ ਕੇ ਹਜ਼ੂਰ ਦਸਮੇਸ਼ ਜੀ ਅਪਨੇ ਮੁਖਾਰਵਿੰਦ ਸੇ ਵਰ ਪ੍ਰਦਾਨ ਦੇਤੇ ਭਏ। ਸ੍ਰੀ ਗੁਰੋ ਵਾਚ :—

ਹੇ ਬਾਬਾ ਜੀ! ਜੋ ਕੋਈ ਸ਼ਰਧਾ ਕਰ ਕੇ ਇਸ ਗੁਰੂ-ਪਲਾਹ ਕਾ ਦਰਸ਼ਨ ਕਰੇਗਾ। ਉਸ ਕੋ ਮੇਰੇ ਦਰਸ਼ਨ ਕਾ ਫਲ ਹੋਵੇਗਾ। ਕਾਹੇ ਤੇ ਜੋ ਤੁਮਾਰਾਂ ਹਮਾਰਾ ਈਹਾਂ ਸਮਾਗਮ ਹੂਆ ਹੈ। ਔਰ ਜੈਸੀ ਕੋਈ ਅਪਨੇ ਮਨ ਮੇਂ ਕਾਮਨਾ ਧਾਰ ਕੇ ਇਸ ਗੁਰੂ ਪਲਾਹ ਕੀ ਮਾਨਤਾ ਕਰੇਗਾ, ਦਰਸ਼ਨ ਕਰੇਗਾ, ਉਸ ਕੀ ਮਨਸਾ ਭੀ ਪੂਰਣ ਹੋਵੇਗੀ। ਐਸੇ ਬਚਨ ਕਰ ਕੇ ਪਰਸਪਰ ਪਰਮ ਪ੍ਰਸੰਨਤਾ ਪੂਰਬਿਕ ਅਪਨੇ ਅਪਨੇ ਡੇਰੇ ਕੋ ਏਕ ਵਾਰ ਚਲੇ ਜਾਤੇ ਭਏ। ਪੁਨਾ; ਬਾਬਾ ਜੀ ਹਜ਼ੂਰ ਕੇ ਪਾਸ ਹੀ ਰਹਿਤੇ ਭਏ। ਸਾਹਿਬ ਜੀ ਕਾ ਬਡਾ ਅਦਬ ਰਖਯਾ ਕਰੈਂ। ਇਸ ਰੀਤੀ ਸੇ ਜਬ ਕਿਤਨਾ ਕੁ ਕਾਲ ਵਿਤੀਤ

ਹੂਆ ਤਬ ਏਕ ਦਿਨ ਬਾਬੇ ਕਲਾਧਾਰੀ ਸਹਿਤ ਊਨੈ ਸਾਹਿਬ ਮੇਂ ਕ੍ਰਿਪਾ ਕਰ ਕੇ ਆਇ ਪ੍ਰਾਪਤ ਹੋਤੇ ਭਏ । ਤਬ ਬਾਬੇ ਕਲਾਧਾਰੀ ਜੀ ਨੇ ਭੀ ਹਜ਼ੂਰ ਕੀ ਸੇਵਾ ਕਰਕੇ ਪ੍ਰਸੰਨ ਕਰ ਲੀਏ । ਪੁਨਾ, ਸਾਹਿਬ ਛੋਟੇ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਕਾ ਜਹਾਂ ਕੂਪ ਹੈ ਤਹਾਂ ਡੇਰਾ ਕਰਤੇ ਭਏ । ਤਹਾਂ ਤਿਸ ਕੂਪ ਕੇ ਸਮੀਪ ਪ੍ਰਜੰਕ ਪਰ ਬਿਰਾਜਮਾਨ ਹੋਤੇ ਭਏ ਸਹਿਤ ਬਾਬੇ ਕਲਾਧਾਰੀ ਜੀ ਕੇ ।

ਸਾਹਿਬ ਪ੍ਰਤਿ ਬਾਬਾ ਕਲਾਧਾਰਯੂ ਵਾਚ :—ਹੇ ਗੁਰੂ ਜੀ ਜੋ ਆਪ ਨੇ ਵਰ ਪ੍ਰਦਾਨ ਕਾ ਬਚਨ ਕੀਆ ਥਾ ਸੋ ਉਸ ਬਚਨ ਕੋ ਪੂਰਨ ਕਰਣੋ ਚਾਹੀਏ, ਆਪ ਨੇ ਤੋ ਬੜੀ ਦੇਰ ਲਗਾਈ ਹੈ । ਅਬ ਆਪ ਬੇਦੀ ਕੁਲ ਰੂਪ ਅਕਾਸ਼ ਕੋ ਅਪਨੇ ਆਵਰ ਭਾਵ ਰੂਪ ਪ੍ਰਕਾਸ਼ ਕਰਕੇ, ਅੰਮ੍ਰਿਤ ਰੂਪੀ ਕਿਰਣੋਂ ਸੇ ਪੂਰਣ ਕਰੋ । ਜਿਸ ਕਾਰਜ ਵਾਸਤੇ ਹਮ ਨੇ ਯੇਹ ਅਵਤਾਰ ਧਾਰਯੋ ਹੈ । ਸੋ ਕਾਰਜ ਇਸ ਸਰੀਰ ਕਰ ਕੇ ਕਰਨੇ ਹੈਂ, ਅਬੀ ਸ਼ੀਘਰਤਾ ਨਾ ਕਰੋ, ਬਾਬਾ ਜੀ ਪੁਨਾ: ਬੇਦੀ ਬੰਸ ਮੇਂ ਅਵਤਰੈਂਗੇ, ਆਪ ਕੇ ਜੋ ਪੁਤਰ ਸ੍ਰੀ ਅਜੀਤ ਸਿੰਘ ਜੀ ਤਿਨ ਕੇ ਘਰ ਮੇਂ ਸ੍ਰੀ ਗੁਰੂ ਸਾਹਿਬ ਸਿੰਘ ਜੀ ਹਮਾਰਾ ਨਾਮ ਹੋਵੇਗਾ । ਜਹਾਂ ਤਹਾਂ ਸਿਖੋਂ ਕੀ ਸਹਾਇਤਾ ਕਰੇਂਗੇ । ਸਿਖੋਂ ਸੇ ਭਲੀ ਪ੍ਰਕਾਰ ਸੇ ਜ਼ਾਲਮ ਤੁਰਕੋਂ ਕਾ ਨਾਸ਼ ਕਰਾਵੇਂਗੇ । ਪੁਨ: ਔ ਬੜੋ ਤੇ ਜੋ ਮਧ ਮੇਰੋ-ਰੂਪ ਹੋਵੇਗੋ । ਔ ਪੂਰਣ ਆਯੁਰ, ਬਲ ਭੋਗੇਂਗੇ । ਜੋ ਜੋ ਕਾਰਜ ਇਸ ਸਰੀਰ ਕਰ ਕੇ ਕਰਨੇ ਹੈਂ ਸੋ ਭੀ ਸਰਵਣ ਕਰੋ । ਪ੍ਰਥਮ ਈਹਾਂ ਅਨੰਦਪੁਰ ਮੇਂ ਹਮ ਨੇ ਬੜੇ ਯੁੱਧ ਕਰਨੇ ਹੈਂ । ਪਰਬਤੀ ਰਾਜੇ ਔ ਜ਼ਾਲਮ ਤੁਰਕ ਕਈ ਲਾਖ ਕੋ ਮਾਰ ਕੇ ਧਰਤੀ ਕਾ ਭਾਰ ਦੂਰ ਕਰਨੋਂ ਹੈਂ । ਪੁਨ: ਸ੍ਰੀ ਕ੍ਰਿਸ਼ਨ ਚੰਦ ਕੇ ਸਮਾਨ ਅਪਨਾ ਬੰਸ ਔ ਸਰਬਸਵ ਯੁੱਧ ਮੇਂ ਸਮਾਪਤ ਕਰ ਕੇ ਮਾਲਵ ਦੇਸ ਕੋ ਜਾਇ ਤਾਰੇਂਗੇ । ਪੁਨ: ਔਰੰਗਜ਼ੇਬ ਕੋ ਮਾਰ ਕੇ ਪੁਨ: ਤਾਰਾ ਆਜ਼ਮ ਤਿਸ ਕੇ ਪੁਤਰ ਕੋ ਭੀ ਮਾਰ ਕੇ, ਤਦ ਅਨੰਤਰ ਬਹਾਦਰ ਸ਼ਾਹ ਕੋ ਬਾਦਸ਼ਾਹੀ ਦੇ ਆਪ ਦਖਣ ਦੇਸ਼ ਕੋ ਜਾਇ ਕੇ ਕਈ ਦਿਨ ਗੋਦਾਵਰੀ ਗੰਗਾ ਕੇ ਤੀਰ ਬਿਲਾਸ ਕਰ ਕੇ ਪੁਨ: ਇਸ ਸਰੀਰ ਕੋ ਅੰਤਰ ਧਯਾਨ ਕਰ ਕੇ, ਏਕ ਵਾਰ ਸਚ ਖੰਡ ਕੋ ਜਾਇ ਕੇ, ਪੁਨ: ਬੇਦੀ ਬੰਸ ਮੇ ਅਵਤਰੈਂਗੇ ।

ਐਸੇ ਬਾਬੇ ਕਲਾਧਾਰੀ ਜੀ ਕੋ ਭਾਵੀ ਕਥਾ ਸੂਚਨ ਕਰਾਇਕੇ ਪੁਨ: ਦਸਮੇਸ਼ ਜੀ ਨੇ ਬਚਨ ਕੀਆ, ਹੇ ਪ੍ਰਭੂ ਜੀ ਇਸ ਛੋਟੇ ਪਾਤਸ਼ਾਹ ਜੀ ਕੇ ਕੂਪ ਪਰ ਹਮ ਤੁਮ ਮਿਲ ਕੇ ਏਕ ਨਿਸ਼ਾਨੀ ਕਰੇਂ ਜੈਸੇ ਆਪ ਕੋ ਪ੍ਰਤੀਤ ਆ ਜਾਵੈ ਔ ਜਿਸ ਕਾ ਦਰਸ਼ਨ ਕਰਨ ਮਾਤਰ ਸੇ ਜੀਵ ਜਮ ਕੀ ਤਲਬ ਸੇ ਛੂਟ ਜਾਵੇਂਗੇ । ਐਸੇ ਬਚਨ ਕਰ ਕੇ ਪਾਂਚ ਗੁਠਲੀ ਆਮ ਕੀ ਮੰਗਾਤੇ ਭਏ ਔ ਏਕ ਗਲਗਲ ਕਾ ਬੂਟਾ ਭੀ ਮੰਗਵਾਏ ਕੇ ਸੋ ਦੋਨੋਂ ਮਿਲ ਕੇ ਤਿਸ ਕੂਪ ਕੇ ਊਪਰ ਲਗਾਏ ਦੇਤੇ ਭਏ । ਕੂਪ ਕੀ ਵਾਰਨੀ ਦਿਸ਼ਾ ਮੇਂ । ਤਦਨੰਤਰ ਯੇਵਰ ਦੇਤੇ ਭਏ ਜੋ ਕੋਈ ਸ਼ਰਧਾ ਭਗਤੀ ਕਰਕੇ, ਇਨ ਹਮਾਰੇ ਲਗਾਏ ਹੂਏ ਪਾਦਪੋਂ ਕਾ ਦਰਸ਼ਨ ਕਰੇਗੋ । ਮੇਰਾ ਧਯਾਨ ਕਰਕੇ ਪੰਚਾਮ੍ਰਿਤ ਕਰਾਏ ਕੇ ਵਰਤਾਵੇਂਗੇ । ਉਸ ਕੋ ਜਮ ਕਾ ਦਰਸ਼ਨ ਨਹੀਂ ਹੋਵੇਗੋ । ਅਰਥਾਤ ਉਹ ਗੁਰੂ ਜੀ ਕੀ ਪੁਰੀ ਮੇਂ ਅੰਤ ਕੋ ਪ੍ਰਾਪਤ ਹੋਵੇਗੋ । ਐਸੇ ਵਰਦਾਨ ਦੇ ਕੇ ਬਾਬਾ ਜੀ ਕੋ ਪ੍ਰਣਾਮ ਕਰ ਕੇ, ਸਾਹਿਬ ਸ੍ਰੀ ਅਨੰਦਪੁਰ ਕੋ ਗਮਨ ਕਰ ਜਾਤੇ ਭਏ ।

ਵਹੁ ਸ੍ਰੀ ਗੁਰੂ ਜੀ ਕੀ ਨਿਸ਼ਾਨੀ ਆਜ ਪੁਨੀਤ ਸ੍ਰੀ ਊਨੈ ਸਾਹਿਬ ਮੇਂ ਮੌਜੂਦ ਹੈ । ਸਿੱਖ ਸੈਂਕੜਾਂ ਦਰਸ਼ਨ ਕਰ ਕੇ ਮੰਨਤਾਂ ਚਾਹੁੰਦੇ ਹੈਂ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੈਸੇ ਜਿਸ ਕਾਰਨ ਸੇ ਪੁਨ: ਬੇਦੀ ਬੰਸ ਮੇਂ, ਸ੍ਰੀ ਗੁਰੂ ਸਾਹਿਬ ਸਿੰਘ ਜੀ ਰੂਪ ਕਰਕੇ ਅਵਤਰੇ ਹੈਂ ਸਾ ਕਥਾ ਜੈਸੇ ਬ੍ਰਿਧ ਗੁਰੂਆਂ ਕੇ ਮੁਖਾਰਬਿੰਦ ਸੇ ਸਰਵਣ ਕਰੀ ਹੈ ਸੋ ਤੋ ਹਮ ਨੇ ਸੁਨਾਇ ਦਈ ਹੈ ।

(ਉਪਰੋਕਤ ਸਾਰਾ ਪ੍ਰਸੰਗ "ਬੀਰ ਮ੍ਰਿਗੇਸ਼" ਗਰੰਥ ਵਿਚੋਂ ਹੂ-ਬ-ਹੂ ਲਿੱਤਾ ਹੈ । ਇਹ ਗਰੰਥਕਾਰ ਦੇ ਸ਼ੁਕਰਾਨ ਹਨ ।)

—o—

# 'ਖ਼ਾਲਸਾ ਧਰਮ ਸ਼ਾਸਤ੍ਰ'

ਅਨੁਸਾਰ

# ਗੁਰ ਅੰਸਾਂ ਦਾ ਦਰਜਾ ਅਤੇ ਮਾਨ

(ਉਕਤ ਪੁਸਤਕ ਦੇ ਪੰਨਾ 372 ਤੋਂ 377 ਤੱਕ ਦੀ ਹੂ-ਬ-ਹੂ ਨਕਲ)

(48) ਸ੍ਰੀ ਗੁਰੂ ਜੀ ਦੇ ਦਸ ਜਾਮੇ ਧਾਰਮਕ ਪਾਤਸ਼ਾਹ ਹੋਣੇ ਕਰਕੇ ਪਾਤਸ਼ਾਹੀ ਸੰਗਯਾ ਰਖਦੇ ਹਨ ਅਤੇ ਜੈਸੇ ਪਾਤਸ਼ਾਹ ਦੇ ਪੁੱਤ ਪੋਤੇ ਸ਼ਾਹਜ਼ਾਦੇ ਹੋਣ ਦੀ ਸੰਗਯਾ ਰਖਦੇ ਹਨ । ਇਸ ਪ੍ਰਕਾਰ ਦਸ ਪਾਤਸ਼ਾਹੀ ਸ੍ਰੀ ਜੀ ਦੇ ਪੁੱਤ ਪੋਤਰੇ ਸਾਹਿਬਜ਼ਾਦਿਆਂ ਦੀ ਸੰਗਯਾ ਰਖਦੇ ਹਨ ।

(49) ਪਾਤਸ਼ਾਹਾਂ ਦੇ ਅੰਸਾਂ ਸ਼ਾਹਜ਼ਾਦਿਆਂ ਦਾ ਦਰਜਾ ਅਤੇ ਮਾਨ ਦੋ ਪ੍ਰਕਾਰ ਦਾ ਹੁੰਦਾ ਹੈ । ਇਕ ਓਹ ਸ਼ਾਹਜ਼ਾਦੇ ਜੋ ਕੇਵਲ ਰਾਜ ਪੁਤਰ ਹੋਣ ਪਰ ਉਹਨਾਂ ਦਾ ਰਾਜ ਸਿੰਘਾਸਨ ਦੇ ਨਾਲ ਹਾਕਮੀ ਦਾ ਕੋਈ ਸੰਬੰਧ ਨਾ ਹੋਵੇ । ਦੂਜੇ ਉਹ ਸ਼ਾਹਜ਼ਾਦੇ ਜੋ ਰਾਜ ਸਿੰਘਾਸਨ ਦੇ ਨਾਲ ਸੰਬੰਧ ਰਖਕੇ ਕਿਸੀ ਦੇਸ਼ ਦੇ ਇਲਾਕੇ ਪਰ ਹਾਕਮੀ ਭੀ ਕਰਦੇ ਹੋਣ । ਸੋ ਓਹਨਾਂ ਦਾ ਆਦਰ ਮਾਨ ਕੇਵਲ ਸ਼ਾਹਜ਼ਾਦਗੀ ਦੇ ਦਰਜੇ ਦਾ ਇਕਹਿਰਾ ਹੈ ਅਤੇ ਇਹਨਾਂ ਦਾ ਆਦਰਮਾਨ ਇਕ ਸ਼ਾਹਜ਼ਾਦਗੀ ਦਾ ਅਤੇ ਦੂਜਾ ਹਾਕਮੀ ਦਾ ਦੂਹਰਾ ਹੈ ।

ਸੋ ਇਹੁ ਪ੍ਰਕਾਰ ਗੁਰ ਅੰਸਾਂ ਦੇ ਸਾਹਿਬਜ਼ਾਦਿਆਂ ਦਾ ਹੈ । ਇਕ ਉਹ ਸ਼ਾਹਜ਼ਾਦੇ ਜੋ ਕੇਵਲ ਸਾਹਿਬਜ਼ਾਦਗੀ ਦਾ ਹੀ ਦਰਜਾ ਰਖਦੇ ਹਨ ਪਰ ਸਿੱਖੀ ਦੇ ਪ੍ਰਚਾਰਕ ਨਾ ਹੋਣ ਕਰਕੇ ਗੁਰ-ਪਦਵੀ ਨਾਲ ਸੰਬੰਧੀ ਨਹੀਂ ਰਖਦੇ ।

ਦੂਜੇ ਉਹ ਹਨ ਜੋ ਗੁਰੂ ਪਦਵੀ ਦੇ ਨਾਲ ਸੰਬੰਧ ਰਖਦੇ ਹਨ । ਉਹ ਸੰਗਤਾਂ ਵਿਚ ਸਿੱਖੀ ਦੇ ਪ੍ਰਚਾਰ ਦਾ ਕੰਮ ਭੀ ਕਰਦੇ ਹਨ । ਜੋ ਆਪਣੇ 2 ਇਲਾਕਿਆਂ ਵਿਚ ਗੁਰੂ ਮੰਨੇ ਜਾਂਦੇ ਹਨ । ਇਹ ਗੱਦੀ ਨਸ਼ੀਨ ਹੋਣ ਕਰਕੇ ਦੂਹਰੇ ਆਦਰ ਦੇ ਅਧਿਕਾਰੀ ਹਨ । ਇਕ ਗੁਰੂ ਅੰਸ ਹੋਣ ਦੇ ਦਰਜੇ ਅਤੇ ਦੂਜੇ ਪ੍ਰਚਾਰਕ ਗੁਰੂ ਹੋਣ ਦਾ ਦਰਜਾ ਰਖਦੇ ਹਨ ।

(50) ਪ੍ਰਚਾਰਕ ਗੁਰੂ ਪੁਣੇ ਦਾ ਦਰਜਾ ਹਰ ਇਕ ਦਾ ਉਹਨਾਂ ਦੀ ਆਪਣੀ 2 ਘਟ ਵੱਧ ਹੈਸੀਅਤ ਪਰ ਹੈ । ਇਹ ਹੈਸੀਅਤ ਉਹਨਾਂ ਦੇ ਅਸਰ ਹੇਠਾਂ ਆਏ ਸਿੱਖਾਂ ਦੇ ਘਰਾਂ ਖ਼ਾਨਦਾਨਾਂ ਦੇ ਅੰਦਾਜ਼ਿਆਂ ਪਰ ਹੁੰਦੀ ਹੈ ।

(51) ਦਸ ਪਾਤਸ਼ਾਹ ਸ੍ਰੀ ਗੁਰੂ ਜੀ ਨੇ ਚਾਰ ਬੰਸ ਪਵਿਤਰ ਕੀਤੇ ਹਨ : (1) ਬੇਦੀ ਬੰਸ (2) ਤੇਹਣ ਬੰਸ (3) ਭੱਲੇ ਬੰਸ (4) ਸੋਢੀ ਬੰਸ । ਇਹ ਗੁਰੂ ਦੇ ਸਿੱਖਾਂ ਵਿਚ ਇਕੋ ਜੇਹੇ ਮਾਨ ਜੋਗ ਹਨ ਪਰ ਇਹਨਾਂ ਦਾ ਆਪੋ ਵਿਚ ਇਹ ਭਿੰਨ ਭੇਦ ਹੈ ਕਿ ਸੋਢੀ ਸਾਹਿਬਜ਼ਾਦਿਆਂ ਦਾ ਮਾਨ ਆਦਰ ਯੋਗ ਬੇਦੀ, ਤੇਹਣ ਅਤੇ ਭੱਲੇ ਤਿੰਨਾਂ ਬੰਸਾਂ ਦੇ ਸਾਹਿਬਜ਼ਾਦੇ ਹਨ ਅਤੇ ਭੱਲਿਆਂ ਕਰਕੇ ਮਾਨਯੋਗ ਬੇਦੀ ਅਤੇ ਤੇਹਣ ਬੰਸ ਦੇ ਤਥਾ ਹੀ ਤੇਹਣ ਕਰਕੇ ਆਦਰ ਯੋਗ ਬੰਸ ਦੇ ਸਾਹਿਬਜ਼ਾਦੇ ।

(52) ਸੋਢੀ ਸਾਹਿਬਜ਼ਾਦਿਆਂ ਵਿਚੋਂ ਪ੍ਰਿਥੀ ਚੰਦ ਦੀ ਅੰਸ ਦੀ ਸੰਗਯਾ ਮੀਣੇ ਹੈ ਅਤੇ ਧੀਰ ਮਲ ਜੀ ਦੀ ਅੰਸ ਧੀਰ ਮਲੀਏ । ਇਹ ਜੁਦਾ ਰੱਖੇ ਗਏ ਹਨ । ਗੁਰ ਗੱਦੀ ਦੇ ਨਾਲੋਂ ਆਕੀ ਹੋਣੇ ਕਰਕੇ ਇਹਨਾਂ ਦਾ ਖ਼ਾਲਸਾ ਪੰਥ ਦੇ ਨਾਲ ਮੇਲ ਬੰਦ ਹੈ ।

ਜਦ ਤਕ ਖੰਡੇ ਦੀ ਪਾਹੁਲ ਲੈਕਰ ਦਸ ਪਾਤਸ਼ਾਹੀ ਸ੍ਰੀ ਗੁਰੂ ਜੀ ਦੇ ਝੰਡੇ ਤਲੇ ਆਏ ਕਰ ਤਖ਼ਤਾਂ ਦੀ ਤਾਬਿਆ ਨਾ ਹੋਣ ਅਤੇ ਆਪਣੀ ਵਖਰੀ ਬਣਤ ਨੂੰ ਤਿਆਗ ਕਰ ਆਪਣੀ ਤਾਬਿਆ ਵਾਲੀ ਸੰਗਤ ਦਸਾਂ ਪਾਤਸ਼ਾਹੀਆਂ ਦੇ ਤਾਬਿਆ ਨਾ ਕਰਨ, ਤਦਨ ਤੱਕ ਇਹਨਾਂ ਦਾ ਮੇਲ ਨਹੀਂ ਹੋ ਸਕਦਾ ।

(53) ਗੁਰੂ ਅੰਸ ਭੀ ਦੋ ਪ੍ਰਕਾਰ ਦੀ ਹੈ, ਇਕ ਚਾਰੋਂ ਬੰਸ ਬਿੰਦੀ ਸੰਤਾਨ ਜੋ ਬਾਬੇ ਸਾਹਿਬਜ਼ਾਦੇ ਅਤੇ ਦੂਜੇ ਬਾਬਾਂ ਵਾਲਿਆਂ ਦੀ ਨਾਦੀ ਅੰਸ ਹੈ ਜੋ ਰਾਮਦਾਸ ਅਥਵਾ ਭਾਈ ਕੇ ਕਹਾਉਂਦੇ ਹਨ। ਇਹ ਭੀ ਸਿੰਘੀ ਕਾਲੇ ਹਨ। ਪਹਿਲਾ ਦਰਜਾ ਬਾਬਿਆਂ ਸਾਹਿਬਜ਼ਾਦਿਆਂ ਦਾ ਅਤੇ ਦੂਜਾ ਦਰਜਾ ਰਾਮਦਾਸ ਭਾਈਆਂ ਦਾ। ਇਹ ਦੋਵੇਂ ਦਸ ਪਾਤਸ਼ਾਹੀ ਗੁਰੂ ਸਾਹਿਬ ਦਾ ਸ਼ਾਹੀ ਪ੍ਰਵਾਰ ਹੈ। ਇਹ ਦੋਵੇਂ ਦਰਜੇ ਉਹਨਾਂ ਬਿੰਦੀ ਅਤੇ ਨਾਦੀ ਗੁਰੂ ਅੰਸਾਂ ਦੇ ਹਨ ਜੋ ਜੋ ਸੰਗਤ ਵਿਚ ਪ੍ਰਚਾਰ ਕਰਨ ਵਾਲੇ ਗੱਦੀ ਨਸ਼ੀਨ ਹਨ।

(54) ਗੁਰੂ ਦੀ ਅੰਸ ਸਾਹਿਬਜ਼ਾਦਿਆਂ ਦਾ ਅਤੇ ਸਿੰਘਾਂ ਦੀ ਅੰਸਾਂ ਦਾ ਆਪੋ ਵਿਚ ਦਰਜੇ ਦਾ ਇਹ ਫਰਕ ਸਮਝਣਾ ਜੀਕੁਰ ਬਾਬੇ ਪੋਤਿਆਂ ਦਾ ਅਥਵਾ ਭਾਈਆਂ ਅਤੇ ਬਾਬਿਆਂ ਦਾ ਹੋਇਆ ਕਰਦਾ ਹੈ: ਗੁਰੂ ਕੀ ਅੰਸ ਦਾ ਸਾਹਿਬਜ਼ਾਦਾ ਜੰਮਦਿਆਂ ਹੀ ਬਾਬਾ ਹੁੰਦਾ ਹੈ।

(55) ਗੁਣਾਂ ਦੀ ਵਡਿਆਈ ਜੁਦਾ ਹੈ ਜਿਥੇ ਅੰਸ ਬੰਸ ਦਾ ਵੀਚਾਰ ਹੈ ਉਥੇ ਅੰਸ ਬੰਸ ਦੀ ਪ੍ਰਧਾਨਤਾ ਹੈ ਅਤੇ ਜਿਥੇ ਗੁਣਾਂ ਦਾ ਵੀਚਾਰ ਹੈ ਉਥੇ ਗੁਣਾਂ ਦੀ ਹੀ ਪ੍ਰਧਾਨਤਾ ਹੈ।

(ੳ) ਜੇ ਗੁਰੂ ਅੰਸ ਵਿਚ ਗੁਣ ਹਨ ਤਾਂ ਸਵਰਨ ਦਾ ਕਲਸਾ ਅੰਮ੍ਰਿਤ ਕਰ ਭਰਿਆ ਹੈ।

(ਅ) ਜੇ ਗੁਰੂ ਅੰਸ ਵਿਚ ਗੁਣ ਨਹੀਂ ਤਾਂ ਸਵਰਨ ਦਾ ਘੜਾ ਖ਼ਾਲੀ ਹੈ।

(ੲ) ਜੇ ਗੁਰੂ ਅੰਸ ਵਿਚ ਅਵਗੁਣ ਹਨ ਤਾਂ ਸਵਰਨ ਦਾ ਕਲਸਾ ਬਿਖ ਕਰ ਭਰਿਆ ਹੈ।

ਅਤੇ ਚਾਰ ਵਰਣੀ ਸਿੱਖ ਲੋਕ ਪਿਤਲ ਦੇ ਕਲਸੇ ਤੂੰਬ ਤੇ ਜਹਿਰੇ ਪਹਿਰੇ ਵਾਲੇ ਕੁੱਪੇ ਤੁਲ। ਜਿਹਨਾਂ ਵਿਚ ਗੁਣਾਂ ਦੇ ਹੋਣ ਅਥਵਾ ਨਾ ਹੋਣ ਤਥਾ ਅਵਗੁਣਾਂ ਦੇ ਹੋਣ ਦਾ ਵਿਚਾਰ ਉਹੀ ਸਮਝਣਾ ਜੋ ਉੱਤੇ ਗੁਰ ਅੰਸ ਦੇ ਵੇਰਵੇ ਵਿਚ ਆਇਆ ਹੈ।

(56) ਬਿੰਦੀ ਅੰਸ ਦਾ ਅਧਿਕਾਰ ਅੰਸੀ ਦੀ ਗੱਦ ਵਿਚ ਬੈਠਣੇ ਦਾ ਹੈ ਅਤੇ ਨਾਦੀ ਅਸ ਦਾ ਅਧਿਕਾਰ ਅੰਸੀ ਦੇ ਚਰਨਾਂ ਵਿਚ ਬੈਠਣੇ ਦਾ ਹੈ। ਜੋ ਕਿਸੀ ਦੇ ਅੰਸ ਬੰਸ ਦਾ ਆਦਰ ਮਾਨ ਕਰਦਾ ਹੈ ਉਹ ਉਸ ਅੰਸੀ ਬੰਸੀ ਦਾ ਅਦਰਮਾਨ ਹੈ ਕਿ ਜਿਸ ਦੀ ਉਹ ਅੰਸ ਬੰਸ ਹੈ ਜਿਸ ਦੇ ਕਾਰਨ ਆਦਰ ਮਾਨ ਕੀਤਾ ਜਾਂਦਾ ਹੈ। ਅੰਸ ਬੰਸ ਤੋਂ ਨੱਕ ਵੱਟਣਾ ਅੰਸੀ ਤੋਂ ਨੱਕ ਵੱਟਣਾ ਹੈ ਅਤੇ ਅੰਸ ਬੰਸ ਤੋਂ ਬੇਮੁਖਤਾ ਅੰਸੀ ਬੰਸੀ ਦੀ ਬੇਮੁਖਤਾ ਹੈ।

(57) ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਮਹਾਰਾਜ ਨੇ ਆਪ ਗੁਰੂ ਅੰਸਾਂ ਦਾ ਮਾਨ ਸਤਿਕਾਰ ਕਰਨ ਦਾ ਨਮੂਨਾ ਦਿਖਾਇਆ, ਪੰਜ ਸੋ ਰੁਪਿਆ ਪ੍ਰਸ਼ਾਦ ਆਦਿਕ ਭੇਟਾ ਗੁਰ ਅੰਸ ਨੂੰ ਦਿੱਤਾ ਕਰਦੇ ਸਨ। ਇਥੋਂ ਤਕ ਕਿ ਇਕ ਦੰਭੀ ਸੁਨਿਆਰਾ ਬੇਦੀ ਸ਼ਾਹਿਬਜ਼ਾਦੇ ਦਾ ਸਵਾਂਗ ਧਾਰਕੇ ਆਇਆ ਤਾਂ ਅੰਤਰ ਜਾਮੀ ਨੇ ਜਾਣ ਕਰਕੇ ਭੀ ਮਾਮੂਲੀ ਭੇਟਾ ਅਰਪਨ ਕਰ ਦਿੱਤੀ। ਜਦ ਲੈ ਤੁਰਿਆ ਤਾਂ ਉਸ ਨੇ ਮਨ ਵਿਚ ਗੁਮਾਨ ਕੀਤਾ ਕਿ ਮੈਂ ਨੇ ਗੁਰੂ ਨੂੰ ਠਗ ਲਿਆ ਹੈ ਤਾਂ ਅੰਤਰ ਜਾਮੀ ਨੇ ਉਸਦੇ ਮਨ ਦੀ ਜਾਨ ਕਰ ਪਕੜਵਾ ਮੰਗਵਾਇਆ। ਸੇਲੀ ਉਤਾਰ ਕੇ ਉੱਚੀ ਕਿੱਲੀ ਦੇ ਨਾਲ ਭੇਟਾ ਸਣੇ ਲਟਕਾਏ ਦਿੱਤੀ ਅਤੇ ਉਸ ਸੁਨਿਆਰੇ ਨੂੰ ਪੌਲਿਆਂ ਦੀ ਮਾਰ ਕਰਾ ਕੇ ਪਾਰ ਭੁਲਾਇਆ। ਜੋ ਗੁਰੂ ਅੰਸਾਂ ਦੀ ਭੇਟਾ ਦਾ ਨੇਮ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਮਹਾਰਾਜ ਨੇ ਓੜਕ ਤੱਕ ਨਿਬਾਹਿਆ। ਜਿਸ ਨੇਮ ਦੀ ਬਾਕੀ ਹੁਣ ਤੱਕ ਸ੍ਰੀ ਹਜ਼ੂਰ ਸੱਚ ਖੰਡ ਅਬਚਲ ਨਗਰ ਜੀ ਦੇ ਦਰਬਾਰ ਵਿਚ ਵਰਤਾਰਾ ਵਰਤਿਆ ਆਂਵਦਾ ਹੈ।

(58) ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਮਹਾਰਾਜ ਨੇ ਗੁਰ ਅੰਸਾਂ ਦਾ ਆਦਰਮਾਨ ਭੇਟਾ ਪੂਜਾ ਦੇ ਕਰ ਕੇਵਲ ਆਪ ਹੀ ਨਹੀਂ ਕੀਤਾ ਸਗੋਂ ਸਿੱਖਾਂ ਨੂੰ ਭੀ ਕਰਨ ਦੀ ਤਗੀਦ ਕਰਕੇ ਨਾ ਕਰਨ ਦਾ ਡਰ ਦਸਿਆ। ਜੋ ਉਹ ਬਚਨ

ਉਸੀ ਰਹਿਤਨਾਮੇ ਵਿਚ ਹੈ ਜਿਸ ਵਿਚ ਗੁਰੂ ਗਰੰਥ ਸਾਹਿਬ ਜੀ ਨੂੰ ਆਪਣਾ ਜਾਂ ਨਸ਼ੀਨ ਗੁਰੂ ਥਾਪਨ ਦਾ ਬਚਨ ਲਿਖਿਆ ਹੈ, ਸੋ ਬਚਨ ਇਹ ਹਨ :—

ਕਰੀ ਥਾਪਨਾ ਜਾਸ ਕੀ ਮੋਹਿ ਜੁ ਅਪਨੇ ਹਾਥ ॥
ਤਿਸ ਕੀ ਸਮਸਰ ਜੋ ਕਰੈ ਜਰ ਜਾਵੇ ਕੁਲ ਤਾਸ ॥

ਗੁਰ ਅੰਸਾਂ ਪਰ ਬਚਨ—

ਗੁਰ ਨਾਨਕ ਗੁਰ ਅੰਗਦ ਬੰਸ । ਗੁਰ ਅਮਰਦਾਸ ਤੀਨੋਂ ਕੀ ਅੰਸ ॥

ਤਥਾ ਹੁਕਮਨਾਮੀਆਂ ਪਰ—

ਹੁਕਮ ਨਾਮ ਲਿਖ ਜਾਂ ਕੋ ਦੀਆ । ਤਿਨ ਕੇ ਮਧਿ ਨਿਵਾਸ ਮੈਂ ਕੀਆ ।
ਤਿਨ ਸਿਉਂ ਦੇਖ ਤੁਰੇ ਸਿਖ ਜੋਈ । ਤਿਨ ਕੀ ਮੁਕਤ ਮੂਲ ਨਾ ਹੋਈ ।
ਜੋ ਥਾਪੇ ਤਿਨ ਕੀ ਕਰਿਹੁ ਪੂਜਾ । ਆਨ ਦੇਵ ਭ੍ਰਮ ਕਾਟੈ ਦੂਜਾ ।

(59) ਤਾਂ ਤੇ ਗੁਰੂ ਕੇ ਸਿੱਖਾਂ ਨੂੰ ਆਪਣੇ ਗੁਰਾਂ ਪਾਤਸ਼ਾਹਾਂ ਸਚੇ ਸਾਹਿਬਾਂ ਦੇ ਸਾਹਿਬਜ਼ਾਦਿਆਂ ਬਾਬਿਆਂ ਦਾ ਆਦਰ ਮਾਨ ਯਥਾ ਯੋਗ ਕਰਨਾ ਅਵੱਸ਼ ਲੋੜੀਏ ।

(60) "ਪੁਤਰੀ ਕਉਲ ਨ ਪਾਲਿਓ ਕਰ ਪੀਰਹੁ ਕੰਨ ਮੁਰਟੀਐ ।" ਦੇ ਉਲਟੇ ਅਰਥ ਕਰ ਕੇ ਸਾਹਿਬ-ਜ਼ਾਦਿਆਂ ਦੇ ਵਿਰੁੱਧ ਕੋਈ ਖਿਆਲ ਨਾ ਕਰ ਲੈਣਾ । ਇਸ ਦਾ ਮਤਲਬ ਇਹ ਹੈ ਕਿ ਆਪਣੀ ਗੁਰਿਆਈ ਦੀ ਪਾਤਸ਼ਾਹਤ ਵਾਲੀ ਗੱਦੀ ਦੇਣ ਤੋਂ ਕੰਨ ਮੋੜਿਆ ਸੀ, ਗੁਰ ਅੰਸ ਦੇ ਅਧਿਕਾਰ ਤੋਂ ਤਾਂ ਕੰਨ ਨਹੀਂ ਮੋੜਿਆ। ਸ੍ਰੀ ਗੁਰੂ ਜੀ ਦਾ ਭਾਣਾ ਹੀ ਚਾਰ ਬੰਸਾਂ ਦੇ ਪਵਿਤਰ ਕਰਨ ਦਾ ਸੀ ਜੋ ਇਸ ਲਈ ਲੈਹਣੇ ਜੀ ਨੂੰ ਪਹਿਲਾਂ ਹੀ ਦੇਖਦਿਆਂ ਸਾਰ ਬਚਨ ਕੀਤਾ ਆਓ ਭਾਈ ਤੂੰ ਲੈਹਣਾ ਤੇ ਅਸੀਂ ਦੇਣਾ । ਤੇ ਪੁੱਤਾਂ ਦੇ ਮਨ ਕੌਲ ਪਾਲਣ ਤੋਂ ਆਪ ਹੀ ਫੇਰ ਦਿੱਤੇ । ਜੇ ਬੇਇਨਸਾਫ਼ੀ ਨਾ ਪਾਈ ਜਾਵੇ, ਨਹੀਂ ਤਾਂ ਗੁਰਾਂ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਵਸਦਾ ਸੀ । ਕੌਡੇ ਰਾਕਸ਼ਾਂ ਆਦਿ ਦੇ ਦਰਸ਼ਨ ਮਾਤਰ ਕਰ ਹੀ ਪੱਥਰ ਹਿਰਦੇ ਮੋਮ ਹੋ ਗਏ । ਜੇ ਕਰ ਸ੍ਰੀ ਗੁਰੂ ਜੀ ਚਾਹੁੰਦੇ ਤਾਂ ਸਾਹਿਬਜ਼ਾਦਿਆਂ ਦੇ ਮਨਾਂ ਦਾ ਕੀ ਜਿਗਰਾ ਸੀ ਜੋ ਬਚਨ ਨਾ ਮੰਨਦੇ, ਜਦ ਕਿ ਕਰਨ ਕਾਰਨ ਸ੍ਰੀ ਗੁਰੂ ਜੀ ਆਪ ਹੀ ਸਨ । ਜਦ ਤਕ ਗੁਰਿਆਈ ਬਾਹਰ ਦੇਣ ਦਾ ਸੰਕਲਪ ਸਿੱਧ ਕਰਨਾ ਸੀ ਤਦ ਤਕ ਉਹ ਭਾਣਾ ਵਰਤਾਇਆ ਤੇ ਜਦ ਘਰ ਦੀ ਘਰ ਰੱਖਣ ਦਾ ਸਮਾਂ ਆਇਆ ਤਾਂ ਐਸੀ ਹੀ ਸੂਰਤ ਰਚੀ ।

(61) ਗੁਰ ਅੰਸ ਦਾ ਮਾਨ ਸੂਰਜ ਦੀ ਨਿਆਈਂ ਪ੍ਰਗਟ ਹੈ । ਸ੍ਰੀ ਅੰਮ੍ਰਿਤਸਰ ਜੀ ਵਿਖੇ ਬਾਬੇ ਅਟੱਲ ਜੀ ਅਤੇ ਸ੍ਰੀ ਕੀਰਤਪੁਰ ਜੀ ਵਿਖੇ ਬਾਬੇ ਗੁਰਦਿੱਤੇ ਜੀ ਦੇ ਦੇਹਰਿਆਂ ਦੀ ਪੂਜਾ ਹੀ ਗੁਰ ਅੰਸ ਦੀ ਮਹਿਮਾ ਦਸ ਰਹੀ ਹੈ ।

❖

# ਬਾਬਾ ਸਾਹਿਬ ਸਿੰਘ ਜੀ ਬੇਦੀ

ਲੇਖਕ : ਸ. ਸ਼ਮਸ਼ੇਰ ਸਿੰਘ ਅਸ਼ੋਕ

## ਨਾਮ ਤੇ ਬਚਪਨ

ਬੇਦੀ ਬਾਬੇ ਗੁਰੂ ਨਾਨਕ ਦੇ ਖਾਨਦਾਨ ਨਾਲ ਲਹੂ-ਮਾਸ ਦਾ ਸੰਬੰਧ ਰਖਦੇ ਹਨ। ਬਾਬਾ ਸਾਹਿਬ ਸਿੰਘ ਜੀ ਬੇਦੀ, ਜਿਨ੍ਹਾਂ ਦਾ ਸਮਾਂ ਸੰਮਤ 1812 ਬਿ: (ਸੰਨ 1766 ਈ:) ਤੋਂ ਸੰਮਤ 1891 ਬਿ: (ਸੰਨ 1834 ਈ:) ਤਕ ਹੈ, ਸਿਖ ਰਾਜ ਦੇ ਮੋਢੀਆਂ ਤੇ ਪੰਜਾਬ ਦੇ ਉਸਰਈਆਂ ਵਿਚੋਂ 18ਵੀਂ-19ਵੀ: ਸਦੀ ਦੇ ਇਕ ਮਹਾਨ ਵਿਅਕਤੀ ਸਨ। ਆਪ ਗੁਰੂ ਨਾਨਕ ਤੋਂ 11ਵੀਂ ਪੁਸ਼ਤ ਬਾਬਾ ਅਜੀਤ ਸਿੰਘ ਜੀ ਦੇ ਸਪੁਤਰ ਅਤੇ ਬਾਬਾ ਕਲਾਧਾਰੀ ਜੀ ਦੇ ਪੋਤਰੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਪੁਤਰ ਸਨ :—

1. ਬਾਬਾ ਸ੍ਰੀ ਚੰਦ ਜੀ।
2. ਬਾਬਾ ਲਖਮੀ ਦਾਸ ਜੀ।

ਬਾਬਾ ਸ੍ਰੀ ਚੰਦ ਜੀ ਤਾਂ ਬਾਲ-ਜਤੀ ਹੋਣ ਕਰਕੇ ਦੁਨੀਆਂਦਾਰੀ ਤੋਂ ਅਟੰਕ ਤੇ ਤਿਆਗੀ ਸਨ ਤੇ ਉਹਨਾਂ ਦੇ ਛੋਟੇ ਭਾਈ ਲਖਮੀ ਦਾਸ ਜੀ ਚੂੰਕਿ ਪੂਰੇ ਪੂਰੇ ਦੁਨੀਆਂਦਾਰੀ ਤੇ ਗ੍ਰਹਿਸਤੀ ਸਨ, ਇਸ ਲਈ ਉਹਨਾਂ ਤੋਂ ਹੀ ਗੁਰੂ ਅੰਸ ਬੇਦੀ ਬੰਸ ਦਾ ਸਿਲਸਿਲਾ ਅਗੇ ਤੋਂ ਅਗੇ ਚਲਦਾ ਰਿਹਾ, ਜਿਸ ਕਰ ਕੇ ਬਾਬਾ ਸਾਹਿਬ ਸਿੰਘ ਜੀ ਬਾਬਾ ਲੱਖਮੀ ਦਾਸ ਤੋਂ ਬਾਦ ਨੌਵੇਂ ਉੱਤਰਾਧਿਕਾਰੀ ਸਾਬਤ ਹੁੰਦੇ ਸਨ।

ਬਾਬਾ ਸਾਹਿਬ ਸਿੰਘ ਜੀ ਦਾ ਜਨਮ ਮਿਤੀ ਚੇਤ ਸੁਦੀ 5 ਸੰਮਤ 1813 ਬਿ: ਨੂੰ ਡੇਰਾ ਬਾਬਾ ਨਾਨਕ ਜ਼ਿਲਾ ਗੁਰਦਾਸਪੁਰ ਵਿਚ ਮਾਤਾ ਸਰਪਾਂ ਦੇਵੀ ਦੀ ਕੁਖੋਂ ਬਾਬਾ ਅਜੀਤ ਸਿੰਘ ਬੇਦੀ ਦੇ ਘਰ ਹੋਇਆ। ਜਨਮ ਤੋਂ ਪਿਛੋਂ 13ਵੇਂ ਦਿਨ, ਜਿਵੇਂ ਕਿ ਧਾਰਮਿਕ ਵਿਧੀ-ਨਿਸ਼ੇਧ ਤੇ ਲੋਕਾਚਾਰ ਦੇ ਮੁਤਾਬਿਕ ਸਿਖ-ਸਮਾਜ ਦਾ ਆਮ ਰਿਵਾਜ ਹੈ, ਬਾਬਾ ਜੀ ਦਾ ਜਨਮ-ਸੰਸਕਾਰ ਹੋਣ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਵਾਕ ਲੈ ਕੇ :—

"ਸਾਹਿਬ ਹੋਇ ਦਇਆਲ, ਕ੍ਰਿਪਾ ਕਰੇ ਤਾਂ ਸਾਈ ਕਾਰ ਕਰਾਇਸੀ ॥"

(ਵਾਰ ਆਸਾ ਮ: ੧)

ਦੇ ਅਨੁਸਾਰ ਸਾਹਿਬ ਸਿੰਘ ਨਾਮ ਰਖਿਆ ਗਿਆ। ਇਹਨਾਂ ਤੋਂ ਪਿਛੋਂ ਬਾਬਾ ਅਜੀਤ ਸਿੰਘ ਦੇ ਘਰ ਇਕ ਪੁਤਰ ਹੋਰ ਪੈਦਾ ਹੋਇਆ ਜਿਸ ਦਾ ਨਾਮ ਰਖਿਆ ਗਿਆ (ਬਾਬਾ) ਮਹਿਬੂਬ ਸਿੰਘ।

ਬਾਬਾ ਅਜੀਤ ਸਿੰਘ ਜੀ ਬੇਦੀ ਨੇ, ਜਿਵੇਂ ਕਿ ਉਹਨਾਂ ਦੀਆਂ ਇਤਿਹਾਸਕ ਸਾਖੀਆਂ ਪੜ੍ਹਨ ਤੋਂ ਪਤਾ ਲਗਦਾ ਹੈ, ਆਪਣੇ ਪੂਜ ਪਿਤਾ ਬਾਬਾ ਕਲਾਧਾਰੀ ਜੀ ਦੀ ਪ੍ਰੇਰਨਾ ਨਾਲ ਉਹਨਾਂ ਦੀ ਮੌਜੂਦਗੀ ਵਿਚ ਹੀ ਸ੍ਰੀ ਅਨੰਦਪੁਰ ਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਸੀ ਤੇ ਆਪ ਇਸ ਤਰ੍ਹਾਂ ਅਜੀਤ ਰਾਇ ਤੋਂ ਅਜੀਤ ਸਿੰਘ ਬਣੇ ਸਨ।

ਗੁਰੂ ਨਾਨਕ ਦੇ ਖਾਨਦਾਨ ਵਿਚ ਆਪ ਪਹਿਲੇ ਸਿੱਖ ਸਨ ਜੋ ਅੰਮ੍ਰਿਤ ਛਕ ਕੇ ਖਾਲਸਾ ਬਣੇ ਤੇ ਜਿਨ੍ਹਾਂ ਬੜੀ ਖੁਸ਼ੀ ਨਾਲ ਸ੍ਰੀ ਦਸਮੇਸ਼ ਜੀ ਦੀ ਦਸੀ ਹੋਈ ਰਹਿਤ-ਬਹਿਤ ਨੂੰ ਕਬੂਲਿਆ। ਬਾਬਾ ਸਾਹਿਬ ਸਿੰਘ ਜੀ ਦੀ ਮੁਢਲੀ ਸਿਖਯਾ-ਦੀਖਯਾ ਅਥਵਾ ਵਿਦਿਆ ਦਾ ਪ੍ਰਬੰਧ ਘਰ ਰਹਿੰਦਿਆਂ ਹੀ, ਜਿਵੇਂ ਕਿ ਉਸ ਸਮੇਂ ਨਿਤ ਦੇ ਰਾਜ-ਰੌਲਿਆਂ ਦੇ ਕਾਰਨ ਹੋਰ ਕੋਈ ਸਾਂਝੇ ਸਕੂਲ-ਕਾਲਜ ਨਾ ਹੋਣ ਕਰ ਕੇ ਆਮ ਰਿਵਾਜ ਸੀ, ਆਪਣੇ ਪੂੰਜ ਪਿਤਾ ਬਾਬਾ ਅਜੀਤ ਸਿੰਘ ਜੀ ਦੀ ਦੇਖ-ਰੇਖ ਵਿਚ ਹੋਇਆ। ਪਹਿਲਾਂ ਆਪ ਨੇ ਗੁਰਮੁਖੀ ਅੱਖਰ ਸਿਖੇ, ਗੁਰੂ ਬਾਣੀ ਪੜ੍ਹੀ ਤੇ ਫੇਰ ਜਨਮ

ਸਾਖੀ ਗੁਰੂ ਨਾਨਕ ਤੇ ਹੋਰ ਸਿਖ-ਇਤਿਹਾਸ ਸੰਬੰਧੀ ਪੁਸਤਕਾਂ ਦਾ ਅਧਿਐਨ ਕੀਤਾ। ਸ਼ਿਕਾਰ ਦਾ ਸ਼ੌਂਕ ਆਪ ਨੂੰ ਮੁਢ ਤੋਂ ਹੀ ਸੀ। ਅਕਲ ਤ੍ਰਿਖੀ ਤੇ ਸਮਝ-ਸੂਝ ਉੱਚ ਪਾਏ ਦੀ ਹੋਣ ਕਰ ਕੇ ਆਪ "ਹੋਣਹਾਰ ਬਿਰਵਨ ਕੇ ਹੋਤ ਚੀਕਨੇ ਪਾਤ" ਦੇ ਅਖਾਣ ਅਨੁਸਾਰ ਬੜੀ ਛੇਤੀ ਕੌੜੀ ਵੇਲ ਵਾਂਗੂ ਵਧੇ ਤੇ ਪਿਤਾ ਦੀਆਂ ਆਸਾਂ ਦੇ ਮੁਤਾਬਿਕ ਵੱਧ ਤੋਂ ਵੱਧ ਜ਼ਿੰਦਗੀ ਦੇ ਘੋਲ ਵਿਚ ਕਾਮਯਾਬ ਸਾਬਤ ਹੋਏ। ਪਿਤਾ ਪੁਰਖੀ ਤੋਂ ਹੀ ਬੇਦੀ ਖਾਨਦਾਨ ਦਾ ਨਿਵਾਸ ਪਹਿਲਾਂ ਡੇਰਾ ਬਾਬਾ ਨਾਨਕ ਜ਼ਿਲਾ ਗੁਰਦਾਸਪੁਰ ਸੀ, ਪਰ ਫੇਰ ਯੋਗੀ ਰਾਜ ਬਾਬਾ ਕਲਾਧਾਰੀ ਜੀ ਦੇ ਆਦੇਸ਼ ਅਨੁਸਾਰ ਨਵੀਂ ਗੱਦੀ ਊਨਾ ਜ਼ਿਲਾ ਹੁਸ਼ਿਆਰਪੁਰ ਵਿਚ ਕਾਇਮ ਹੋਈ, ਜਿਸ ਨੂੰ ਉੱਨਤ ਕਰਨ ਵਿਚ ਬਾਬਾ ਸਾਹਿਬ ਜੀ ਨੇ ਮਨ, ਵਚਨ ਤੇ ਕਰਮ ਤੋਂ ਪੂਰਾ ਪੂਰਾ ਜਤਨ ਕੀਤਾ।

**ਯੁਵਾ ਅਵਸਥਾ, ਵਿਆਹ, ਸੰਤਾਨ ਤੇ ਰਾਜ ਭਾਗ :—**

ਬਾਬਾ ਅਜੀਤ ਸਿੰਘ ਜੀ ਨੇ ਆਪਣੇ ਪੁਤਰ ਸਾਹਿਬ ਸਿੰਘ ਨੂੰ ਸਰਬ ਗੁਣ ਨਿਪੁੰਣ ਦੇਖ ਕੇ ਆਪ ਤੀਰਥ ਯਾਤਰਾ ਦਾ ਸੰਕਲਪ ਪ੍ਰਗਟ ਕੀਤਾ, ਜਿਸ ਕਰ ਕੇ ਉਹ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਬੰਗਾਲ ਆਦਿ ਦੀ ਸੈਰ ਕਰਦੇ ਹੋਏ ਕਲਕਤੇ ਜਾ ਕੇ ਇਸੇ ਯਾਤਰਾ ਦੇ ਦੌਰਾਨ ਵਿਚ ਹੀ ਸੰਮਤ 1830 ਬਿ: ਵਿਚ ਸੁਰਗਵਾਸ ਹੋ ਗਏ। ਇਸ ਸਮੇਂ ਬਾਬਾ ਸਾਹਿਬ ਸਿੰਘ ਹੋਰਾਂ ਦੀ ਉਮਰ 17 ਸਾਲ ਦੇ ਲਗਪਗ ਸੀ। ਇਸ ਸਮੇਂ ਪੰਜਾਬ ਵਿਚ ਮੁਗਲਾਂ ਦੀ ਹਕੂਮਤ ਦੀ ਘੰਡੀ ਨਪੀ ਜਾਣ ਕਰ ਕੇ ਸਿੱਖਾਂ ਦੀਆਂ 12 ਮਿਸਲਾਂ ਦਾ ਬੋਲਬਾਲਾ ਸੀ ਤੇ ਬੇਦੀ ਖਾਨਦਾਨ ਜਿਸ ਦੇ ਮੋਢੀ ਬਾਬਾ ਸਾਹਿਬ ਸਿੰਘ ਜੀ ਬੇਦੀ ਸਨ, ਪੂਰਨ ਗੁਰਸਿੱਖ ਹੋਣ ਕਰਕੇ 12 ਮਿਸਲਾਂ ਦੇ ਸਰਦਾਰਾਂ ਦੀ ਨਿਗਾਹ ਵਿਚ ਖਾਸ ਤੌਰ ਤੇ ਬੜਾ ਮਾਣ ਸਤਿਕਾਰ ਰਖਦੇ ਸਨ। ਭਾਵੇਂ ਸ਼ੁਰੂ ਸ਼ੁਰੂ ਵਿਚ ਬਾਬਾ ਸਾਹਿਬ ਸਿੰਘ ਜੀ ਨੇ ਧਰਮ ਪ੍ਰਚਾਰ ਦੇ ਇਰਾਦੇ ਨਾਲ ਜੰਮੂ-ਕਸ਼ਮੀਰ ਆਦਿ ਇਲਾਕਿਆਂ ਦੇ ਦੌਰੇ ਵੀ ਕੀਤੇ ਤੇ ਦਸਮੇਸ਼ ਦੀ ਨਗਰੀ ਆਨੰਦਪੁਰ ਵਿਚ ਵੀ ਕੁਝ ਸਮਾਂ ਨਿਵਾਸ ਕੀਤਾ, ਪਰ ਫੇਰ ਆਨੰਦਪੁਰੀਏ ਸੋਢੀਆਂ ਦੇ ਈਰਖਾ ਕਰਨ ਤੇ ਆਪ ਨੇ ਊਨੇ ਰਹਿਣਾ ਹੀ ਮੁਨਾਸਿਬ ਸਮਝਿਆ ਤੇ ਉਥੋਂ ਹੀ ਪੱਕੇ ਤੌਰ ਤੇ ਆਪਣਾ ਪ੍ਰਚਾਰ ਕੇਂਦਰ ਥਾਪਿਆ।

ਬਾਬਾ ਸਾਹਿਬ ਸਿੰਘ ਜੀ ਦੀਆਂ ਤਿੰਨ ਸ਼ਾਦੀਆਂ ਇਕ ਦੂਜੀ ਤੋਂ ਬਾਅਦ ਹੋਈਆਂ : (1) ਇਕ ਦੁਆਬੀਏ ਖਤਰੀ ਭਾਈ ਰਾਮ ਸਹਾਈ ਦੀ ਲੜਕੀ ਗੁਲਾਬ ਦੇਈ ਨਾਲ, (2) ਭਾਈ ਜੀਤ ਮਲ ਖਤਰੀ ਦੀ ਲੜਕੀ ਨਾਲ ਤੇ (3) ਇਲਾਕਾ ਨਕਾ (ਮੁਲਤਾਨ) ਤੇ ਸਰਦਾਰ ਸਹਾਈ ਸਿੰਘ ਦੀ ਲੜਕੀ ਨਾਲ। ਇਹਨਾਂ ਤਿੰਨਾਂ ਸੁਪਤਨੀਆਂ ਵਿਚੋਂ ਬਾਬਾ ਸਾਹਿਬ ਸਿੰਘ ਜੀ ਦੇ ਘਰ ਤਿੰਨ ਪੁਤਰ ਪੈਦਾ ਹੋਏ। (1) ਬਾਬਾ ਬਿਸ਼ਨ ਸਿੰਘ, (2) ਬਾਬਾ ਤੇਗ ਸਿੰਘ ਤੇ (3) ਬਾਬਾ ਬਿਕਰਮ ਸਿੰਘ ਜੀ ਤੇ ਅਗੇ ਚਲ ਕੇ ਬੇਦੀ ਖ਼ਾਨਦਾਨ ਦੀਆਂ ਦੋ ਵਖੋ ਵੱਖ ਸ਼ਾਖਾਂ ਪ੍ਰਚਲਿਤ ਹੋਈਆਂ। (1) ਬਾਬਾ ਬਿਸ਼ਨ ਸਿੰਘ ਦੀ ਸ਼ਾਖਾ, ਜਿਸ ਦੀ ਗੱਦੀ ਪਿੰਡ ਕੱਲਰ ਜ਼ਿਲਾ ਰਾਵਲਪਿੰਡੀ ਕਰਾਰ ਪਾਈ ਤੇ (2) ਬਾਬਾ ਬਿਕਰਮ ਸਿੰਘ ਦੀ ਸ਼ਾਖਾ, ਜਿਸ ਦੀ ਗੱਦੀ ਊਨੇ ਵਿਚ ਹੀ ਕਾਇਮ ਰਹੀ ਤੇ 12 ਮਿਸਲਾਂ ਦੇ ਸਿੱਖ ਸਰਦਾਰ ਇਸ ਖ਼ਾਨਦਾਨ ਨੂੰ ਗੁਰੂ ਪੰਥ ਨਾਲ ਵਧੀਕ ਸਬੰਧਿਤ ਹੋਣ ਕਰ ਕੇ ਬਹੁਤਾ ਮਾਣ ਦਿੰਦੇ ਰਹੇ।

ਸੋਢੀਆਂ ਦੇ ਮੁਕਾਬਲੇ ਤੇ ਬਾਬਾ ਸਾਹਿਬ ਸਿੰਘ ਤੇ ਉਸ ਦੇ ਖਾਨਦਾਨ ਦੇ ਮਾਣ ਦਾ ਇਕ ਕਾਰਣ ਇਹ ਵੀ ਸੀ ਕਿ ਸਿੱਖ ਰਹਿਤ ਨਾਮਿਆਂ ਦੀਆਂ ਹਿਦਾਇਤਾਂ ਦੇ ਮੁਤਾਬਿਕ ਖ਼ਾਸ ਤੌਰ ਤੇ ਮੀਣੇ, ਮਸੰਦਾਂ, ਧੀਰ ਮੱਲੀਆਂ ਤੇ ਰਾਮ ਰਾਈਆਂ ਤੋਂ ਗੁਰੂ-ਹੁਕਮ ਦੇ ਮੁਤਾਬਿਕ ਬਹੁਤਾ ਪ੍ਰਹੇਜ਼ ਰਖਦੇ ਸਨ ਕਿਉਂਕਿ ਮੀਣੇ (ਬਾਬਾ ਪ੍ਰਿਥੀ ਚੰਦ ਦੇ ਖ਼ਾਨਦਾਨ ਦੇ ਸੋਢੀ, ਧੀਰ ਮਲੀਏ (ਬਾਬਾ ਧੀਰ ਮਲ ਪੁਤਰ ਗੁਰੂ ਹਰਿ ਗੋਬਿੰਦ ਜੀ ਦੀ ਸੰਤਾਨ) ਅਤੇ ਰਾਮ ਰਾਈਏ (ਬਾਬਾ ਰਾਮ ਰਾਇ ਪੁਤਰ ਹਰਿ ਰਾਇ ਦੇ ਅਨੁਯਾਈ) ਗੁਰਸਿੱਖਾਂ ਦੇ ਅਕੀਦੇ ਤੇ ਖ਼ਾਸ ਕਰਕੇ ਗੁਰੂ ਘਰ ਦੀਆਂ ਰਵਾਇਤਾਂ ਤੋਂ ਵਿਰੁਧ ਚੱਲਣ ਦੇ ਕਾਰਨ ਆਪਣਾ ਮਾਣ ਗਵਾ ਬੈਠੇ ਸਨ, ਜਿਸ ਕਰਕੇ ਰਹਿਤ ਨਾਮਿਆਂ ਦੇ ਕਥਨ ਅਨੁਸਾਰ ਇਹ ਪੰਜਾਂ

ਦੇ ਮੇਲ ਵਿਚ ਸ਼ਾਮਲ ਸਨ ਤੈ ਇਹਨਾਂ ਪੰਜਾਂ ਦੇ ਮੇਲ ਤੋਂ ਬਚਣ ਲਈ ਸਿੱਖਾਂ ਨੂੰ ਗੁਰੂ ਜੀ ਦੀ ਸਖ਼ਤ ਹਦਾਇਤ ਸੀ, ਪਰ ਬਾਬਾ ਸਾਹਿਬ ਸਿੰਘ ਜੀ ਦਾ ਖ਼ਾਨਦਾਨ ਇਹਨਾਂ ਪੰਜਾਂ ਦੇ ਮੇਲ ਤੋਂ ਬਾਹਰ ਹੋਣ ਕਰਕੇ ਹੀ ਸਿੱਖਾਂ ਲਈ ਹਮੇਸ਼ਾਂ ਸ਼ਰਧਾ ਦਾ ਕਾਰਨ ਬਣਿਆ ਰਿਹਾ। ਮੀਣੇ, ਧੀਰਮਲੀਏ ਤੇ ਰਾਮ ਰਾਈਏ ਸੋਢੀ ਭਾਵੇਂ 12 ਮਿਸਲਾਂ ਦੇ ਸਮੇਂ ਸਿੱਖਾਂ ਦਾ ਰਾਜ-ਭਾਗ ਚਮਕਦਾ ਦੇਖ ਕੇ ਪਿਛਲੇ ਗੁਸੇ ਗਿਲੇ ਭੁਲਾਉਂਦੇ ਹੋਏ ਬਾਕਾਇਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ, ਪਰ ਫੇਰ ਵੀ ਅਨੰਦਪੁਰੀਏ ਸੋਢੀਆਂ ਦੀ ਲਗਾਤਾਰ ਜਦੋਂਜਹਿਦ ਦੇ ਬਾਵਜੂਦ ਉਨ੍ਹਾਂ ਨੂੰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਮੁਕਾਬਲੇ ਤੇ ਉਹ ਨੁਮਾਇਆਂ ਕਾਮਯਾਬੀ ਹਾਸਲ ਨਾ ਹੋ ਸਕੀ ਜੋ ਕਿ ਬਿਨਾਂ ਜਦੋਂਜਹਿਦ ਦੇ, ਜੇ ਉਨ੍ਹਾਂ ਦਾ ਪਿੱਤਾ ਸਾਫ ਹੁੰਦਾ ਤਾਂ, ਹੋਣੀ ਚਾਹੀਦੀ ਸੀ। ਇਸੇ ਕਾਰਨ, ਜਿਵੇਂ ਕਿ 12 ਮਿਸਲਾਂ ਦੇ ਸਮੇਂ ਦਾ ਸਿੱਖ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ, ਲੋਕੀਂ ਦੋ ਸੱਜਣਾਂ ਦੇ ਹੱਥੋਂ ਅੰਮ੍ਰਿਤ ਛਕਣਾ ਵਧੇਰੇ ਅੱਛਾ ਸਮਝਦੇ ਸਨ। ਉਹ ਦੋ ਸੱਜਣ ਸਨ : (1) ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ ਤੇ (2) ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ ! ਇਸੇ ਮਾਣ-ਸਤਿਕਾਰ ਵਜੋਂ ਜਦੋਂ ਸਿੱਖਾਂ ਨੂੰ ਬੜੇ ਲੰਮੇਂ ਸਮੇਂ ਦੀ ਜਦੋਜਹਿਦ ਤੇ ਕੁਰਬਾਨੀਆਂ ਤੋਂ ਬਾਅਦ ਰਾਜ-ਭਾਗ ਪ੍ਰਾਪਤ ਹੋਇਆ ਤਾਂ ਉਸ ਰਾਜ-ਭਾਗ ਵਿਚੋਂ ਦਸਵੰਧ ਕਢ ਕੇ ਬਾਬਾ ਸਾਹਿਬ ਸਿੰਘ ਜੀ ਨੂੰ ਦਿੰਦੇ ਰਹੇ, ਜਿਸ ਕਾਰਨ 'ਊਨਾ' ਛੋਟੀ ਹੀ ਇਕ ਬੜੀ ਅੱਛੀ ਰਿਆਸਤ ਬਣ ਗਈ।

## ਗੁਰਮਤਿ ਦਾ ਪ੍ਰਚਾਰ ਤੇ ਮੁਲਕੀ ਜਿੱਤਾਂ—

ਇਸ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਕੁਝ ਫ਼ੌਜ ਸਮੇਤ ਦਰਿਆ ਸਤਲੁਜ ਲੰਘ ਕੇ ਭਾਈ ਰੂਪੇ, ਸੇਲ, ਵਰਾਹ ਆਦਿ ਪਿੰਡਾਂ ਵਿਚ ਚੱਕਰ ਲਗਾ ਕੇ ਸਿੱਖ ਸੰਗਤਾਂ ਨੂੰ ਨਾਮ ਦਾ ਉਪਦੇਸ਼ ਦਿੰਦੇ ਹੋਏ ਭਾਈ ਕੀ ਬਾਗੜੀਆਂ ਪਹੁੰਚੇ। ਇਸ ਦੌਰੇ ਵਿਚ ਪਹਿਲਾਂ ਆਪ ਨੇ ਭਾਈ ਬਹਿਲੋ ਦੇ ਪੋਤਰਿਆਂ ਨੂੰ ਕ੍ਰਿਤਾਰਥ ਕੀਤਾ, ਜੋ ਕਿ ਪਹਿਲਾਂ ਹੀ ਗੁਰੂ ਘਰ ਨਾਲ ਬੜੀ ਅਗਾਧ ਸ਼ਰਧਾ ਰਖਦੇ ਸਨ। ਫੇਰ ਆਪ ਨੇ ਭਾਈ ਰੂਪ ਚੰਦ ਦੇ ਖ਼ਾਨਦਾਨ ਨੂੰ ਤਾਰਿਆ। ਇਸ ਤੋਂ ਬਾਅਦ ਆਪ ਸੰਗਤ ਦੀ ਬੇਨਤੀ ਮੰਨ ਕੇ ਪਹਿਲਾਂ ਮਨਸੂਰ ਪਿੰਡ ਤੇ ਫੇਰ ਰਾਇਪੁਰ, ਗੁਜਰਵਾਲ ਚਲੇ ਗਏ ਤੇ ਉਥੋਂ ਦੇ ਲੋਕਾਂ, ਨੂੰ ਜੋ ਪਹਿਲਾਂ ਸੁਲਤਾਨੀਏ ਸਨ, ਸੁਲਤਾਨ ਵਲੋਂ ਹਟਾ ਕੇ ਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਇਹਨਾਂ ਪਿੰਡਾਂ ਦੀ ਸੰਗਤ ਨੇ ਇਸ ਕਿਰਪਾ ਭਾਵ ਬਦਲੇ ਬਾਬਾ ਜੀ ਦਾ ਬਹੁਤ ਸਤਿਕਾਰ ਕੀਤਾ। ਕਾਰਨ ਇਸ ਮਾਣ ਸਤਿਕਾਰ ਦਾ ਬਹੁਤਾ ਇਹੋ ਕਿ ਆਪ ਗੁਰੂ ਨਾਨਕ ਦੇ ਖ਼ਾਨਦਾਨ ਵਿਚੋਂ ਰਹਿਣੀ ਬਹਿਣੀ ਵਿਚ ਪੱਕੇ ਗੁਰਸਿੱਖ ਸਨ ਜਿਸ ਕਰਕੇ ਲੋਕੀਂ ਆਪ ਤੋਂ ਅੰਮ੍ਰਿਤ ਛਕਣ ਵਿਚ ਬੜਾ ਫਖਰ ਸਮਝਦੇ ਸਨ।

ਇਹਨਾਂ ਹੀ ਦਿਨਾਂ ਵਿਚ ਆਪ ਜਦ ਮਾਲਵੇ ਦਾ ਦੌਰਾ ਕਰ ਰਹੇ ਸਨ ਤਾਂ ਆਪ ਦੇ ਕੰਨਾਂ ਵਿਚ ਨਵਾਬ ਮਾਲੇਰ ਕੋਟਲਾ ਦੇ ਰਈਸ ਰਾਇਕੋਟ ਦੀਆਂ ਵਧੀਕੀਆਂ ਦੀ ਸ਼ਿਕਾਇਤ ਪਈ, ਜਿਸ ਕਰਕੇ ਆਪ ਨੇ ਪਹਿਲਾਂ ਮਲੇਰ ਕੋਟਲੇ ਉਤੇ ਹਮਲਾ ਕਰ ਦਿੱਤਾ। ਇਸ ਹਮਲੇ ਦਾ ਕੁਝ ਕਾਰਨ ਇਹ ਵੀ ਸੀ ਕਿ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਸ੍ਰੀ ਦਸਮੇਸ਼ ਜੀ ਦੇ ਆਨੰਦਪੁਰ ਛੱਡਣ ਸਮੇਂ ਰੋਪੜ ਦੇ ਨੇੜੇ, ਜਦ ਕਿ ਸਿੱਖਾਂ ਉਤੇ ਮੁਗ਼ਲੇਈ ਫੌਜਾਂ ਨੇ ਹਮਲਾ ਕੀਤਾ ਤਾਂ ਹਥੋ ਹਥੀ ਦੀ ਲੜਾਈ ਵਿਚ ਗੁਰੂ ਸਾਹਿਬ ਦੀ ਇਕ ਟਹਿਲਣ, ਜੋ "ਮਾਈ ਜੀ" ਕਹਿ ਕੇ ਬੁਲਾਈ ਜਾਂਦੀ ਸੀ, ਗੁਰੂ ਸਾਹਿਬ ਦੇ ਮਹਿਲ ਸਮਝ ਕੇ ਫੜ ਲਈ ਤੇ ਉਸ ਮਾਈ ਨੂੰ ਮਾਲੇਰ ਕੋਟਲੇ ਲਿਜਾ ਕੇ ਮੁਸਲਮਾਨ ਬਣਾਉਣ ਦਾ ਜਤਨ ਕੀਤਾ, ਪਰ ਉਹ ਨਾ ਮੰਨੀ, ਜਿਸ ਕਰਕੇ ਤੀਰਾਂ ਨਾਲ ਵਿੰਨ੍ਹ ਵਿੰਨ੍ਹ ਕੇ ਮਾਰੀ ਤੇ ਮਾਲੇਰ ਕੋਟਲੇ ਦੇ ਕਬਰਸਤਾਨ ਵਿਚ ਦਫਨਾਈ ਗਈ। ਬਾਬਾ ਸਾਹਿਬ ਸਿੰਘ ਨੇ ਨਵਾਬ ਅਤਾਉੱਲਾ ਖ਼ਾਨ ਤੋਂ, ਜੋ ਇਸ ਸਮੇਂ ਮਾਲੇਰ ਕੋਟਲੇ ਦਾ ਨਵਾਬ ਸੀ, ਉਸ ਮਾਈ ਦੀਆਂ ਅਸਥੀਆਂ ਮੰਗੀਆਂ ਤਾਂਕਿ ਉਸ ਦਾ ਬਾਕਾਇਦਾ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਸਸਕਾਰ ਕੀਤਾ ਜਾ ਸਕੇ, ਤਾਂ ਨਵਾਬ ਇਸ ਗਲੋਂ ਸਾਫ਼ ਇਨਕਾਰੀ ਹੋ ਗਿਆ। ਦੂਜਾ ਕਾਰਨ ਇਹ ਸੀ ਕਿ ਨਵਾਬ ਮਾਲੇਰ ਕੋਟਲਾ ਨੇ ਸੰਨ 1762 ਈ: ਵਿਚ ਵੱਡੇ ਘਲੂਘਾਰੇ ਸਮੇਂ, ਜੋ ਕੁਪ ਰਹੀੜੇ ਦੇ ਸਥਾਨ ਪੁਰ ਹੋਇਆ, ਅਹਿਮਦ ਸ਼ਾਹ ਦੁਰਾਨੀ

ਨੂੰ ਮਦਦ ਦੇ ਕੇ ਸਿੱਖਾਂ ਨੂੰ ਮਰਵਾਇਆਂ ਸੀ। ਆਖਰ ਬਾਬਾ ਸਾਹਿਬ ਸਿੰਘ ਜੀ ਨੇ ਹੱਲਾ ਕੀਤਾ, ਦੋਹਾਂ ਧਿਰਾਂ ਦੀ ਗਹਿ ਗਚ ਲੜਾਈ ਹੋਣ ਤੇ ਨਵਾਬ ਅਤਾਉੱਲਾ ਖ਼ਾਨ ਸਖਤ ਜ਼ਖਮੀ ਹੋਇਆ ਤੇ ਬਾਬਾ ਸਾਹਿਬ ਦੀ ਫ਼ਤਹਿ ਹੋਈ। ਆਖ਼ਰ ਬੇਗਮ ਮਾਲੇਰ ਕੋਟਲੇ ਦੇ ਅਧੀਨਗੀ ਜ਼ਾਹਿਰ ਕਰਨ ਤੇ ਉਸ ਦਾ ਜਿਤਿਆ ਹੋਇਆ ਇਲਾਕਾ ਉਨ ਨੂੰ ਵਾਪਸ ਕਰ ਦਿੱਤਾ ਜੋ ਬਾਬਾ ਜੀ ਗੁਰੂ ਦਸਮੇਸ਼ ਦੀ ਉਸ ਟਹਿਲਣ ਦੀਆਂ ਹੱਡੀਆਂ ਕਬਰ ਵਿਚੋਂ ਕਢਵਾ ਕੇ ਤੇ ਉਸ ਦਾ ਸਸਕਾਰ ਕਰ ਕੇ ਵਾਪਸ ਪਰਤ ਗਏ।

ਮਾਲੇਰ ਕੋਟਲੇ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਨੇ ਦੂਜਾ ਹਮਲਾ ਰਾਇਕੋਟ ਦੇ ਮੁਸਲਮਾਨ ਰਈਸ ਰਾਇ ਅਲਿਆਸ ਉਤੇ ਕੀਤਾ ਤੇ ਇਕ ਚੰਗੀ ਲੜਾਈ ਲੜ ਕੇ ਉਸ ਨੂੰ ਆਪਣੇ ਅਧੀਨ ਕਰ ਲਿਆ। ਇਸ ਤਰ੍ਹਾਂ ਰਾਇ ਕੋਟ ਜੋਧਾਂ ਮਨਸੂਰਾਂ, ਜਗਰਾਉਂ ਅਤੇ ਲੁਧਿਆਣੇ ਦੇ ਇਲਾਕੇ ਉਤੇ ਬਾਬਾ ਜੀ ਦਾ ਕਬਜ਼ਾ ਹੋ ਗਿਆ। ਇਹ ਘਟਨਾ 1798 ਈ: ਦੀ ਹੈ। ਕਾਰਨ ਇਸ ਘਟਨਾ ਦਾ ਵੀ ਬਹੁਤਾ ਇਹੋ ਹੈ ਕਿ ਰਈਸ ਰਾਇਕੋਟ ਨੇ ਸੰਨ 1762 ਵਿਚ ਅਹਿਮਦਸ਼ਾਹ ਦੁੱਰਾਨੀ ਨੂੰ ਮਦਦ ਦੇ ਕੇ ਪਿੰਡ ਕੁੱਪ ਰਹੀੜੇ ਦੇ ਘਲੂਘਾਰੇ ਸਮੇਂ ਸਿੱਖਾਂ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਸੀ। ਸੰਨ 1762 ਤੋਂ ਬਾਅਦ ਸਿੱਖਾਂ ਦੀਆਂ 12 ਮਿਸਲਾਂ ਦਾ ਜ਼ੋਰ ਵਧਣ ਤੇ ਭਾਵੇਂ ਨਵਾਬ ਮਾਲੇਰ ਕੋਟਲਾ ਨੇ ਸ੍ਰੀ ਦਸਮੇਸ਼ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸਾਕੇ ਸਮੇਂ ਬਚਾਉਣ ਦੀ ਦੁਹਾਈ ਦੇ ਕੇ ਅਤੇ ਰਈਸ ਰਾਇਕੋਟ ਨੇ ਗੁਰੂ ਦਸਮੇਸ਼ ਦੀਆਂ ਦੋ ਪਵਿੱਤਰ ਚੀਜ਼ਾਂ ਇਕ ਤਲਵਾਰ ਤੇ ਇਕ ਗੰਗਾਸਾਗਰ ਉਹਨਾਂ ਵਲੋਂ ਆਪਣੇ ਖ਼ਾਨਦਾਨ ਨੂੰ ਬਖਸ਼ਿਸ਼ ਹੋਈ ਦੱਸ ਕੇ ਸਿੱਖਾਂ ਦੀ ਮਾਰ ਤੋਂ ਬਚਣ ਦਾ ਜਤਨ ਕੀਤਾ, ਪਰ ਇਹ ਸਭ ਫਰਜ਼ੀ ਗੱਲਾਂ ਸਨ ਜਿਨ੍ਹਾਂ ਦਾ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਦਿਲ ਉਤੇ, ਜੋ ਅਸਲ ਹਕੀਕਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ, ਕੋਈ ਅਸਰ ਨਾ ਹੋਇਆ ਤੇ ਉਹਨਾਂ ਨੇ ਇਹਨਾਂ ਸਰਕੱਸ਼ ਰਈਸਾਂ ਨੂੰ ਦੰਡ ਦੇ ਕੇ ਹੀ ਛੱਡਿਆ।

## ਸਿੱਖ ਰਾਜ ਨਾਲ ਸੰਬੰਧ

ਸਿੱਖਾਂ ਦੀਆਂ 12 ਮਿਸਲਾਂ ਭਾਵੇਂ ਪਾਨੀਪਤ ਕਰਨਾਲ ਤੋਂ ਲੈ ਕੇ ਦਰਿਆ ਅਟਕ ਤਕ ਫੈਲੀਆਂ ਹੋਈਆਂ ਸਨ, ਪਰ ਫੇਰ ਛੇਤੀ ਹੀ ਇਹ ਮਿਸਲਾਂ ਆਪਸ ਦੀ ਦੁਫੇੜ ਦੇ ਕਾਰਣ ਦੋ ਹਿੱਸਿਆ ਵਿਚ ਵੰਡੀਜ ਗਈਆਂ। (1) ਸਤਲੁਜੋਂ ਪਾਰ ਦੀਆਂ ਸਿੱਖ ਮਿਸਲਾਂ ਜਿਨ੍ਹਾਂ ਵਿਚ ਮਿਸਲ ਭੰਗੀਆਂ, ਮਿਸਲ ਰਾਮਗੜ੍ਹੀਆਂ, ਮਿਸਲ ਕਨ੍ਹੈਈਆਂ, ਮਿਸਲ ਸਿੰਘ ਪੁਰੀਆਂ, ਮਿਸਲ ਨਕੱਈਆਂ ਤੇ ਮਿਸਲ ਸੁਕਰਚਕੀਆਂ ਸ਼ਾਮਲ ਸਨ ਤੇ (2) ਸਤਲੁਜੋਂ ਉਰਾਰ ਦੀਆ ਸਿੱਖ ਮਿਸਲਾਂ, ਜਿਨ੍ਹਾਂ ਵਿਚ ਮਿਸਲ ਕਰੋੜੀਆਂ ਤੇ ਮਿਸਲ ਫੂਲਕੀਆਂ ਸ਼ਾਮਲ ਸਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ, ਜੋ ਸੁਕਰ ਚੱਕੀਆ ਮਿਸਲ ਦੇ ਮੋਢੀ ਸਰਦਾਰ ਮਹਾਂ ਸਿੰਘ ਦਾ ਪੁਤਰ ਸੀ, ਸੰਨ 1794 ਤੋਂ ਲੈ ਕੇ ਸੰਨ 1806 ਈ: ਤਕ ਲਗ ਪਗ 19 ਕੁ ਵਰ੍ਹਿਆਂ ਦੇ ਸਮੇਂ ਵਿਚ ਹੀ ਸਤਲੁਜੋਂ ਪਾਰ ਦੀਆਂ ਲਗ ਪਗ ਸਾਰੀਆਂ ਹੀ ਮਿਸਲਾਂ ਨੂੰ ਖ਼ਤਮ ਕਰ ਕੇ ਇਕ ਬੜੇ ਪੱਕੇ ਤੇ ਮਜ਼ਬੂਤ ਸਿੱਖ ਰਾਜ ਦੀ ਨੀਂਹ ਰੱਖ ਦਿੱਤੀ। ਜਿਸ ਕਰ ਕੇ ਹਿਠਾੜ ਸਤਲੁਜ ਦੀਆ ਸਿੱਖ ਮਿਸਲਾਂ ਦੇ ਰਈਸਾਂ ਨੂੰ ਫਿਕਰ ਪਿਆ ਤੇ ਉਹਨਾਂ ਨੇ ਰਣਜੀਤ ਸਿੰਘ ਦੀ ਮਾਰ ਤੋਂ ਬਚਣ ਲਈ ਸਰਕਾਰ ਅੰਗਰੇਜ਼ੀ ਦੀ ਸ਼ਰਨ ਤਕਾਈ ਜੋ ਉਸ ਸਮੇਂ ਮੁਗਲ ਦੀ ਰਾਜਧਾਨੀ ਦਿੱਲੀ ਉਤੇ ਕਬਜ਼ਾ ਜਮਾ ਰਹੀ ਸੀ। ਬਾਬਾ ਸਾਹਿਬ ਸਿੰਘ ਜੀ ਬੇਦੀ ਨੇ, ਜੋ ਇਸ ਸਾਜ਼ ਬਾਜ਼ ਤੋਂ ਅਨਜਾਣ ਨਹੀਂ ਸਨ ਤੇ ਹਿਠਾੜ ਸਤਲੁਜ ਦੇ ਸਿੱਖ ਰਈਸਾਂ ਵਿਚ ਬੜਾ ਰਸੂਖ ਵੀ ਰਖਦੇ ਸਨ, ਸਿੱਖਾਂ ਨੂੰ ਇਸ ਗ਼ਲਤੀ ਤੋਂ ਰੋਕਣ ਦਾ ਭਰਪੂਰ ਜਤਨ ਕੀਤਾ ਤੇ ਲਖਨੌਰ ਪਹੁੰਚ ਕੇ ਸੁਲਾਹ ਵੀ ਕਰਵਾਈ ਪਰ ਤੀਰ ਇਕ ਵੇਰ ਚੂੰਕਿ ਕਮਾਨ ਚੋਂ ਚੱਲ ਚੁਕਿਆ ਸੀ, ਇਸ ਲਈ ਸਰਕਾਰ ਅੰਗਰੇਜ਼ੀ ਦੀ ਰੱਖਿਆ ਨੂੰ ਆਪਣੇ ਘਰ ਦੀ ਰੱਖਿਆ ਨਾਲੋਂ ਮੁਫ਼ੀਦ ਸਮਝ ਕੇ ਸਿੱਖ ਰਈਸ ਇਸ ਬੀਮਾਰੀ ਤੋਂ ਕਿਸੇ ਤਰ੍ਹਾਂ ਵੀ ਬਚਾਏ ਨਾ ਜਾ ਸਕੇ, ਜਿਸ ਕਰ ਕੇ ਸੰਨ 1809 ਵਿਚ ਹੋਈ। ਮਹਾਰਾਜਾ ਰਣਜੀਤ ਸਿੰਘ ਤੇ ਸਰਕਾਰ ਅੰਗਰੇਜ਼ੀ ਦੀ ਮਿਤਰਾ-ਚਾਰੀ ਦੀ ਸੰਧੀ ਦੇ ਮੁਤਾਬਿਕ ਲੁਧਿਆਣੇ ਅੰਗਰੇਜ਼ਾਂ ਦਾ ਅੱਡਾ ਜੰਮ ਗਿਆ ਤੇ ਫੇਰ ਛੇਤੀ ਹੀ ਇਕ ਸਿੱਖ ਰਈਸ ਦੇ ਮਰਨ ਤੇ ਉਹਨਾਂ ਨੇ

ਫ਼ੀਰੋਜ਼ਪੁਰ ਉਤੇ ਵੀ ਕਬਜ਼ਾ ਜਮਾ ਲਿਆ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਬਾਬਾ ਸਾਹਿਬ ਸਿੰਘ ਜੀ ਬੇਦੀ ਨਾਲ ਦਿਲੀ ਅਕੀਦਤ ਰਖਦੇ ਸਨ, ਇਸ ਲਈ ਉਹਨਾਂ ਨੇ ਸਰਦਾਰ ਜੋਧ ਸਿੰਘ ਵਜ਼ੀਰਾਬਾਦੀ ਵਲੋਂ ਹੋਏ ਹਮਲੇ ਸਮੇਂ ਮਦਦ ਲੈਣ ਤੇ, ਬਾਬਾ ਸਾਹਿਬ ਹੋਰਾਂ ਨੂੰ ਜੰਮੂ ਦੇ ਨੇੜੇ ਚਪੜਾਲ ਦਾ ਇਲਾਕਾ ਸ਼ੁਕਰਾਨੇ ਤੇ ਨਜ਼ਰਾਨੇ ਵਜੋਂ ਭੇਟਾ ਕੀਤਾ। ਇਸੇ ਤਰ੍ਹਾਂ ਸੰਨ 1799 ਈ: ਵਿਚ ਲਾਹੌਰ ਉਤੇ ਕਬਜ਼ਾ ਹੋਣ ਤੇ ਜਦ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਗੀ ਦੀ ਪਦਵੀ ਧਾਰਣ ਕੀਤੀ ਤਾਂ ਉਹਨਾਂ ਨੂੰ ਰਾਜ ਤਿਲਕ ਦੇਣ ਵਾਲੇ ਬਾਬਾ ਸਾਹਿਬ ਜੀ ਹੀ ਸਨ। ਜਿਨ੍ਹਾਂ ਨੇ ਰਾਮ ਨਗਰ ਦੇ ਸਥਾਨ ਪੁਰ ਮਹਾਰਾਜੇ ਨੂੰ ਬੜੇ ਮਾਣ ਨਾਲ ਕਿਹਾ ਸੀ, "ਮੈਂ ਸਾਰੇ ਗਹਿਣੇ ਭੰਨ ਕੇ ਇਕ ਹੰਸ ਘੜਾਇਆ" ਅਰਥਾਤ ਸਾਰੀਆਂ ਸਿੱਖ ਮਿਸਲਾਂ ਦੀ ਥਾਵੇਂ ਇਕੋ ਇਕ ਸਿੱਖ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਨੂੰ ਹੀ ਪ੍ਰਵਾਨ ਕੀਤਾ ਹੈ।

ਇਸ ਰਾਜ ਤਿਲਕ ਦੀ ਰਸਮ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਗੁਜਰਾਂਵਾਲਾ, ਵਜ਼ੀਰਾਬਾਦ ਆਦਿ ਥਾਵੀਂ ਹੁੰਦੇ ਹੋਏ ਰਾਵਲਪਿੰਡੀ ਦੇ ਇਲਾਕੇ ਕਲਰ ਤੇ ਸੁਖੋ ਵਾਲ ਚਲੇ ਗਏ। ਜਿਥੇ ਕੁਝ ਚਿਰ ਨਿਵਾਸ ਕਰਕੇ ਉਹਨਾਂ ਬ੍ਰਹਮ ਗਿਆਨੀ ਬਾਬਾ ਬੀਰ ਸਿੰਘ, ਭਾਗ ਸਿੰਘ ਆਦਿ ਨੂੰ ਨਾਮ ਦਾ ਉਪਦੇਸ਼ ਦਿੱਤਾ ਤੇ ਉਸ ਇਲਾਕੇ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਅਜਿਹਾ ਕੇਂਦਰ ਕਾਇਮ ਕੀਤਾ, ਜਿਸ ਕਰਕੇ ਉਹ ਇਲਾਕਾ ਹਮੇਸ਼ਾਂ ਲਈ ਗੁਰਸਿਖੀ ਦੀ ਰੰਗਣ ਵਿਚ ਰੰਗਿਆ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਤੋਂ ਬਾਅਦ ਬਾਬਾ ਸਾਹਿਬ ਸਿੰਘ ਨੂੰ ਹੁਜਰੇ ਦਾ ਇਲਾਕਾ, ਜੋ ਤਹਿਸੀਲ ਦੀਪਾਲਪੁਰ ਵਿਚ ਹੈ, ਭੇਟਾ ਵਜੋਂ ਦਿੱਤਾ। ਇਸ ਇਲਾਕੇ ਦੇ ਸੱਯਦ, ਜੋ ਮਿੰਟਗੁਮਰੀ ਤੋਂ ਲੈ ਕੇ ਬਹਾਵਲਪੁਰ ਤਕ ਆਪਣਾ ਅਸਰ ਰਸੂਖ ਰਖਦੇ ਸਨ, ਬਾਬਾ ਜੀ ਦੇ ਵਿਰੁੱਧ ਉੱਠ ਖੜੇ ਹੋਏ ਤੇ ਉਹਨਾਂ ਨੇ ਆਪਣੀ ਮੁਰੀਦ ਇਕ ਕੰਜਰੀ ਨਾਲ ਸਾਜ਼ ਬਾਜ਼ ਕਰਕੇ, ਜੋ ਰਾਜਾ ਨਿਹਾਲ ਸਿੰਘ ਕਪੂਰਥਲੇ ਵਾਲੇ ਦੀ ਨਾਚੀ ਸੀ, ਕੁਝ ਹੁਲੜ ਮਚਾਇਆ, ਪਰ ਮੌਕੇ ਸਿਰ ਪਤਾ ਲੱਗਣ ਤੇ ਬਾਬਾ ਸਾਹਿਬ ਜੀ ਨੇ ਉਸ ਦੀ ਸ਼ੋਰਸ਼ ਇਕਦੰਮ ਦਬਾ ਦਿੱਤੀ ਤੇ ਦੋਸ਼ੀਆਂ ਨੂੰ ਉਚਿਤ ਦੰਡ ਦਿੱਤਾ ਗਿਆ। ਸੱਯਦ ਕੁਰਬਾਨ ਅਲੀ ਸ਼ਾਹ, ਜੋ ਇਸ ਸ਼ੋਰਸ਼ ਦਾ ਮੋਢੀ ਸੀ, ਅਚਾਨਕ ਕੈਦ ਹੋਣ ਦੇ ਡਰ ਤੋਂ ਨਸਦਾ ਹੋਇਆ ਮਾਰਿਆ ਗਿਆ।

ਨਾ ਕੇਵਲ ਮਹਾਰਾਜਾ ਰਣਜੀਤ ਸਿੰਘ ਨੇ ਹੀ, ਸਗੋਂ ਉਸ ਦੀ ਸੱਸ ਰਾਣੀ ਸਦਾ ਕੌਰ ਨੇ ਵੀ ਇਸ ਸਮੇਂ ਕੁਝ ਇਲਾਕਾ ਬਾਬਾ ਸਾਹਿਬ ਸਿੰਘ ਜੀ ਨੂੰ ਭੇਟਾ ਦੇ ਤੌਰ ਤੇ ਦਿੱਤਾ। ਭਾਵੇਂ ਉਸ ਸਮੇਂ ਬਾਬਾ ਬੇਦੀ ਸਾਹਿਬ ਦੇ ਮੁਕਾਬਲੇ ਤੇ, ਜਿਵੇਂ ਕਿ ਪਿਛੇ ਦਸਿਆ ਗਿਆ ਹੈ, ਬਹੁਤ ਸਾਰੇ ਸੋਢੀ ਸਾਹਿਬਜ਼ਾਦੇ ਵੀ ਮੌਜੂਦ ਸਨ, ਜਿਹਨਾਂ ਵਿਚੋਂ ਕਰਤਾਰਪੁਰੀਏ ਆਨੰਦਪੁਰੀਏ ਸੋਢੀ ਤਾਂ ਮਹਾਰਾਜੇ ਦੇ ਬਹੁਤ ਨੇੜੇ ਨੇੜੇ ਹੋ ਕੇ ਰਹਿੰਦੇ ਸਨ, ਪਰ ਉਹਨਾਂ ਦੀ ਪੁੱਛ ਉਹਨਾਂ ਦੇ ਦਰਬਾਰ ਵਿਚ ਏਨੀ ਨਹੀਂ ਸੀ। ਕਰਤਾਰਪੁਰੀਏ ਸੋਢੀ ਬਾਬਾ ਸਾਧੂ ਸਿੰਘ ਹੋਰੀਂ ਤਾਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਉਹ ਬੀੜ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਨੇ ਉਹਨਾਂ ਦੇ ਹੁਕਮ ਮੁਜਬ ਲਿਖੀ ਸੀ, ਮਹਾਰਾਜੇ ਪਾਸ ਲਾਹੌਰ ਹੀ ਭੇਜ ਚੁਕੇ ਸਨ ਤੇ ਉਹ ਬੀੜ ਭਾਈ ਬੰਨੋ ਜੀ ਦੀ ਖਾਰੀ ਬੀੜ ਸਮੇਤ ਕਿਲ੍ਹਾ ਲਾਹੌਰ ਦੇ ਮੋਤੀ ਮੰਦਿਰ ਵਿਚ, ਜਿਸ ਨੂੰ ਮੋਤੀ ਮਸਜਿਦ ਵੀ ਕਹਿੰਦੇ ਸਨ ਜਾਂ ਰਾਜ ਮਹਿਲਾਂ ਦੇ ਗੁਰਦੁਆਰੇ ਵਿਚ ਸਥਾਪਿਤ ਕੀਤੀਆਂ ਹੋਈਆਂ ਸਨ। ਇਹਨਾਂ ਪਵਿਤਰ ਬੀੜਾਂ ਦੇ ਗਰੰਥੀ ਵੀ ਸੋਢੀ ਸਾਹਿਬ ਆਪ ਹੀ ਸਨ, ਪਰ ਫੇਰ ਵੀ ਰਾਜ ਦਰਬਾਰ ਦੇ ਸਾਰੇ ਧਾਰਮਿਕ ਵਿਧੀ-ਵਿਧਾਨ ਅਥਵਾ ਕਾਰਜ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਅਗਵਾਈ ਵਿਚ ਹੀ ਸੰਪੰਨ ਹੁੰਦੇ ਸਨ।

ਇਹ ਸੰਬੰਧ ਨਾ ਕੇਵਲ ਮਹਾਰਾਜਾ ਰਣਜੀਤ ਸਿੰਘ ਤੇ ਬਾਬਾ ਸਾਹਿਬ ਸਿੰਘ ਜੀ ਦੇ ਜੀਵਨ-ਕਾਲ ਤਕ ਹੀ ਦਰਬਾਰ ਲਾਹੌਰ ਨਾਲ ਉਹਨਾਂ ਦਾ ਸਬੰਧ ਰਿਹਾ, ਸਗੋਂ ਮਹਾਰਾਜੇ ਤੋਂ ਪਿਛੋਂ ਬਾਬਾ ਜੀ ਦੇ ਸੁਪੁਤਰ ਬਾਬਾ ਬਿਕਰਮ ਸਿੰਘ

ਬੇਦੀ ਵੀ ਸਾਰੇ ਕੰਮ ਬੜੀ ਦਿਲੀ ਭਾਵਨਾ ਤੇ ਦਿਆਨਤਦਾਰੀ ਨਾਲ ਭੁਗਤਾਉਂਦੇ ਰਹੇ ।

## ਹੋਰ ਰੁਝੇਵੇਂ, ਯਾਤਰਾ ਤੇ ਮੇਲ-ਮਿਲਾਪ

ਬਾਬਾ ਸਾਹਿਬ ਸਿੰਘ ਜੀ ਬੇਦੀ ਨਾ ਕੇਵਲ ਰਾਜਸੀ ਆਗੂਆਂ ਨਾਲ ਹੀ ਮੇਲ-ਜੋਲ ਰਖਦੇ ਰਹੇ, ਸਗੋਂ ਅਨੇਕ ਸਾਧੂ, ਮਹਾਤਮਾ, ਭਜਨੀਕ ਪੁਰਸ਼, ਭਗਤੀ ਭਾਵ ਰੱਖਣ ਵਾਲੇ ਸੱਜਣ, ਵਿਦਵਾਨ, ਕਵੀ ਤੇ ਲਿਖਾਰੀ ਵੀ ਉਹਨਾਂ ਦੇ ਸਤਿਸੰਗ ਦਾ ਲਾਭ ਉਠਾਉਂਦੇ ਰਹੇ ਸਨ । ਸਾਧੂ-ਸੰਤਾਂ ਵਿਚੋਂ ਭਾਈ ਦੁਖਭੰਜਨ ਜੀ, ਭਾਈ ਵਸਤੀ ਰਾਮ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ, ਭਾਈ ਭਾਗ ਸਿੰਘ, ਬਾਬਾ ਜਸਵੰਤ ਸਿੰਘ ਪ੍ਰਸਿੱਧ ਨਾਮ ਬਾਬਾ ਖ਼ੁਦਾ ਸਿੰਘ ਲਾਹੌਰ ਵਾਲੇ ਤੇ ਕਵੀਆਂ ਵਿਦਵਾਨਾਂ ਵਿਚੋਂ ਗੁਰੂ ਪ੍ਰਤਾਪ ਸੂਰਜ ਤੇ ਨਾਨਕ ਪ੍ਰਕਾਸ਼ ਦੇ ਲੇਖਕ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਤੇ ਗੁਰੂ ਜਸ ਹੁਲਾਸ ਦੇ ਲੇਖਕ ਕਵੀ ਲਾਲ ਦਾਸ ਉਹਨਾਂ ਦੇ ਖ਼ਾਸ ਸਨੇਹੀਆਂ ਵਿਚੋਂ ਸਨ ਜੋ ਉਹਨਾਂ ਨੂੰ ਮਿਲਦੇ ਰਹਿੰਦੇ ਸਨ । ਇਸੇ ਤਰ੍ਹਾਂ ਸਿੱਖ ਸਰਦਾਰਾਂ ਵਿਚੋਂ ਸਰਦਾਰ ਹਰੀ ਸਿੰਘ ਨਲਵਾ, ਸ: ਅਮੀਰ ਸਿੰਘ ਸੰਧਾਵਾਲੀਆ, ਸ: ਫ਼ਤੇ ਸਿੰਘ, ਬੁੱਧ ਸਿੰਘ ਸਿੰਘ-ਪੁਰੀਆ, ਅਕਾਲੀ ਫੂਲਾ ਸਿੰਘ ਜੀ ਆਦਿ ਉਹਨਾਂ ਦੇ ਪਰਮ ਸਨੇਹੀ ਸਨ । ਇਹਨਾਂ ਤੋਂ ਬਿਨਾਂ ਸੋਢੀ ਸਾਹਿਬਜ਼ਾਦਿਆਂ ਨਾਲ ਵੀ ਬਾਬਾ ਜੀ ਦਾ ਬਹੁਤ ਦਿਲੀ ਸਨੇਹ ਸੀ ।

ਸ੍ਰੀ ਨਨਕਾਣਾ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਕਰਤਾਰਪੁਰ, ਡੇਰਾ ਬਾਬਾ ਨਾਨਕ, ਸ੍ਰੀ ਆਨੰਦਪੁਰ ਆਦਿ ਪ੍ਰਸਿੱਧ ਗੁਰਧਾਮਾਂ ਦੀ ਯਾਤਰਾ ਬਾਬਾ ਜੀ ਨੇ ਇਕ ਵਾਰ ਨਹੀਂ, ਸਗੋਂ ਅਨੇਕ ਵਾਰ ਕੀਤੀ, ਜਿਸ ਤੋਂ ਉਹਨਾਂ ਦੇ ਦਿਲੀ ਸ਼ਰਧਾ ਭਾਵ ਦਾ ਪਤਾ ਲਗਦਾ ਹੈ । ਆਪਣੀ ਜ਼ਿੰਦਗੀ ਦੇ ਦੌਰਾਨ ਵਿਚ ਭਾਵੇਂ ਉਹਨਾਂ ਨੇ ਕੁਝ ਮੁਲਕੀ ਜਿੱਤਾਂ ਵੀ ਕੀਤੀਆਂ, ਜਿਵੇਂ ਕਿ ਉਹਨਾਂ ਦੇ ਜੀਵਨ ਤੋਂ ਕੁਝ ਹਵਾਲੇ ਮਿਲਦੇ ਹਨ, ਪਰ ਇਸ ਤਰ੍ਹਾਂ ਇਕ ਜੰਗੀ ਜੋਧੇ ਹੋਣ ਦੇ ਬਾਵਜੂਦ ਵੀ ਆਪ ਇਕ ਸੰਤ ਸਿਪਾਹੀ ਅਥਵਾ ਧਾਰਮਿਕ ਪਹਿਰੇਦਾਰ ਸਨ, ਜਿਸ ਕਰਕੇ ਆਪ ਦਾ ਬਹੁਤਾ ਸਮਾਂ ਸਿੱਖ ਧਰਮ ਦਾ ਪ੍ਰਚਾਰ ਕਰਦਿਆਂ ਹੀ ਗੁਜ਼ਰਿਆ । ਸੰਮਤ 1891 ਬਿਕਰਮੀ ਮੁਤਾਬਿਕ ਸੰਨ 1834 ਈ: ਵਿਚ, ਜਦੋਂ ਸਿੱਖ ਰਾਜ ਪੰਜਾਬ ਦੇ ਨਿਰਮਲ ਆਕਾਸ਼ ਉਤੇ ਸੂਰਜ ਦੀ ਤਰ੍ਹਾਂ ਬੜੀ ਤੇਜ਼ੀ ਨਾਲ ਡਲ੍ਹਕਾਂ ਮਾਰ ਰਿਹਾ ਸੀ ਤਾਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਦੇਹਾਂਤ ਊਨੇ ਦੇ ਸਥਾਨ ਪਰ ਹੋਇਆ, ਜਿਥੇ ਕਿ ਇਹਨਾਂ ਦੀ ਸਮਾਧ ਬਣੀ ਹੋਈ ਸੀ ।

## ਪਰਿਵਾਰ ਤੇ ਸੰਤਾਨ

ਬਾਬਾ ਸਾਹਿਬ ਸਿੰਘ ਜੀ ਦੇ ਤਿੰਨ ਪੁਤਰ ਸਨ, ਬਾਬਾ ਬਿਸ਼ਨ ਸਿੰਘ, ਤੇਗ ਸਿੰਘ ਤੇ ਬਿਕਰਮ ਸਿੰਘ । ਬਾਬਾ ਤੇਗ ਸਿੰਘ ਜੀ ਤਾਂ ਇਹਨਾਂ ਦੇ ਜੀਵਨ ਕਾਲ ਵਿਚ ਹੀ ਚੜ੍ਹਾਈ ਕਰ ਗਏ ਸਨ । ਉਹਨਾਂ ਤੋਂ ਪਿਛੋਂ ਵੱਡੇ ਸਾਹਿਬਜ਼ਾਦੇ ਬਾਬਾ ਬਿਸ਼ਨ ਸਿੰਘ ਜੀ ਦਾ ਸੁਰਗਵਾਸ ਸੰਨ 1839 ਵਿਚ ਹੋ ਗਿਆ । ਫੇਰ ਪਿੱਛੇ ਰਹੇ ਬਾਬਾ ਬਿਕਰਮ ਸਿੰਘ ਜੀ ਬੇਦੀ, ਜੋ ਸਿੱਖ ਰਾਜ ਦੇ ਹਮੇਸ਼ਾਂ ਪੂਰੇ ਪੂਰੇ ਵਫ਼ਾਦਾਰ ਰਹੇ ਤੇ ਉਹਨਾਂ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਨੇਹ ਅੰਤਮ ਸਵਾਸਾਂ ਤਕ ਨਿਭਾਇਆ । ਮਹਾਰਾਜਾ ਖੜਗ ਸਿੰਘ, ਕੌਰ ਨੌ ਨਿਹਾਲ ਸਿੰਘ, ਮਹਾਰਾਜਾ ਦਲੀਪ ਸਿੰਘ ਦੇ ਸਮੇਂ ਤਕ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਤੇ ਦੂਜੀ ਲੜਾਈ ਦੇ ਸਮੇਂ ਸੰਨ 1845-46 ਤੇ ਸੰਨ 1848-49 ਵਿਚ ਹਮੇਸ਼ਾਂ ਬੜੀ ਮਰਦਾਨਗੀ ਨਾਲ ਸਿੱਖਾਂ ਦਾ ਸਾਥ ਦਿੰਦੇ ਰਹੇ । ਸਿੱਖਾਂ ਦੀ ਦੂਜੀ ਲੜਾਈ ਦੇ ਸਮੇਂ ਜੋ ਸੰਨ 1848-49 ਵਿਚ ਰਾਮ ਨਗਰ, ਚੇਲੀਆਂ ਵਾਲਾ ਤੇ ਗੁਜਰਾਤ ਦੇ ਸਥਾਨ ਪਰ ਹੋਈ, ਬਾਬਾ ਬਿਕਰਮ ਸਿੰਘ ਜੀ ਬੇਦੀ ਨੇ ਦੇਸ਼-ਕੌਮ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਗਾ ਦਿੱਤੀ ਤੇ ਲੜਾਈ ਵਿਚ ਅਗੇ ਵਧ ਵਧ ਕੇ ਤੇਗਾਂ ਮਾਰੀਆਂ । ਪਰ ਆਖ਼ਰ ਗੁਜਰਾਤ ਦੀ ਜੰਗ ਤੋਂ ਬਾਅਦ ਜਦ ਸਿੱਖਾਂ ਨੇ ਆਪਸ ਦੀ ਫੁੱਟ ਦੇ ਕਾਰਨ ਰਾਵਲਪਿੰਡੀ ਦੇ ਨੇੜੇ ਮਾਣਕਿਆਲੇ ਦੇ ਸਥਾਨ ਪਰ ਦੁਸ਼ਮਨ ਦੇ ਅੱਗੇ ਹਥਿਆਰ ਸੁੱਟਣੇ ਸ਼ੁਰੂ ਕੀਤੇ ਤਾਂ ਉਹਨਾਂ ਵਿਚੋਂ ਕੇਵਲ ਤਿੰਨ ਜੋਧੇ

ਅਜਿਹੇ ਸਨ ਜਿਹਨਾਂ ਨੇ ਹਥਿਆਰ ਨਾ ਸੁੱਟੇ । ਉਹ ਜੋਧੇ ਇਹ ਸਨ ;—

(1) ਭਾਈ ਮਹਾਰਾਜ ਸਿੰਘ ਜੀ ਨੌਰੰਗਾਬਾਦੀਏ ਅਥਵਾ ਅੰਮਿਤਸਰ ਵਾਲੇ, ਜੋ ਪਿੰਡ ਰੱਬੋਂ, ਮੁਤਸਿਲ ਮਲੌਦ ਜਿਲਾ ਲੁਧਿਆਣਾ ਦੇ ਵਸਨੀਕ ਸਨ ।

(2) ਕਰਨਲ ਰਛਪਾਲ ਸਿੰਘ ਜੀ ।

(3) ਬਾਬਾ ਬਿਕਰਮ ਸਿੰਘ ਜੀ ਬੇਦੀ ਊਨੇ ਵਾਲੇ ।

ਉਪਰੋਕਤ ਤਿੰਨਾਂ ਆਗੂਆਂ ਦੀ ਸਲਾਹ ਉਸ ਸਮੇਂ ਅਮੀਰ ਕਾਬਲ ਨਾਲ ਮਿਲ ਕੇ, ਜੋ ਉਸ ਸਮੇਂ ਸਿੱਖ ਰਾਜ ਦਾ ਪੂਰਾ ਪੂਰਾ ਵਫ਼ਾਦਾਰ ਤੇ ਅੰਗਰੇਜ਼ੀ ਰਾਜ ਦਾ ਵਿਰੋਧੀ ਸੀ, ਦਰਿਆ ਅਟਕ ਕੰਢੇ ਤੀਜਾ "ਸਿੱਖ ਅੰਗਰੇਜ਼ ਯੁੱਧ" ਰਚਾ ਕੇ ਅੰਗਰੇਜ਼ਾਂ ਨੂੰ ਪੂਰੀ ਪੂਰੀ ਸ਼ਿਕੱਸਤ ਦੇਣ ਦੀ ਸੀ, ਪਰ ਉਹਨਾਂ ਦੀ ਇਹ ਸੱਧਰ ਥੜ-ਦਿਲੇ ਸਰਦਾਰਾਂ ਨੇ, ਜੋ ਆਪਸ ਵਿਚ ਫਟੇ ਹੋਏ ਸਨ, ਪੂਰੀ ਨਾ ਹੋਣ ਦਿੱਤੀ ਤੇ ਦੁਸ਼ਮਣ ਦੇ ਸਾਹਮਣੇ ਪਹਿਲੇ ਹੀ ਹਥਿਆਰ ਸੁੱਟ ਦਿੱਤੇ । ਇਸੇ ਕਾਰਣ ਬਾਬਾ ਬਿਕਰਮ ਸਿੰਘ ਜੀ ਨਿਰਾਸ਼ ਹੋ ਕੇ ਪਹਿਲਾਂ ਤਾਂ ਮਹਾਰਾਜਾ ਸਿੰਘ ਹੋਰਾਂ ਦੇ ਨਾਲ ਹੀ ਕਸ਼ਮੀਰ ਦੇ ਇਲਾਕੇ ਵਿਚ ਰੂਪੋਸ਼ ਹੋ ਕੇ ਇਧਰ ਉਧਰ ਫਿਰਦੇ ਰਹੇ ਤੇ ਫੇਰ ਗ੍ਰਿਫਤਾਰ ਹੋਣ ਤੇ ਲਗ ਭਗ 13-14 ਸਾਲ ਨਜ਼ਰਬੰਦ ਰਹੇ । ਇਸ ਦੌਰਾਨ ਵਿਚ ਉਹਨਾਂ ਦੀ ਰਿਆਸਤ ਊਨਾ, ਜੋ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਬੜੇ ਯਤਨਾਂ ਨਾਲ ਬਣਾਈ ਸੀ, ਬੁਰੀ ਤਰ੍ਹਾਂ ਤਬਾਹ ਤੇ ਬਰਬਾਦ ਕੀਤੀ ਗਈ । ਤੋਪਾਂ ਬੀੜ ਕੇ ਉਹਨਾਂ ਦੇ ਕਿਲ੍ਹੇ ਢਾਹੇ ਗਏ ਤੇ ਰਾਜ ਭਾਗ ਦੀਆਂ ਸਾਰੀਆਂ ਨਿਸ਼ਾਨੀਆਂ ਮਿਟਾਈਆਂ ਗਈਆਂ, ਪਰ ਫੇਰ ਵੀ ਬਾਬਾ ਜੀ ਨੇ ਅੰਗਰੇਜ਼ੀ ਸਰਕਾਰ ਦੀ ਅਧੀਨਤਾ ਨਾ ਮੰਨੀ । ਆਖਰ ਸੰਨ 1862 ਵਿਚ ਉਹਨਾਂ ਦਾ ਸੁਰਗਵਾਸ ਹੋ ਗਿਆ ।

ਇਸ ਤੋਂ ਪਿਛੋਂ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਬਾਬਾ ਸਾਹਿਬ ਸਿੰਘ ਜੀ ਖ਼ਾਨਦਾਨ ਦੀਆਂ ਹੇਠ ਲਿਖੀਆਂ ਦੋ ਸ਼ਾਖਾਂ ਬਣ ਗਈਆਂ :—

(1) ਪਹਿਲੀ ਸ਼ਾਖ, ਜੋ ਬਾਬਾ ਬਿਸ਼ਨ ਸਿੰਘ ਜੀ ਦੀ ਸ਼ਾਖ ਅਖਵਾਉਂਦੀ ਹੈ, ਦੀ ਗੱਦੀ ਕੱਲਰ ਜ਼ਿਲਾ ਰਾਵਲਪਿੰਡੀ ਵਿਚ ਕਰਾਰ ਪਾਈ, ਜਿਸ ਵਿਚੋਂ ਕਰਮ ਅਨੁਸਾਰ ਬਾਬਾ ਬਿਸ਼ਨ ਸਿੰਘ ਤੋਂ ਬਾਅਦ ਬਾਬਾ ਅਤਰ ਸਿੰਘ, ਬਾਬਾ ਸੰਪੂਰਨ ਸਿੰਘ, ਬਾਬਾ ਖੇਮ ਸਿੰਘ ਟਿੱਕਾ ਜਗਜੀਤ ਸਿੰਘ, ਕੰਵਰ ਮਹਿੰਦਰ ਸਿੰਘ ਆਦਿ ਹੋਏ ।

(2) ਇਸੇ ਤਰ੍ਹਾਂ ਦੂਜੀ ਸ਼ਾਖਾ ਵਿਚੋਂ, ਜੋ ਬਾਬਾ ਬਿਕਰਮ ਸਿੰਘ ਜੀ ਦੇ ਨਾਂ ਤੇ ਊਨੇ ਵਾਲੀ ਸ਼ਾਖ ਅਖਵਾਉਂਦੀ ਹੈ, ਬਾਬਾ ਸੁਜਾਨ ਸਿੰਘ, ਟਿੱਕਾ ਦੇਵਿੰਦਰ ਸਿੰਘ, ਬਾਬਾ ਮਧੁਸੂਦਨ ਸਿੰਘ ਜੀ ਆਦਿ ਹੋਏ ।

ਅਜ ਕਲ ਬਾਬਾ ਮਧੁਸੂਦਨ ਸਿੰਘ ਜੀ ਊਨੇ ਦੀ ਗੱਦੀ ਦੇ ਮਾਲਿਕ ਮੌਜੂਦ ਹਨ ਜੋ ਗੁਰਮਤਿ ਦੇ ਪ੍ਰਚਾਰ ਵਿਚ ਬੜੀ ਅੱਛੀ ਦਿਲਚਸਪੀ ਰਖਦੇ ਤੇ ਖ਼ੁਦ ਵੀ ਬੜੇ ਅੱਛੇ ਵਿਦਵਾਨ ਤੇ ਇਕ ਅਤਿ ਚੰਗੇ ਪ੍ਰਚਾਰਕ ਹਨ ।

(ਸੀਸ ਗੰਜ ਚੋਂ ਧੰਨਿਵਾਦ ਸਹਿਤ)

❖

# * ਹਾਰਦਿਕ ਸਤਿਕਾਰ ਭਰੀ ਸ਼ਰਧਾਂਜਲੀ *

ਵਲੋਂ : ਸੁਰਗਵਾਸੀ ਸ੍ਰੀ 108 ਸੰਤ ਪੰਡਿਤ ਨਿਸਚਲ ਸਿੰਘ ਜੀ ਮਹਾਰਾਜ "ਸੇਵਾ ਪੰਥੀ"

ਅਜ ਆਪ ਜੀ ਦੇ ਹੱਥਾਂ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਅੰਕ ਹੈ, ਇਤਨੀ ਅਰਜ਼ ਦਾਸ ਜ਼ਰੂਰ ਕਰਦਾ ਹੈ ਕਿ ਮੇਰੇ ਪੂਰੇ ਗੁਰਦੇਵ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਪਨੇ ਮੁਖ਼ਾਰ ਬਿੰਦ ਤੋਂ ਮਲਾਰ ਰਾਗ ਦੇ ਛੇਵੇਂ ਸ਼ਬਦਾਂ ਦੀ ਚੌਥੀ ਪਉੜੀ ਵਿਚ ਫਰਮਾ ਰਹੇ ਹਨ, 'ਵਿਚ ਸਨਾਤੀ ਸੇਵਕੁ ਹੋਇ' (ਇਸ ਦਾ ਅਰਥ ਹੈ) ਕਿ ਨੀਵੀਂ ਤੋਂ ਨੀਵੀਂ ਸ਼ਰੇਣੀ ਵਿਚ ਪੈਦਾ ਹੋਇਆ ਮਨੁਖ ਜੇ ਪਰਮ ਪਿਤਾ ਸ੍ਰੀ ਵਾਹਿਗੁਰੂ ਜੀ ਦਾ ਪੂਰਾ ਸੇਵਕ ਬਣ ਜਾਏ ਤਾਂ ਮੇਰੀ ਤਮੱਨਾ ਹੈ ਕਿ ਨਾਨਕ ਦੇ ਚੰਮ ਦੀਆਂ ਜੁੱਤੀਆਂ ਬਨ ਜਾਵਨ ਤੇ ਨੀਚ ਸ਼ਰੇਣੀਆਂ ਦਾ ਸੇਵਕ ਮੇਰੇ ਤਨ ਦੀਆਂ ਜੁੱਤੀਆਂ ਹੰਡਾਵੇ। ਤੇ ਜੇ ਉਚੀ ਕੁਲ ਵਿਖੇ ਜਨਮ ਲੈ ਕੇ ਕੋਈ ਉਸ ਨਿਰੰਕਾਰ ਸ੍ਰੀ ਵਾਹਿਗੁਰੂ ਜੀ ਦਾ ਸੇਵਕ ਬਨ ਜਾਵੇ ਤਾਂ ਉਸ਼ ਦੀ ਮਹਿਮਾ ਮੈਂ ਕਥਨ ਨਹੀਂ ਕਰ ਸਕਦਾ।

"ਜਾਤ ਕੁਲੀਨੁ ਸੇਵਕੁ ਜੇ ਹੋਇ,<br>ਤਾਕਾ ਕਹਨਾ ਕਹਹੁ ਨਾ ਕੋਇ।"

ਪਾਠਕ ਜੀਉ ਇਸ ਵਰਤਮਾਨ ਸਮੇਂ ਵਿਚ ਬੇਦੀ ਵੰਸ ਤੋਂ ਉਚੀ ਕੁਲ ਕੋਈ ਹੋਰ ਹੈ ਹੀ ਨਹੀਂ ਕਿਉਂਕਿ ਜਿਸ ਬੇਦੀ ਵੰਸ ਵਿਚ "ਤਿੰਨ ਬੇਦੀਅਨ ਕੀ ਕੁਲ ਬਿਖੇ ਪ੍ਰਗਟਿਓ ਨਾਨਕ ਰਾਇ। ਸਭ ਸਿਖਨ ਕੋ ਸੁਖ ਦੀਓ ਜਹਾ ਤਹਾ ਭਏ ਸਹਾਇ।" ਉਸ ਬੇਦੀ ਬੰਸ ਵਿਚ ਆਪ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਪ੍ਰਗਟ ਹੋਇ, ਫਿਰ ਆਪ ਦੀ ਮਹਿਮਾਂ ਕਉਨ ਕਥੰਨ ਕਰੇ? ਮੇਰੇ ਬਜ਼ੁਰਗ ਜਿਨ੍ਹਾਂ ਦੇ ਚਰਨਾਂ ਵਿਚੋਂ ਦਾਸ ਪੋਹਲਾਂ ਵਰੋਸਾਇਆ ਹੋਇਆ ਹੈ, ਸ੍ਰੀ ਬਾਬਾ ਭਗਤ ਸਿੰਘ ਜੀ ਸੇਵਾ ਪੰਥੀ ਮਿਠਾ ਟਿਵਾਨਾ ਦੇ ਮਹੰਤ, ਆਪ ਜੀ ਫੁਰਮਾਂਵਦੇ ਸਨ ਕੇ ਮੇਰੇ ਵਡੇ ਮਹੰਤ ਸਾਹਿਬ ਬਾਬਾ ਹਰੀ ਸਿੰਘ ਜੀ ਕਥਨ ਕਰਦੇ ਸਨ ਕਿ ਮੈਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਚਰਨ ਪਰਸੇ ਤੇ ਮਨ ਵਿਚ ਇਹ ਇੱਛਾ ਧਾਰੀ ਕਿ ਪ੍ਰਭੂ ਪਰਮੇਸ਼ਰ ਦੇ ਨਾਮ ਬੇਅੰਤ ਹਨ ਤੇ ਮੈਂ ਕਿਸ ਨਾਮ ਨੂੰ ਜਪ ਕੇ ਮੁਕਤ ਹੋਵਾਂ? ਇਹ ਤਮੱਨਾ ਮੇਰੇ ਮਨ ਵਿਚ ਹੀ ਸੀ ਕਿ ਬਾਬਾ ਜੀ, ਜੋ ਵੀ ਨਾਮ ਦਸਣਗੇ ਓਹੀ ਜਪਾਂਗਾ। ਪਰ ਜਦ ਮੱਥਾ ਟੇਕਿਆ, ਮੇਰੇ ਸਿਰ ਤੇ ਹੱਥ ਰਖਿਆ, ਦਿਲ ਦੀ ਬੁਝ ਗਏ ਤੇ ਕੋਮਲ ਵਚਨ ਨਾਲ ਫੁਰਮਾ ਦਿੱਤਾ "ਜਪ ਮਨੁ ਸਤਿਨਾਮ ਸਦਾ ਸਤਿਨਾਮ" ਬਸ ਫਿਰ ਕੀ ਸੀ, "ਮੈਂ ਛੀਕ ਗਾਠਰੀ ਬਾਂਧਾ" ਅਨੁਸਾਰ ਹਿਰਦੇ ਵਿਚ ਧਾਰ ਲੀਤਾ ਤੇ ਨਿਸਚਾ ਆ ਗਿਆ ਕਿ ਆਪ ਜੀ ਪੂਰਨ ਮਹਾਂ ਪੁਰਸ਼ ਹਨ, ਗੁਰੂ ਕਲਗੀਧਰ ਜੀ ਦੇ ਸਰੂਪ ਹਨ।

ਸ੍ਰੀ ਭਾਈ ਭਗਤ ਸਿੰਘ ਜੀ ਦੇ ਪਿਛੋਂ ਮਿਠਾ ਟਿਵਾਨਾ ਟਿਕਾਣੇ (ਗੁਰਦੁਆਰੇ) ਦੇ ਸ੍ਰੀ 108 ਬਾਬਾ ਜਵਾਹਰ ਸਿੰਘ ਜੀ ਮਹੰਤ ਬਨੇ। ਆਪ ਜੀ ਦਾ ਨਿਸ਼ਚਾ ਮੈਂ ਵਰਨਣ ਨਹੀਂ ਕਰ ਸਕਦਾ, ਪਰ ਇਤਨੇ ਅੱਖਰ ਪਾਠਕਾਂ ਦੀ ਭੇਟਾ ਕਰ ਦੇਂਦਾ ਹਾਂ ਕਿ ਆਪ ਜੀ ਨੇ ਜੋਤੀ ਜੋਤ ਸਮਾਵਨ ਤੋਂ ਕੁਛ ਸਾਲ ਪਹਿਲਾਂ ਹੀ ਦਾਸ ਨੂੰ ਫੁਰਮਾਇਆ ਕਿ ਜਦ ਮੇਰਾ ਸਰੀਰ ਪ੍ਰਾਣਾਂ ਤੋਂ ਖਾਲੀ ਹੋ ਜਾਵੇ ਤਾਂ ਮੇਰੀ ਦੇਹੀ ਦਾ ਸਸਕਾਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਚਰਨਾਂ ਵਿਚ ਊਨੇ ਸਾਹਿਬ ਕਰਨਾ, ਭਾਵੇਂ ਮੇਰਾ ਸਰੀਰ ਕਿਧਰੇ ਵੀ ਛੁਟੇ। ਪਰ ਵਾਹਿਗੁਰੂ ਜੀ ਦੇ ਹੁਕਮ ਨਾਲ ਆਪ ਜੀ ਦਾ ਜੋਤੀ ਜੋਤ ਸਮਾਵਨਾ ਹੁਸ਼ਿਆਰਪੁਰ ਹੋਇਆ। ਦਾਸ ਯਮੁਨਾ ਨਗਰ ਤੋਂ ਹੁਸ਼ਿਯਾਰਪੁਰ ਪੁਜ ਗਿਆ ਤੇ ਆਪ ਜੀ ਦੇ ਉਪਰੋਕਤ ਹੁਕਮ ਅਨੁਸਾਰ ਆਪ ਜੀ ਦੀ ਪਾਵਨ ਅਰਥੀ ਅਨਗਿਨਤ ਸੰਗਤਾਂ ਸਮੇਤ ਊਨੇ ਸਾਹਿਬ ਲੈ ਗਏ। ਅਗੋਂ ਊਨੇ ਦੀਆਂ ਬੇਅੰਤ ਸੰਗਤਾਂ ਸਮੇਤ ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ, ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੇ ਦਰਸ਼ਨ ਹੋਇ ਪਰ ਇਹ ਵਕਤ ਬੜੇ ਵੈਰਾਗ ਦਾ ਸੀ। ਬਾਬਾ ਜੀ ਨੇ ਫੁਰਮਾਇਆ ਕਿ ਮਹੰਤ ਸਾਹਿਬ ਜੀ ਦੇ ਸਰੀਰ ਦਾ ਸਸਕਾਰ ਇਥੇ ਸੂਆਂ

ਨਦੀ ਦੇ ਕਿਨਾਰੇ ਕਰਨ ਦੀ ਤਿਆਰੀ ਹੈ ਤਾਂ ਬੇਨਤੀ ਕੀਤੀ ਗਈ ਕਿ ਸ੍ਰੀ ਹਜ਼ੂਰ ਜੀ, ਮਹੰਤ ਸਾਹਿਬ ਜੀ ਦਾ ਫੁਰਮਾਨ ਇਹ ਸੀ ਕਿ ਉਹਨਾਂ ਦੀ ਦੇਹ ਦਾ ਸਸਕਾਰ ਜਿਥੇ ਸ੍ਰੀ ਹਜ਼ੂਰ ਮਹਾਰਾਜ ਬਾਬਾ ਸਾਹਿਬ ਸਿੰਘ ਜੀ ਦਾ ਸਸਕਾਰ ਹੋਇਆ ਹੈ, ਉਨ੍ਹਾਂ ਦੇ ਚਰਨਾਂ ਵਿਚ ਕਰਨਾ। ਆਪ ਜੀ ਇਸ ਦਰ ਦੇ ਅਨਿਨ ਨਿਸਚੇ-ਵਾਨ ਸਨ ਅਤੇ ਤਨ ਮਨ ਧਨ ਅਰਪਨ ਕਰਨੇ ਵਾਲੇ ਸਨ। ਭਾਵੇਂ ਇਸ ਪਵਿੱਤਰ ਜਗ੍ਹਾ ਤੇ ਕੇਵਲ ਬੇਦੀ ਵੰਸ ਦੇ ਹੀ ਸਸਕਾਰ ਹੁੰਦੇ ਸਨ, ਪਰ ਸ੍ਰੀ ਬਾਬਾ ਦੇਵਿੰਦਰ ਸਿੰਘ ਜੀ ਉਪਰੋਕਤ ਬੇਨਤੀ ਨੂੰ ਮੰਨ ਗਏ ਤੇ ਸ੍ਰੀ 108 ਬਾਬਾ ਜਵਾਹਰ ਸਿੰਘ ਜੀ ਦੇ ਪਾਵਨ ਸਰੀਰ ਦਾ ਸਸਕਾਰ ਮਹਾਰਾਜ ਬਾਬਾ ਸਾਹਿਬ ਸਿੰਘ ਜੀ ਦੀ ਸਮਾਧ (ਦਰਬਾਰ) ਦੇ ਨੇੜੇ ਕੀਤਾ ਗਿਆ। ਇਹ ਕਥਾ ਪਾਠਕਾਂ ਦੀ ਭੇਟਾ ਇਸ ਲਈ ਕੀਤੀ ਹੈ ਤਾਂ ਜੋ ਪਤਾ ਲਗ ਸਕੇ ਕਿ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਚਰਨਾਂ ਨਾਲ ਆਪ ਜੀ ਦਾ ਕਿਤਨਾ ਕੁ ਭਾਰੀ ਨਿਸਚਾ ਸੀ। ਭਾਵ ਮੇਰੇ ਬਜ਼ੁਰਗਾਂ ਦਾ ਸ੍ਰੀ ਬਾਬਾ ਸਾਹਿਬ ਸਿੰਘ ਜੀ ਉਪਰ ਜੋ ਨਿਸਚਾ ਸੀ ਉਹ ਕਥਨ ਤੋਂ ਬਾਹਰ ਹੈ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਅੰਮ੍ਰਿਤ ਸ੍ਰੀ ਕੇਸ ਗੜ੍ਹ ਅਨੰਦਪੁਰ ਤੋਂ ਛਕਿਆ ਤੇ ਫਿਰ ਆਪ ਜੀ ਨੇ ਲੱਖਾਂ ਸਹਿਜਧਾਰੀ ਤੇ ਕੇਸਾਂ ਧਾਰੀਆਂ ਨੂੰ ਅੰਮ੍ਰਿਤ ਪਾਨ ਕਰਾਇਆ। ਮੇਰੇ ਅਨੁਭਵ ਵਿਚ ਬੇਦੀ ਅੰਸ ਵਿਚੋਂ ਸਭ ਤੋਂ ਪਹਿਲਾਂ ਆਪ ਜੀ ਨੇ ਅੰਮ੍ਰਿਤ ਛਕਿਆ ਸੀ। ਇਸ ਦੇ ਮਗਰੋਂ ਆਪ ਜੀ ਦੇ ਸਪੁਤਰ, ਫਿਰ ਪੋਤਰੇ ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ ਦੇ ਸਾਥ ਏਹ ਸਰੀਰ 4 ਮਹੀਨੇ ਨਾਲ ਰਿਹਾ ਹੈ। ਆਪ ਜੀ ਅੰਮ੍ਰਿਤਸਰ ਤੋਂ ਘੋੜਿਆਂ ਤੇ ਚਲ ਕੇ ਧੀਰੇ ਧੀਰੇ ਮਿਠਾ ਟਿਵਾਣੇ ਤਕ ਨਾਲ ਰਹਿਆ ਹੈ, ਬਿਕਰਮੀ 1968 ਵਿਚ ਆਪ ਜੀ ਉਸ ਵਕਤ ਮੁਲਤਾਨ ਤਕ ਚੱਕਰ ਲਾਇਆ। ਦੂਜੇ ਪਾਸੇ ਇਸੀ ਤਰ੍ਹਾਂ ਸ੍ਰੀ ਬਾਬਾ ਖੇਮ ਸਿੰਘ ਸਾਹਿਬ ਨੇ ਪੋਠੋਹਾਰ ਰਾਵਲਪਿੰਡੀ ਇਲਾਕੇ ਵਿਚ ਹਜ਼ਾਰਾਂ ਨੂੰ ਅੰਮ੍ਰਿਤ ਛਕਾਇਆ, ਇਸੀ ਤਰ੍ਹਾਂ ਸ੍ਰੀ ਟਿਕਾ ਸਾਹਿਬ ਰਾਮ ਕ੍ਰਿਸ਼ਨ ਸਿੰਘ ਜੀ, ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਤੇ ਪਸਚਾਤ ਅਬ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਵਰਤਮਾਨ ਸਮੇਂ ਗੁਰਬਾਨੀ ਪ੍ਰਚਾਰ, ਅੰਮ੍ਰਿਤ ਪਰਚਾਰ ਆਪ ਜੀ ਨੇ ਪਿਛਲੇ ਸਾਲ ਸਾਰਾ ਯੂ. ਪੀ. ਸੀ. ਪੀ. ਮਹਾਂਰਾਸ਼ਟਰ, ਬਿਹਾਰ ਤਕ ਦਾ ਦੌਰਾ ਲਗਾ ਕੇ ਸੈਂਕੜਿਆਂ ਨੂੰ ਅੰਮ੍ਰਿਤ ਪਾਨ ਕਰਾ ਆਏ ਹਨ। ਏਹ ਅੰਕ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਆਪ ਜੀ ਦੇ ਹੁਕਮ ਨਾਲ ਹੀ ਤਿਆਰ ਹੋ ਰਿਹਾ ਹੈ ਤੇ ਹੋ ਗਿਆ ਹੈ।

ਇਹ ਸਰੀਰ ਅਰਦਾਸ ਕਰਦਾ ਹੈ ਕਿ ਸ੍ਰੀ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਦੀ ਦੀਰਘ ਆਯੂ ਹੋਵੇ ਤੇ ਇਸੀ ਤਰ੍ਹਾਂ ਗੁਰਬਾਣੀ ਪ੍ਰਚਾਰ, ਸਿਖੀ ਪ੍ਰਚਾਰ, ਅੰਮ੍ਰਿਤ ਪ੍ਰਚਾਰ ਵਧ ਚੜ੍ਹ ਕੇ ਕਰਦੇ ਰਹਿਣ।

'ਗੁਰ-ਸੰਦੇਸ਼' ਮਾਰਚ 1967 ਵਿਚੋਂ

—o—

ਮਾਨਵਰ ਪਾਠਕ ਜੀਉ ! ਇਹ ਗਲ ਸੂਰਜ ਵਾਂਗ ਉਜਾਗਰ ਹੈ ਕਿ :—

"ਤਿੰਨ ਬੇਦੀਅਨ ਕੀ ਕੁਲ ਬਿਖੇ ਪ੍ਰਗਟਿਓ ਨਾਨਕ ਰਾਇ ॥
ਸਭ ਸਿਖਨ ਕੋ ਸੁਖ ਦੀਓ ਜਹਾ ਤਹਾ ਭਏ ਸਹਾਇ ॥"

ਤੇ ਉਸੇ ਬੇਦੀ ਬੰਸ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਪ੍ਰਗਟ ਹੋਇ। ਆਪ ਜੀ ਦੀ ਮਹਿਮਾ ਕਉਨ ਕਥਨ ਕਰੇ ? ਅਥਵਾ ਉਹਨਾਂ ਦੀ ਮਹਿਮਾ ਵਰਨਣ ਨਹੀਂ ਕੀਤੀ ਜਾ ਸਕਦੀ। ਮੇਰੇ ਬਜ਼ੁਰਗ ਸ੍ਰੀ ਬਾਬਾ ਭਗਤ ਸਿੰਘ ਜੀ "ਸੇਵਾ ਪੰਥੀ" ਮਿਠਾ ਟਿਵਾਨਾ ਦੇ ਮਹੰਤ, ਫੁਰਮਾਂਦੇ ਸਨ ਕਿ "ਮੇਰੇ ਵਡੇ ਮਹੰਤ ਸਾਹਿਬ, ਬਾਬਾ ਹਰੀ ਸਿੰਘ ਜੀ ਕਥਨ ਕਰਦੇ ਸਨ ਕਿ ਮੈਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਚਰਨ ਪਰਸੇ ਤੇ ਮਨ ਵਿਚ ਇਹ ਇਛਾ ਧਾਰੀ ਕਿ ਪ੍ਰਭੂ ਪਰਮੇਸ਼ਰ ਦੇ ਨਾਮ ਬੇਅੰਤ ਹਨ ਤੇ ਮੈਂ ਕਿਸ ਨਾਮ ਨੂੰ ਜਪ ਕੇ ਮੁਕਤ ਹੋਵਾਂ ? ਮੇਰੇ ਮਨ ਵਿਚ ਇਹੋ ਤਮੱਨਾ ਸੀ ਕਿ ਬਾਬਾ ਜੀ (ਸ੍ਰੀ ਬਾਬਾ ਸਾਹਿਬ ਸਿੰਘ ਜੀ) ਜਿਹੜਾ ਵੀ ਨਾਮ ਦਸਨਗੇ, ਮੈਂ ਉਹੀ ਜਪਾਂਗਾ। ਤੇ ਜਦ ਮਥਾ ਟੇਕਿਆ ਤਾਂ ਉਹਨਾਂ ਮੇਰੇ ਸਿਰ ਤੇ ਹਥ ਰਖਿਆ ਅਤੇ ਮੇਰੇ ਦਿਲ ਦੀ ਬੁਝ ਗਏ ਤੇ ਕੋਮਲ ਬਚਨ ਨਾਲ ਫੁਰਮਾ ਦਿਤਾ "ਜਪੁ ਮਨ ਸਤਿਨਾਮ ਸਦਾ ਸਤਿਨਾਮ।"

ਬੱਸ ! ਫਿਰ ਕੀ ਸੀ "ਮੈਂ ਛੀਕ ਗਾਠਰੀ ਬਾਂਧਾ' ਅਨੁਸਾਰ ਹਿਰਦੇ ਵਿਚ ਧਾਰ ਲੀਤਾ ਤੇ ਨਿਸਚਾ ਆ ਗਿਆ ਕਿ ਆਪ ਜੀ ਪੂਰਨ ਮਹਾਂ ਪੁਰਸ਼ ਹਨ।

ਸ੍ਰੀ ਬਾਬਾ ਭਗਤ ਸਿੰਘ ਜੀ ਦੇ ਪਿਛੋਂ ਮਿਠਾ ਟਿਵਾਨਾ ਟਿਕਾਣੇ (ਗੁਰਦਵਾਰੇ) ਦੇ ਮਹੰਤ ਸ੍ਰੀ ੧੦੮ ਬਾਬਾ ਜਵਾਹਰ ਸਿੰਘ ਜੀ ਬਨੇ। ਉਹਨਾਂ ਦਾ ਨਿਸਚਾ ਤੇ ਵਿਸ਼ਵਾਸ ਸ੍ਰੀ ਬਾਬਾ ਸਾਹਿਬ ਸਿੰਘ ਜੀ ਉਪਰ ਇਤਨਾ ਭਾਰੀ ਤੇ ਅਟੱਲ ਸੀ ਕਿ ਉਹਨਾਂ ਜੋਤੀ ਜੋਤਿ ਸਮਾਉਨ ਤੋਂ ਕੁਛ ਸਾਲ ਪਹਿਲਾਂ ਹੀ ਦਾਸ ਨੂੰ ਫ਼ੁਰਮਾਇਆ ਕਿ "ਜਦ ਮੇਰਾ ਸਰੀਰ ਪ੍ਰਾਣਾਂ ਤੋਂ ਖ਼ਾਲੀ ਹੋ ਜਾਵੇ ਤਾਂ ਮੇਰੀ ਦੇਹੀ ਦਾ ਸਸਕਾਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਚਰਨਾਂ ਵਿਚ ਊਨੇ ਸਾਹਿਬ ਕਰਨਾ, ਭਾਵੇਂ ਮੇਰਾ ਸਰੀਰ ਕਿਥੇ ਵੀ ਛੁਟੇ।" ਵਾਹਿਗੁਰੂ ਵਿਚ ਉਹਨਾਂ ਦਾ ਜੋਤੀ ਜੋਤਿ ਸਮਾਵਨਾ ਹੁਸ਼ਿਆਰਪੁਰ ਹੋਇਆ, ਤੇ ਆਪ ਜੀ ਦੇ ਹੁਕਮ ਅਨੁਸਾਰ ਉਹਨਾਂ ਦੀ ਦੇਹ ਦਾ ਸਸਕਾਰ ਊਨਾ ਸਾਹਿਬ ਲੈ ਜਾ ਕੇ ਉਥੇ ਹੀ ਕੀਤਾ ਗਿਆ ਜਿਥੇ ਕਿ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦਾ ਹੋਇਆ ਸੀ। ਭਾਵ ਮੇਰੇ ਬਜ਼ੁਰਗਾਂ ਦਾ ਸ੍ਰੀ ਬਾਬਾ ਸਾਹਿਬ ਸਿੰਘ ਜੀ ਉਪਰ ਜੋ ਨਿਸਚਾ ਸੀ ਉਹ ਕਥਨ ਤੋਂ ਬਾਹਰ ਹੈ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਜੋ ਜੋ ਪਰ-ਉਪਕਾਰ ਪੰਥ ਦੀਆਂ ਚੜ੍ਹਦੀਆਂ ਕਲਾਂ ਲਈ ਕੀਤੇ ਉਹ ਵਰਨਣ ਨਹੀਂ ਹੋ ਸਕਦੇ। ਅਜ ਕਲ ਉਹਨਾਂ ਦੀ ਗੱਦੀ ਉਪਰ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬਿਰਾਜਮਾਨ ਹਨ। ਇਹ ਸਰੀਰ ਅਰਦਾਸ ਕਰਦਾ ਹੈ ਕਿ ਸ੍ਰੀ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਦੀ ਦੀਰਘ ਆਯੂ ਹੋਵੇ ਤੇ ਉਹ ਇਸੇ ਤਰ੍ਹਾਂ ਗੁਰਬਾਣੀ ਪ੍ਰਚਾਰ, ਅੰਮ੍ਰਿਤ ਪ੍ਰਚਾਰ ਵਧ ਚੜ੍ਹ ਕੇ ਕਰਦੇ ਰਹਿਨ।

'ਗੁਰ-ਸੰਦੇਸ਼' ਮਾਰਚ 1968 ਵਿਚੋਂ

❖

# ਆਇਆ ਸਫ਼ਲ ਤਾਹੂ ਕੋ ਗਨੀਐ ॥
# ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

ਸ੍ਰੀਮਾਨ :—ਬਾਬਾ ਕਿਰਪਾਲ ਸਿੰਘ ਜੀ "ਪਾਲ" ਤਰਨ ਤਾਰਨ

ਇਕ ਸਮੇਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨਾਂ ਲਈ ਆਏ। ਜਦ ਬਾਬਾ ਜੀ ਨੂੰ ਪਤਾ ਲਗਾ ਤਾਂ ਵੀਚਾਰ ਕੀਤੀ ਕਿ ਇਹ ਗੱਲ ਤਾਂ ਠੀਕ ਨਾ ਹੋਈ। ਜੇ ਰਾਜੇ ਮਹਾਰਾਜੇ ਵੀ ਆਉਣ ਲਗ ਪਏ ਤਾਂ ਉਨ੍ਹਾਂ ਨੇ ਇਹ ਜ਼ਰੂਰ ਕਹਿਣਾ ਹੈ ਕਿ ਕੋਈ ਸ਼ੇਵਾ ਟਹਿਲ ਦਸੋ ਅਤੇ ਇਹ ਅੰਬ, ਅੰਗੂਰ ਤੇ ਕੇਲੇ ਆਦਿ ਫਲ ਛਕੋ। ਇਹੋ ਜਿਹਾ ਮਾਨ ਸਾਡੇ ਵਾਸਤੇ ਚੰਗਾ ਨਹੀਂ ਕਿਉਂਕਿ :—

"ਮਾਨ ਮੁਨੀ ਮੁਨਿਵਰ ਗਲੈ, ਮਾਨ ਸਭੈ ਕਉ ਖਾਏ ॥"

ਇਸ ਲਈ ਕੋਈ ਜੁਗਤੀ ਸੋਚਣੀ ਚਾਹੀਦੀ ਹੈ। ਇੰਜ ਮਨ ਨਾਲ ਵੀਚਾਰ ਕਰਦਿਆਂ ਆਖਿਰ ਵਿਉਂਤ ਸੁਝ ਹੀ ਪਈ। ਝਟ ਆਪਣੇ ਸੇਵਾਦਾਰ ਨੂੰ ਬੁਲਾਇਆ ਤੇ ਆਖਿਆ ਕਿ ਸਾਡਾ ਆਸਨ ਛੱਡ ਕੇ ਬਾਕੀ ਸਭ ਥਾਂ ਪਾਣੀ ਨਾਲ ਤਰੋ-ਤਰ ਕਰ ਦਿਓ। ਬੱਸ, ਹੁਕਮ ਦੀ ਦੇਰ ਸੀ ਕਿ ਸੇਵਾਦਾਰ ਨੇ ਬਾਬਾ ਜੀ ਦਾ ਸਾਰਾ ਕਮਰਾ ਪਾਣੀ ਨਾਲ ਤਰੋ-ਤਰ ਕਰ ਦਿੱਤਾ। ਇਤਨੇ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਵੀ ਆ ਗਏ। ਆਉਂਦਿਆਂ ਹੀ ਪਾਣੀ ਕਮਰੇ ਵਿਚ ਵੇਖ ਕੇ ਸਭ ਕੁਛ ਸਮਝ ਗਏ। ਮਹਾਰਾਜਾ ਸਾਹਿਬ ਬਹੁਤ ਦੀਰਘ ਦ੍ਰਿਸ਼ਟੀ ਵਾਲੇ ਸਨ। ਆਪ ਨੇ ਅਪਨੀ ਸ਼ਾਹੀ ਪੁਸ਼ਾਕ ਦੀ ਕੋਈ ਪਰਵਾਹ ਨਾ ਕੀਤੀ ਤੇ ਬੜੀ ਨਿੰਮਰਤਾ ਸਹਿਤ ਸੀਸ ਨਿਵਾ ਕੇ ਪੁਸ਼ਾਕ ਸਮੇਤ ਪਾਣੀ ਵਿਚ ਭੁੰਜੇ ਹੀ ਸ੍ਰੀ ਬਾਬਾ ਜੀ ਦੇ ਸਾਹਮਣੇ ਚਰਨਾਂ ਵਿਚ ਬੈਠ ਗਏ। ਪਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਅਪਨੇ ਰੰਗ ਵਿਚ ਮਸਤ ਸਨ। ਕਿਤਨਾ ਚਿਰ ਸਮਾਧੀ ਵਿਚ ਰਹੇ। ਜਦ ਸਮਾਧੀ ਖੁਲ੍ਹੀ ਤਾਂ ਮਹਾਰਾਜੇ ਨੂੰ ਇਸ ਤਰ੍ਹਾਂ ਨਿੰਮਰਤਾ ਸਹਿਤ ਬੈਠਾ ਵੇਖ ਬਹੁਤ ਹੀ ਖੁਸ਼ ਹੋਏ ਤੇ ਫ਼ੁਰਮਾਇਆ :—

"ਨਾਨਕ ਨਦਰੀ ਨਦਰ ਨਿਹਾਲ ॥ ਨਦਰ ਨਿਹਾਲ-ਨਦਰ ਨਿਹਾਲ ॥"

ਦਾਸ ਨੇ ਸਹਿਜ-ਧਾਰੀ ਅਵੱਸਥਾ ਵਿਚ ਕਈਆਂ ਦੇ ਮੁਖ਼ਾਰਬਿੰਦ ਤੋਂ ਸੁਣਿਆ ਸੀ :—

"ਧੰਨ ਧੰਨ ਬਾਬਾ ਸਾਹਿਬ ਸਿੰਘ, ਜੋ ਜੰਮ ਤੇ ਲਏ ਛੁਡਾਏ ॥"

# ਗੁਰੂ ਨਾਨਕ ਦੀ ਵੰਸ ਦੇ ਚਾਨਣ ਮੁਨਾਰੇ

## *ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ*

ਸ੍ਰੀ ਮਾਨ :—ਸ੍ਰ: ਤੇਜਾ ਸਿੰਘ ਜੀ, ਪ੍ਰੀਤ ਨਗਰ (ਅੰਮ੍ਰਿਤਸਰ)

ਜਿਵੇਂ, ਗੁਰੂ ਨਾਨਕ ਦੇਵ ਆਪ ਖ਼ੁਦ ਪੂਰੀ ਅਧੀ ਸਦੀ, ਦੁਨੀਆਂ ਦੇ ਅਨੇਕਾਂ ਦੇਸ਼ਾਂ ਦਾ ਪੈਦਲ ਸਫਰ ਕਰਦੇ ਰਹੇ, ਅਨੇਕਾਂ ਖਤਰੇ ਸਹੇੜ ਕੇ, ਨਿਰਾਦਰ ਸਹਿਕੇ, ਕੁਰਾਹੀਆ ਅਖਵਾ ਕੇ, ਸੰਗੀਤ (ਰਬੀ ਕੀਰਤਨ) ਦੇ ਸਰਬ-ਪ੍ਰਿਯਾ ਵਸੀਲੇ ਨੂੰ ਵਿਚੋਲਾ ਬਣਾ ਕੇ, ਮਨੁੱਖਤਾ ਵਿਚ ਸਰਵ-ਪੱਖੀ ਸੰਪੂਰਨਤਾ ਪੈਦਾ ਕਰਦੇ ਰਹੇ।

ਦੂਜੇ ਮਜ਼ਹਬ ਦੇ ਮੁਸਲਮਾਨ "ਮਰਦਾਨੇ" ਨੂੰ ਆਪਣੇ ਸੱਜੇ ਪਾਸੇ ਅਤੇ ਹਿੰਦੂ "ਬਾਲੇ" ਨੂੰ ਆਪਣੇ ਖੱਬੇ ਪਾਸੇ ਬਿਠਾ ਕੇ, ਮਨੁਖਤਾ ਦੀ ਸਰਵ ਸਾਂਝ ਦਾ ਉਦੇਸ਼ ਪੂਰਾ ਕਰਦੇ ਰਹੇ।

ਹਿਮਾਲੀਆ ਦੇ ਸੁਮੇਰ ਪਰਬਤ ਉਤੇ ਪਹੁੰਚ ਕੇ ਜੋਗੀਆਂ ਨੂੰ ਆਪ ਨੇ ਜੀਵਨ ਦੀ ਸੀਮਤ ਸਮਝਾਈ, ਜਗਨ ਨਾਥ ਪੁਰੀ ਦੇ ਪਾਂਡਿਆਂ ਨੂੰ ਰਬ ਦੀ ਅਸਲੀ-ਆਰਤੀ ਉਤਾਰਨ ਦੀ ਜਾਚ ਸਿਖਾਈ, ਹਰਦੁਆਰ, ਤ੍ਰਿਪੇਣੀ, ਕੁਰਖੇਤਰ ਦੇ ਧਰਮੀ ਆਗੂਆਂ ਨੂੰ ਅਤੇ ਮਕਾ ਮਦੀਨਾ, ਅਜਮੇਰ ਤੇ ਬਗ਼ਦਾਦ ਆਦਿ ਵਿਚ ਜਾ ਜਾ ਕੇ ਈਮਾਨਦਾਰ ਰਾਹ-ਨੁਮਾਵਾਂ ਨੂੰ ਮਨੁਖੀ ਸੇਵਾ ਵਿਚ ਲਾਣ-ਲਗਾਣ ਨੂੰ ਅਸਲੀ ਧਰਮ-ਈਮਾਨ ਕਮਾਣ ਦਾ ਹੋਕਾ ਦਿੱਤਾ।

ਅਤੇ ਇਸ ਮਨੋਰਥ-(ਧਰਮ ਨੂੰ ਪ੍ਰਚਾਰਨ ਅਤੇ ਧਰਤ ਲੁਕਾਈ ਨੂੰ ਸੋਧਣ) ਲਈ ਆਪ ਬਾਰ੍ਹਾਂ ਬਾਰ੍ਹਾਂ ਵਰਿਹਾਂ ਦੀਆਂ ਚਾਰ ਉਦਾਸੀਆਂ ਚੜ੍ਹਦੇ ਰਹੇ। ਧਰਮ ਅਤੇ ਧਾਰਮਕ ਜੀਵਨ 'ਚੋਂ ਬੇ-ਲੋੜੇ ਵਹਿਮ ਦੂਰ ਕਰਨ ਲਈ ਆਪ ਉਸ ਵੇਲੇ ਦੇ ਪ੍ਰਚਲਤ ਧਰਮ ਦੇ ਆਗੂਆਂ ਨਾਲ ਚਰਚਾ ਕਰਕੇ, ਸਰਬੱਤ ਨੂੰ ਸਰਬੱਤ ਦੇ ਭਲੇ ਲਈ ਪ੍ਰੇਰਦੇ ਹੋਏ ਆਪਣਾ ਉੱਚਾ ਉਦੇਸ਼ ਲੋਕਾਈ ਨੂੰ ਏਦਾਂ ਸਮਝਾਂਦੇ ਰਹੇ :—

ਨੀਚਾਂ ਅੰਦਰ ਨੀਚ ਜਾਤ,
ਨੀਚੀ ਹੂੰ ਅਤਿ ਨੀਚ ॥
ਨਾਨਕ ਤਿਨ ਕੇ ਸੰਗ ਸਾਥ,
ਵਡਿਆਂ ਸਿਉ ਕਿਆ ਰੀਸ ॥
ਜਿਥੇ ਨੀਚ ਸਮਾਲੀਅਨ,
ਤਿਥੇ ਨਦਰਿ ਤੇਰੀ ਬਖਸੀਸ ॥"

ਇਸੇ ਤਰ੍ਹਾਂ ਗੁਰੂ ਨਾਨਕ ਦੇ ਚਰਨ ਚਿਤਰਾਂ ਉਤੇ ਤੁਰਨ ਦੇ ਸ਼ੌਕ ਉਤਸ਼ਾਹ ਨੇ, ਜਿਥੇ ਆਪ ਦੇ ਚਰਨ ਸੇਵਕ-ਸ਼ਿਸ਼ਾ ਵਿਚ ਇਹੋ ਜਿਹੀ ਲਗਨ ਲਾਈ ਉਥੇ ਖਾਸ ਕਰ ਆਪ ਦੀਆਂ ਵੰਸ਼ਜ ਵਿਅਕਤੀਆਂ ਵਿਚ ਵੀ ਧਰਮਗਯ ਹੋਣ ਅਤੇ ਧਰਮ ਪ੍ਰਚਾਰ ਕਰਨ ਦੀ ਤੀਬਰਤਾ ਪੈਦਾ ਕੀਤੀ।

ਆਪ ਦੇ ਵੰਸ਼ਜ ਸਨ-ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ। ਇਹਨਾਂ ਨੇ ਆਪਣੇ ਬਾਬੇ ਗੁਰੂ ਨਾਨਕ ਦੇ ਨਕਸ਼ਿ-ਕਦਮਾਂ ਤੇ ਤੁਰ ਕੇ ਰਾਜ ਜੋਗ ਮਾਣਿਆ। ਕਾਬਲ, ਕੰਧਾਰ, ਚਤਰਾਲ, ਕਸ਼ਮੀਰ, ਸਿੰਧ ਅਤੇ ਦਖਣੀ ਪੂਰਬੀ ਭਾਰਤ ਵਿਚ ਦੌਰੇ ਕਰਕੇ ਸਿੱਖ ਧਰਮ ਅਤੇ ਸਿਖੀ ਸਦਾਚਾਰ ਦਾ ਇਹੋ ਜਿਹਾ ਅ-ਪੂਰਵ ਪ੍ਰਚਾਰ ਕੀਤਾ ਕਿ ਦੂਰ ਦੂਰ ਤਕ ਦੇ ਦੇਸ਼-ਦੇਸ਼ਾਂਤਰਾਂ ਵਿਚ ਅਜ ਤਕ ਆਪ ਦੀ ਯਾਦ ਅਤੇ ਯਾਦਗਾਰਾਂ ਮੌਜੂਦ ਹਨ।

ਚਤਰਾਲ ਤੇ ਬਦਖ਼ਸ਼ਾਂ ਦੇ ਇਲਾਕੇ ਵਿਚ "ਮਿਹਾਰ" (ਬਿਜੌਤ) ਨਾਂ ਦਾ ਇਕ ਪਿੰਡ ਹੈ। ਇਸ ਪਿੰਡ ਵਿਚ ਸ੍ਰੀ ਬਾਬਾ ਅਜੀਤ ਸਿੰਘ ਜੀ, ਜੋ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਪਿਤਾ ਸਨ। ਦਾ ਬਣਾਇਆ ਇਕ ਗੁਰਦਵਾਰਾ ਹੈ। ਇਸ ਗੁਰਦਵਾਰੇ ਵਿਚ ਹਸਤ ਲਿਖਤ ਗੁਰੂ ਗਰੰਥ ਸਾਹਿਬ ਜੀ ਦੀ ਇਕ ਬੀੜ ਮੌਜੂਦ ਹੈ ਜਿਸ ਨੂੰ ਕਿਜੋੜੀ ਸਿੰਘ ਬਾਬਾ ਸਾਹਿਬ ਸਿੰਘ ਜੀ ਦੀ ਹਸਤ-ਲਿਖਤ ਦਸਦੇ ਸਨ।

ਇਕ ਵੇਰਾਂ ਸਿੱਖ ਹਿਸਟੋਰੀਅਨ ਬਾਬਾ ਪ੍ਰੇਮ ਸਿੰਘ ਜੀ ਹੋਤੀ ਵਾਲਿਆਂ ਨੇ ਇਸ ਬੀੜ ਸਾਹਿਬ ਦੇ ਦਰਸ਼ਨ ਕੀਤੇ। ਉਸ ਦੀ ਪ੍ਰਾਚੀਨ ਸੁੰਦਰ ਲਿਖਤ ਨੂੰ ਵੇਖ ਕੇ ਆਪ

ਬੜੇ ਹੀ ਪ੍ਰਸੰਨ ਹੋਏ ਤੇ ਉਹਨਾਂ ਬਿਜੌਂੜੀ ਸਿੰਘਾਂ ਅਗੇ ਆਪ ਨੇ ਬਿਨੈ ਕੀਤੀ ਕਿ--"ਇਸ ਬੀੜ ਸਾਹਿਬ ਦੀ ਸੇਵਾ ਮੈਨੂੰ ਬਖਸ਼ੀ ਜਾਏ ਤੇ ਮੈਂ ਬੜੇ ਧੰਨਵਾਦਿ ਸਹਿਤ ਇਕ ਹਜ਼ਾਰ ਰੁਪਿਆ ਬਾਬਾ ਅਜੀਤ ਸਿੰਘ ਜੀ ਦੇ ਬਣਾਏ ਇਸ ਗੁਰਦਵਾਰੇ ਦੀ ਸੇਵਾ ਲਈ ਭੇਟ ਕਰਦਾ ਹਾਂ।"

ਪਰ ਉਹਨਾਂ ਬਿਜੌਂੜੀ ਸਿੰਘਾਂ ਨੇ ਬਾਬਾ ਜੀ ਦੀ ਇਹ ਬਿਨੈ ਪਰਵਾਨ ਨਹੀਂ ਸੀ ਕੀਤੀ।

ਬਾਬਾ ਅਜੀਤ ਸਿੰਘ ਜੀ।

ਬਾਬਾ ਸਾਹਿਬ ਸਿੰਘ ਜੀ।

ਅਤੇ ਬਾਬਾ ਖੇਮ ਸਿੰਘ ਜੀ ਦੇ ਧਰਮ ਪ੍ਰਚਾਰ ਕਰਨ ਸੰਬੰਧੀ ਕੁਝ ਇਤਿਹਾਸਕ ਵਾਕਿਆਤ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

## ੧. ਬਾਬਾ ਅਜੀਤ ਸਿੰਘ ਜੀ

ਆਪ ਸ੍ਰੀ ਅਨੰਦਪੁਰ ਸਾਹਿਬ ਨਿਵਾਸ ਰਖਦੇ ਸਨ ਤੇ ਦੂਰ ਦਰਾਜ਼ ਦੇਸਾਂ ਵਿਚ ਧਰਮ ਪ੍ਰਚਾਰ ਕਰਨ ਲਈ ਜਾਇਆ ਕਰਦੇ ਸਨ।

"ਸਿਖ ਫਕੀਰ" ਨਾਂ ਦੀ ਪੁਸਤਕ ਵਿਚ ਸ੍ਰੀ ਸੰਤ ਭਾਈ ਮਲ੍ਹਾ ਸਿੰਘ ਜੀ ਮੰਗਵਾਲ ਜ਼ਿਲਾ ਜਿਹਲਮ ਵਾਲਿਆਂ ਦਾ ਇਤਿਹਾਸ ਅੰਕਤ ਹੈ। ਉਸ ਵਿਚ ਏਦਾਂ ਲਿਖਿਆ ਹੈ:—

"ਭਾਈ ਮਲ੍ਹਾ ਸਿੰਘ ਜੀ ਦੇ ਮਾਤਾ-ਪਿਤਾ ਕਾਬਲ ਦੀਆਂ ਭਾਜੜਾਂ ਵਿਚ ਅਫਗਾਨਿਸਤਾਨ ਵਿਚੋਂ ਨਸ ਕੇ ਆਏ ਸਨ ਤੇ ਪਿੰਡ "ਗੰਡਾ-ਕਸ" ਤਹਿਸੀਲ ਪਿੰਡੀਘੇਬ ਜ਼ਿਲਾ ਕੈਮਲਪੁਰ ਵਿਚ ਆ ਕੇ ਵਸੇ ਸਨ।

ਭਾਈ ਮਲ੍ਹਾ ਸਿੰਘ ਜੀ ਦਾ ਜਨਮ ਗੰਡਾ-ਕਸ ਵਿਚ ਸੰਮਤ 1751 ਬਿਕਰਮੀ (ਈਸਵੀ 1694) ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ 24 ਸਾਲ ਪਿਛੋਂ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਨਮ ਤੋਂ 86 ਵਰ੍ਹੇ ਪਹਿਲਾਂ ਹੋਇਆ।......

ਇਹਨਾਂ ਦੇ ਜੀਵਨ ਦੀ ਪਹਿਲੀ ਸਰੋਤ ਇਹ ਹੈ ਕਿ ਬਚਪਨ ਵਿਚ ਆਪ ਦੀ ਉਮਰ ਜਦੋਂ ਪੰਜ ਛੇ ਸਾਲ ਦੀ ਸੀ। ਆਪ ਦੇ ਮਾਤਾ ਪਿਤਾ ਆਪ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਹਿਬ ਸ੍ਰੀ ਕਲਗੀਧਰ ਜੀ ਦੇ ਦਰਸ਼ਨਾਂ ਨੂੰ ਆਏ।......ਦੂਜੀ ਵੇਰਾਂ ਜਦੋਂ ਆਪ ਦਸ-ਬਾਰ੍ਹਾਂ ਸਾਲ ਦੇ ਸਨ ਤਾਂ ਗੰਡੇਕਸ ਦੇ ਇਲਾਕੇ ਦੇ ਜਾਬਰ ਮੁਸਲਮਾਨਾਂ ਨੇ ਹਿੰਦੂ ਸਿੱਖਾਂ ਨਾਲ ਕੋਈ ਗੜ-ਬੜ ਕੀਤੀ। ਇਸ ਡਰੋਂ ਆਪ ਦੇ ਮਾਪੇ ਆਪਣੇ ਪੁਤਰ ਸਮੇਤ ਸ੍ਰੀ ਅਨੰਦ-ਪੁਰ ਸਾਹਿਬ ਆਪਣੇ ਬਚਾਉ ਲਈ ਚਲੇ ਗਏ ਤੇ ਸ੍ਰੀ ਬਾਬਾ ਅਜੀਤ ਸਿੰਘ ਜੀ (ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਦੇ ਪਿਤਾ) ਉਪਰ ਮਾਤਾ ਪਿਤਾ ਦੀ ਸ਼ਰਧਾ ਸੀ। ਆਪ ਉਹਨਾਂ ਦੇ ਡੇਰੇ ਠਹਿਰੇ। ਚੂੰਕਿ ਬੇਦੀ ਸਾਹਿਬਜ਼ਾਦਿਆਂ ਦੇ ਅਕਸਰ ਦੂਰ 2 ਦੇਸ਼ਾਂ (ਪਿਸ਼ਾਵਰ ਕਾਬਲ) ਆਦਿ ਵਿਚ ਦੌਰੇ ਕਰਨ ਕਰਕੇ ਸਿੱਖ ਸੰਗਤਾਂ ਵਿਚ ਇਹਨਾਂ ਲਈ ਸ਼ਰਧਾ ਪਾਈ ਜਾਂਦੀ ਸੀ, ਇਸ ਕਰਕੇ ਆਪੋ ਆਪਣੀ ਜਾਣ-ਪਛਾਣ ਵਾਲੇ ਅਸਥਾਨਾਂ ਤੇ ਹੀ ਦੂਰ ਦੇ ਲੋਕ ਆ ਕੇ ਨਿਵਾਸ ਰਖਦੇ ਸਨ।

ਭਾਈ ਮਲ੍ਹਾ ਸਿੰਘ ਜੀ ਦੇ ਮਾਤਾ ਪਿਤਾ ਦੀ ਇਛਾ ਇਹ ਸੀ ਕਿ ਆਪਣੇ ਇਸ ਅੰਞਾਣੇ ਜਹੇ ਪੁਤਰ ਨੂੰ ਕਿਸੇ ਡੇਰੇ ਤੇ ਪੜ੍ਹਨ ਲਈ ਛਡ ਜਾਣ। ਚੂੰਕਿ ਸਮਾਂ ਬੜਾ ਖਤਰਨਾਕ ਸੀ, ਹਰ ਵੇਲੇ ਲੁਟੇ ਮਾਰੇ ਜਾਣ ਦਾ ਸਹਿਮ ਲਗਾ ਰਹਿੰਦਾ ਸੀ, ਇਸੇ ਕਰਕੇ ਉਹ ਆਪਣੇ ਪੁਤਰ ਨੂੰ ਇਥੇ ਹੀ ਕਿਸੇ ਦੇ ਸਪੁਰਦ ਕਰ ਜਾਣਾ ਚਾਹੁੰਦੇ ਸਨ।

ਪਰ ਬਾਬਾ ਅਜੀਤ ਸਿੰਘ ਜੀ ਦਾ ਠਾਠ-ਬਾਠ ਤਾਂ ਸ਼ਾਹਾਨਾ ਸੀ, ਨਾਲੇ ਉਹ ਦੂਰ ਦਰਾਜ਼ ਦੇਸਾਂ ਵਿਚ ਧਰਮ ਪ੍ਰਚਾਰ ਕਰਨ ਲਈ ਦੌਰੇ ਤੇ ਚਲੇ ਜਾਂਦੇ ਸਨ। ਇਸ ਲਈ ਮਾਤਾ ਪਿਤਾ ਨੇ ਪੁਤਰ ਲਈ ਕੋਈ ਹੋਰ ਥਾਂ ਲਭਣਾ ਚਾਹਿਆ।"

ਦੇਖੋ 'ਸਿਖ ਫ਼ਕੀਰ' ਪੁਸਤਕ ਦਾ ਪੰਨਾ ੧੬-੧੭

ਭਾਵ ਇਹ ਕਿ ਸ੍ਰੀ ਬਾਬਾ ਅਜੀਤ ਸਿੰਘ ਜੀ ਲੋਕਾਈ ਨੂੰ ਸਿਖ ਧਰਮ ਤੇ ਸਿਖੀ ਸਦਾਚਾਰ ਵਲ ਪ੍ਰੇਰਨ ਅਤੇ ਇਸ ਅਵੱਸਥਾ ਵਿਚ ਲੋਕਾਂ ਨੂੰ ਨਿਪੁੰਨ ਕਰਨ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂ ਦੇਸ਼ਾਟਨ ਕਰਦੇ ਸਨ।

## (2) ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ

ਇਹਨਾਂ ਸਾਹਿਬਾਂ ਬਾਰੇ ਇਕ ਪ੍ਰਾਚੀਨ ਪੁਸਤਕ ਜਿਸ ਦਾ ਨਾਂ ਹੈ :—

"ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇਵ ਤਰੂ" ਵਿਚ ਏਦਾਂ ਦੇ ਹਾਲਾਤ ਦਰਜ ਹਨ । ਇਹ ਪੁਸਤਕ 8"×12" ਇੰਚ ਦੇ ੧੯੧੬ ਸਫ਼ਿਆਂ ਵਿਚ ਪਥਰ ਦੇ ਛਾਪੇ ਵਿਚ ਛਪੀ ਹੋਈ ਹੈ। ਇਸ ਦੇ ਲੇਖਕ ਭਾਈ ਸ਼ੇਰ ਸਿੰਘ ਜੀ ਹਨ ਜਿਹੜੇ ਬਾਬਾ ਖ਼ੁਦਾ ਸਿੰਘ ਜੀ ਦੇ ਚਰਨ ਸੇਵਕ ਸਨ । ਬਾਬਾ ਜੀ ਪਾਸ ਰਹਿੰਦਿਆਂ ਸਿਖ ਇਤਿਹਾਸ ਦੇ ਜਿਹੜੇ ਵਾਕਿਆਤ ਉਹਨਾਂ ਪੜ੍ਹੇ ਸੁਣੇ, ਉਹਨਾਂ ਨੂੰ ਇਸ ਗ੍ਰੰਥ ਵਿਚ ਅੰਕਤ ਕੀਤਾ ਹੋਇਆ ਹੈ ।

ਇਸ ਗ੍ਰੰਥ ਦੀ ਬੋਲੀ ਬ੍ਰਿਜ ਭਾਸ਼ਾ ਤੇ ਸੰਤ ਭਾਸ਼ਾ ਰਲੀ ਮਿਲੀ ਹੈ। ਇਸ ਦੇ ਆਦਿ ਤੇ ਅੰਤ ਦੇ ਕਈ ਪਤਰੇ ਫਟੇ ਹੋਏ ਹਨ। ਇਸ ਕਰਕੇ ਇਹ ਪਤਾ ਨਹੀਂ ਲਗਦਾ ਕਿ ਇਹ ਪੁਸਤਕ ਕਦੋਂ ਛਾਪੀ ਗਈ ਤੇ ਲਿਖੀ ਕਦੋਂ ਗਈ । ਲੇਖਕ ਨੇ ਦਰਮਿਆਨ ਵਿਚ ਆ ਕੇ ਆਪਣਾ ਨਾਂ ਦਿਤਾ ਤੇ ਲਿਖਿਆ ਹੈ ਕਿ :—

"ਮੈਂ ਬਾਬਾ ਖ਼ੁਦਾ ਸਿੰਘ ਜੀ ਪਾਸ ਰਹਿੰਦਿਆਂ ਇਹ ਗ੍ਰੰਥ ਲਿਖਿਆ ਸੀ ।"

ਇਸ ਵਿਚ ਪੰਜ ਪ੍ਰਸਿਧ ਸਿਖ ਸੰਤਾਂ ਦੇ ਜੀਵਨ ਅੰਕਤ ਕਰਨ ਤੋਂ ਬਿਨਾ, ਸਿਖ ਮਿਸਲਾਂ ਦੇ ਵੇਲੇ ਦੇ ਮਿਸਲ-ਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਨਮ, ਬਚਪਨ ਅਤੇ ਉਹਨਾਂ ਦੇ ਰਾਜ ਸਮੇਂ ਦੇ ਕੁਝ ਹਾਲਾਤ ਵੀ ਦਰਜ ਹਨ। ਅਤੇ ਪ੍ਰਮੁਖ ਸਿਖ ਸੰਤਾਂ ਜਿਨ੍ਹਾਂ ਦੇ ਨਾਂ ਉਤੇ ਇਹ ਪੁਸਤਕ ਪ੍ਰਸਿਧ ਹੈ ਉਹਨਾਂ ਦੇ ਪਾਵਨ ਨਾਮ ਇਹ ਹਨ :—

1 ਭਾਈ ਸੋਭਾ ਸਿੰਘ ਜੀ ।
ਇਹਨਾਂ ਬਾਰੇ ਲੇਖਕ ਸਾਬਤ ਕਰਦਾ ਹੈ ਕਿ ਸਾਹਿਬ ਕਲਗੀਧਰ ਜੀ ਦੱਖਣ ਵਲ ਜਾਂਦਿਆ ਇਹਨਾਂ ਨੂੰ ਸ੍ਰੀ ਕੇਸ ਗੜ੍ਹ ਜੀ ਦਾ ਪ੍ਰਬੰਧ ਸੌਂਪ ਗਏ ਸਨ ।

2 ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਸਾਹਿਬ ਵਾਲੇ ।

3 ਬਾਬਾ ਭਾਗ ਸਿੰਘ ਜੀ ਕੁਰੀ ਜਾਂ ਕਾਦਰਾ-ਬਾਦ ਵਾਲੇ ।

4 ਬਾਬਾ ਬੀਰ ਸਿੰਘ ਜੀ ਨੌਰੰਗਾ ਬਾਦ ਵਾਲੇ ।

5 ਬਾਬਾ ਖ਼ੁਦਾ ਸਿੰਘ ਜੀ ਲਾਹੌਰ ਵਾਲੇ ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਬਾਰੇ ਇਸ ਵਿਚ ਇਕ ਪ੍ਰਸੰਗ ਇਸ ਤਰ੍ਹਾਂ ਦਰਜ ਹੈ :—

"ਏਕ ਸਮੇਂ ਸ੍ਰੀ ਗੁਰੂ (ਬਾਬਾ ਸਾਹਿਬ ਸਿੰਘ ਜੀ ਬੇਦੀ) ਜੀ ਨਨਕਾਣੇ ਸਾਹਿਬ ਦੀ ਯਾਤ੍ਰਾ ਕਰਣੇ ਜਾਤੇ ਭਏ । 1847 (ਸੰਮਤ ਬਿਕ੍ਰਮੀ) ਮੇਂ ਜਬ (ਸ੍ਰੀ ਗੁਰੂ) ਨਾਨਕ ਦਰਸ਼ਨ ਕਰਕੇ ਪੀਛੇ ਹਟੇ ਤਬ ਇਤਨੇ ਮੇਂ ਰਾਜਾ ਰਣਜੀਤ ਸਿੰਘ ਕਾ ਪਿਤਾ ਮਾਂਹ ਸਿੰਘ ਕਾਲ-ਵਸ ਹੋ ਜਾਤੇ ਭਏ । ਸ੍ਰੀ ਬਾਬਾ ਜੀ ਮਹਾਂ ਸਿੰਘ ਦੀ ਮੁਕਾਣ ਦੇਣ ਵਾਸਤੇ ਇਸੀ ਮਾਰਗ ਹੋ ਕੇ ਆਵਤੇ ਭਏ ।

ਮੁਕਾਣ ਦੇ ਕੇ ਸ੍ਰੀ ਬਾਬਾ ਜੀ ਅਪਨੇ ਡੇਰੇ ਮੇਂ ਆਇ ਬਿਰਾਜਤੇ ਭਏ । ਔਰ ਭੀ, ਕਨੱਯੇ, ਭੰਗੀ ਸਰਦਾਰ, ਸਿੰਘ ਪੁਰੀਏ, ਰਾਮ ਗੜ੍ਹੀਏ, ਬੁਢੇ ਦਲ ਆਦਿਕ ਸਾਰੇ ਸਰਦਾਰ ਭੀ ਆਏ, ਤਬ ਮਹਾਂ ਸਿੰਘ ਕੇ ਅਰੀਊਂ (ਵੈਰੀਊਂ) ਨੇ ਬਾਲਕ ਰਣਜੀਤ ਸਿੰਘ ਕੋ ਮਾਰ ਦੇਣੇ ਕਾ ਸੰਕਲਪ ਕੀਆ ਪਰ ਰਣਜੀਤ ਸਿੰਘ ਕੀ ਮਾਤਾ ਕੋ ਇਸ ਬਾਤ ਕਾ ਪਤਾ ਮਿਲ ਗਿਆ ।

ਤਬ ਉਸ ਨੇ ਬਾਲਕ ਰਣਜੀਤ ਸਿੰਘ ਕੋ ਸ੍ਰੀ ਬਾਬਾ ਜੀ ਕੇ ਪਲੰਘ ਕੇ ਨੀਚੇ ਜਾਇ ਕਰ ਛੁਪਾਇ ਦੀਆ । ਸ੍ਰੀ ਬਾਬਾ ਜੀ ਮਾਰਣੇ ਵਾਲੇ ਪਰ ਕਰੋਧ ਕਰਤੇ ਭਏ ਔਰ ਰਣਜੀਤ ਸਿੰਘ ਕੋ ਰਾਜ ਕਰਣੇ ਕਾ ਵਰ ਦਿਤੇ ਭਏ ।

ਇਸ ਵੇਲੇ ਸ੍ਰੀ ਬਾਬਾ ਜੀ ਕੇ ਪਾਸ ਹੀ ਭਾਈ ਮਨਸਾ ਸਿੰਘ ਜੀ ਬੈਠੇ ਥੇ। ਮਹਾਰਾਜ ਜੀ ਕੇ ਵਰਾਤਮਕ ਬਚਨ ਸੁਣ ਕੇ ਉਨਹੋਂ ਨੇ ਕਿਹਾ, ਸੱਚੇ ਪਾਤਸ਼ਾਹ ਜੀ ਜੇ ਹੱਸ ਭਾਰੀ ਹੋ ਜਾਵੇ ਤਬ ਹੱਸ ਗਲ ਕੇ ਹਾਡ ਕੋ ਭੀ ਤੋੜਨੇ ਲਗ ਜਾਤੀ ਹੈ । ਤੈਸੇ ਹੀ ਮੂਰਖ ਆਪਣੀ ਪੂਰਬਲੀ ਅਵਸਥਾ ਕੋ ਜਾਨਤੇ ਨਹੀਂ ਹੈ ਔਰ ਜਿਸ ਕੇ ਉਪਕਾਰ ਸੇ ਵਧਤੇ ਹੈਂ ਤਿਸ ਕਾ ਅਪਕਾਰ ਕਰਨ ਲਗ ਜਾਤੇ ਹੈਂ...ਆਗੇ ਆਪ ਸਰਬਗ ਹੋ, ਸਭ ਕੁਝ ਜਾਣਤੇ ਹੀ ਹੋ । ਇਸ ਪ੍ਰਕਾਰ ਕੇ ਭਾਈ ਮਨਸਾ ਸਿੰਘ ਦੇ ਬਚਨ ਸੁਣ ਕੇ ਸ੍ਰੀ ਗੁਰੂ ਓਵਾਚ ॥ ਹੇ ਭਾਈ ਮਨਸਾ ਸਿੰਘ ਜੀ ! ਸਚ ਹੈ ਤੁਮਾਰੋ ਬਚਨ । ਤਥਾਪੀ ਜਿਸ ਪਾਨੀ ਸੇ ਬ੍ਰਿਛ ਉਤਪੰਨ ਹੋਤੇ ਹੈਂ ਫਿਰ ਤਿਸੀ ਪਾਣੀ ਸੇ ਮਾਰਿਉ ਜਾਤੇ ਹੈਂ...ਜਿਸ ਕੋ ਬਨਾਣੇ ਕੀ

ਸਮਰਥਾ ਹੈ, ਮਨਸਾ ਸਿੰਘ ਜੀ ਤਿਸ ਕੋ ਭੰਨਨੇ ਕੋ ਭੀ ਸਾਮਰਥ ਹੈ।'

ਇਹ ਵਾਕਿਆਤ ਇਸ ਗਲ ਦਾ ਪੁਖਤਾ ਸਬੂਤ ਹਨ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਪਸਚਾਤ, ਸਿਖ-ਸੰਤਾਂ ਅਤੇ ਗੁਰੂ ਵੰਸ ਦੇ ਲੋਕ, ਸਿਖ ਹਿਰਦਿਆਂ ਵਿਚ ਗੁਰੂ ਦੇ ਉਦੇਸ਼ ਅਤੇ ਆਦਰਸ਼ਾਂ ਦੇ ਪ੍ਰਚਾਰਨ ਲਈ ਕਿਨੀ ਤੀਬਰ ਰੁਚੀ ਰਖਦੇ ਸਨ। ਪਰ ਇਹ ਰੁਚੀ ਮਨੁਖੀ ਹਿਰਦੇ ਵਿਚ ਉਦੈ ਹੋਣ ਦੀ ਨੀਂਹ :—

"ਪ੍ਰਥਮੇ ਮਨ ਪਰਬੋਧੈ ਅਪਣਾ,
ਪਾਛੈ ਅਵਰ ਰੀਝਾਵੈ ।"

ਦੇ ਫਾਰਮੂਲੇ ਤੇ ਅਧਾਰਿਤ ਹੁੰਦੀ ਹੈ। ਇਹਨਾਂ ਹਾਲਾਤਾਂ ਤੋਂ ਸਿਧ ਹੁੰਦਾ ਹੈ ਕਿ ਸ੍ਰੀ ਬਾਬਾ ਜੀ ਕਰਣੀ ਕਥਨੀ ਦੇ ਸੂਰੇ ਅਤੇ ਸਿਖ ਸੰਗਤਾਂ ਤੇ ਰਾਜੇ ਮਹਾਰਾਜਿਆਂ ਵਿਚ ਅਤੇ ਖਾਸ ਕਰ ਨਿਰਮਲ ਭੇਖ ਵਿਚ ਸ਼ਰੋਮਣੀ ਸਮਝੇ ਜਾਂਦੇ ਸਨ।

## (3) ਸ੍ਰੀ ਬਾਬਾ ਖੇਮ ਸਿੰਘ ਜੀ ਬੇਦੀ

ਸਿਖ ਰਾਜ ਤੋਂ ਪਿਛੋਂ ਆਪ ਨੇ ਪੋਠੋਹਾਰ, ਪਿਸ਼ਾਵਰ, ਛਛ-ਹਜ਼ਾਰਾ ਤੇ ਪੰਜਾਬ ਦੇ ਹੋਰ ਕਈ ਇਲਾਕਿਆਂ ਵਿਚ ਫਿਰ ਕੇ ਸੁਤੀ ਹੋਈ ਸਿਖ ਕੌਮ ਨੂੰ ਜਗਾਣ ਲਈ ਲੱਕ ਬੰਨੀ ਰਖਿਆ।

ਆਪ ਡੇਰਾ ਬਾਬਾ ਨਾਨਕ ਦੇ ਵਸਨੀਕ ਅਤੇ ਤਕੜੇ ਜ਼ਮੀਨਦਾਰ ਸਨ। ਧਰਮ ਤੇ ਕੌਮ ਦੀ ਹੁੰਦੀ ਦੂਰ-ਦਿਸ਼ਾ ਨੂੰ ਵੇਖ ਕੇ ਆਪ ਬਰਦਾਸ਼ਤ ਨ ਕਰ ਸਕੇ। ਭਾਈ ਚਾਰੇ, ਸੰਬੰਧੀਆਂ ਅਤੇ ਪਰਵਾਰ ਦੀ ਵਿਰੋਧਤਾ ਦੇ ਹੁੰਦਿਆਂ ਆਪ ਆਪਣੇ ਬਾਬੇ ਨਾਨਕ ਵਾਂਗੂੰ ਤਿਨ ਕਪੜਿਆਂ ਵਿਚ ਹੀ ਘਰੋਂ ਨਿਕਲ ਤੁਰੇ ਤੇ ਪੋਠੋਹਾਰ ਦੇ "ਸੁਖੋ" ਨਾਂ ਦੇ ਪਿੰਡ ਵਿਚ ਜਾ ਪਹੁੰਚੇ। ਉਥੇ ਆਪ ਦਾ ਮੇਲ ਪੋਠੋਹਾਰ ਦੇ ਪੂਜਯ ਸੰਤ ਸ੍ਰੀ ਭਾਈ ਦੀਵਾਨ ਸਿੰਘ ਜੀ ਨਾਲ ਹੋਇਆ ਆਪ ਨੇ ਆਪਣੀ ਲਗਨ ਤੇ ਰੁਚੀ ਭਾਈ ਸਾਹਿਬ ਅਗੇ ਪ੍ਰਗਟ ਕੀਤੀ।

ਤੇ ਜਦੋਂ ਭਾਈ ਸਾਹਿਬ ਦੀਵਾਨ ਸਿੰਘ ਜੀ ਨੂੰ ਇਹ ਪਤਾ ਲਗਾ ਕਿ ਆਪ ਗੁਰੂ ਨਾਨਕ ਦੀ ਵੰਸ 'ਚੋਂ ਹਨ ਤਾਂ ਆਪ ਨੇ ਸਾਰੇ ਪੋਠੋਹਾਰ ਵਿਚ ਬਾਬਾ ਜੀ ਦੇ ਨਾਲ ਫਿਰਕੇ ਸਿੱਖ ਸਹਿਜ ਧਾਰੀ ਜਨਤਾ ਨਾਲ ਆਪ ਦੀ ਜਾਣ ਪਛਾਣ ਕਰਾਈ।

ਆਪ ਰੋਜ਼ਾਨਾ ਪੰਝੀ ਪਾਠ ਸ੍ਰੀ ਜਪਜੀ ਸਾਹਿਬ ਦੇ ਕਰਕੇ ਪ੍ਰਸ਼ਾਦਾ ਛਕਣ ਦੇ ਨਿਯਮੀ ਸਨ। ਜਿਸ ਦੀ ਵੰਸ਼ ਸਨ ਉਸੇ ਵਾਂਗੂੰ, ਧਰਮ, ਪ੍ਰੇਮ, ਨਿਰਭੈਤਾ ਤੇ ਨਿਰਵੈਰਤਾ ਦਾ ਦੂਜਾ ਰੂਪ ਸਨ। ਮਨੁਖੀ ਪੀੜਾ ਲਈ ਡਾਢੇ ਦਰਦਵੰਦ ਦਿਲ ਦੇ ਮਾਲਿਕ ਅਤੇ ਦੰਭ ਪਖੰਡ ਦੇ ਪਕੇ ਵਿਰੋਧੀ ਸਨ। ਸਿਖ ਅਸੂਲਾਂ ਦੀ ਹਾਣ ਹੁੰਦੀ ਵੇਖ ਕੇ ਆਪ ਦਾ ਦਿਲ ਤੜਪ ਉਠਦਾ ਸੀ।

ਲੇਖਕ ਦੇ ਪਿਤਾ ਜੀ ਦਸਦੇ ਸਨ ਕਿ ਬਾਬਾ ਜੀ ਆਪਣੀ ਜਵਾਨ ਆਯੂ ਵਿਚ ਜਦੋਂ ਸਾਡੇ ਪਿੰਡਾਂ ਵਿਚ ਆਉਂਦੇ, ਉਹਨਾਂ ਦੇ ਕਾਲੇ ਸ਼ਾਹ ਦਾਹੜ੍ਹੇ, ਦਸਤਾਰੇ, ਮੂੰਹ ਮਥੇ ਦੇ ਸੁਹੱਪਣ ਅਤੇ ਰੂਹਾਨੀਅਤ ਦਾ ਤੇਜ ਵੇਖ ਵੇਖ ਕੇ ਦਿਲ ਰਜਦਾ ਨਹੀਂ ਸੀ।

ਸਿਖੀ ਚਿੰਨਾਂ ਲਈ ਆਪ ਦੇ ਹਿਰਦੇ ਵਿਚ ਕਿੰਨਾ ਪਿਆਰ ਸੀ ? ਇਹਦਾ ਸਬੂਤ ਆਪਣੇ ਪਿਤਾ ਜੀ ਤੋਂ ਅਤੇ ਆਪਣੇ ਪਿੰਡ ਦੇ ਬਜ਼ੁਰਗਾਂ ਤੋਂ ਸੁਣੇ ਇਕ ਵਾਕਿਆ ਤੋਂ ਨਿਰਣੈ ਹੁੰਦਾ ਹੈ।

ਸਾਡੇ ਪਿੰਡ ਦੇ ਰਹਿਣ ਵਾਲੇ ਇਕ ਰਾਮਦਿਆਲ ਸਾਹਣੀ ਦੀ ਸ੍ਰੀ ਬਾਬਾ ਜੀ ਤੇ ਬੜੀ ਸ਼ਰਧਾ ਸੀ। ਆਪ ਬੜੇ ਉਦਾਰ-ਚਿਤ ਸਨ, ਤੇ ਲੰਗਰ ਅਤੇ ਸਦਾ ਵਰਤ ਵਿਚ ਦੋ ਆਨੇ ਜੀ ਪਰਤੀ ਗਰੀਬਾਂ, ਸਾਧੂ ਮਹਾਤਮਾਂ ਤੇ ਲੋੜਵੰਦਾਂ ਨੂੰ ਦਾਨ ਦਿੰਦੇ ਸਨ। ਇਹਨਾਂ ਨੇ ਆਪਣੇ ਚਾਰ ਪੁਤਰਾਂ ਨੂੰ ਬਾਬਾ ਖੇਮ ਸਿੰਘ ਜੀ ਦੇ ਉਪਦੇਸ਼ਾਂ ਤੋਂ ਪ੍ਰੇਰਤ ਹੋ ਕੇ ਸਿਖ ਸਜਾਇਆ ਤੇ ਕੇਸ ਧਾਰਨ ਕਰਵਾਏ। ਹਰੀ ਸਿੰਘ ਨਾਂ ਦੇ ਇਹਨਾਂ ਦੇ ਇਕ ਪੁਤਰ ਨੇ ਕੇਸ ਕਤਲ ਕਰਵਾ ਦਿਤੇ।

ਤੇ ਜਦੋਂ ਬਾਬਾ ਜੀ ਦਾ ਦੌਰਾ ਸਾਡੇ ਪਿੰਡ ਸੀ ਉਹਨਾਂ ਇਹ ਉਪੱਦ੍ਰਵ ਹੋਇਆ ਸੁਣ ਕੇ ਰਾਮ ਦਿਆਲ ਸ਼ਾਹ ਦੇ ਘਰ ਦਾ ਅੰਨ ਜਲ ਗ੍ਰਹਿਣ ਕਰਨਾ ਬੰਦ ਕਰ ਦਿਤਾ।

ਬਾਬਾ ਜੀ ਦੇ ਆਉਣ ਤੋਂ ਪਹਿਲਾਂ ਇਕ ਸੰਤ ਮਹਾਂ ਪੁਰਸ਼ ਠਾਕਰ ਦਿਆਲ ਸਿੰਘ ਜੀ, ਨੇ ਹਰੀ ਸਿੰਘ ਤੋਂ ਭੁਲ

ਦੀ ਮਾਫ਼ੀ ਮੰਗਾ ਕੇ ਦੋਬਾਰਾ ਉਹਨੂੰ ਕੇਸ ਧਾਰਨ ਕਰਵਾਏ ਸਨ। ਇਹ ਗਲ ਰਾਮ ਦਿਆਲ ਸ਼ਾਹ ਨੇ ਸ੍ਰੀ ਬਾਬਾ ਜੀ ਅਗੇ ਪੇਸ਼ ਕਰਕੇ ਉਹਨਾਂ ਨੂੰ ਰਾਜ਼ੀ ਕਰਨਾ ਚਾਹਿਆ, ਪਰ ਬਾਬਾ ਜੀ ਨੇ ਦੋਵੇਂ ਹਥ ਜ਼ੋਰ ਨਾਲ ਜ਼ਮੀਨ ਤੇ ਮਾਰ ਕੇ ਉਹਨੂੰ ਪੁਛਿਆ "ਉਹ ਕਿਹੜਾ ਸ਼ਖਸ ਹੈ ਜਿਸ ਨੇ ਇਕ ਪਤਿਤ ਪੁਰਸ਼ ਨੂੰ ਸਿਖ ਭਾਈਚਾਰੇ ਵਿਚ ਸ਼ਾਮਲ ਕਰਵਾਇਆ ਹੈ? ਕੀ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਜਬਾਬ ਦੇਹ ਬਣੇਗਾ?"

ਸ੍ਰੀ ਸੰਤ ਠਾਕਰ ਦਿਆਲ ਸਿੰਘ ਜੀ ਇਸ ਵੇਲੇ ਬਹੁਤੀ ਬਿਰਧ ਆਯੂ ਵਿਚ ਸਨ ਤੇ ਗੁਰਦੁਵਾਰੇ ਦੇ ਇਕ ਕਮਰੇ ਵਿਚ ਨਿਵਾਸ ਰਖਦੇ ਸਨ। ਜਦੋਂ ਬਾਹਰ ਹੁੰਦੀ ਇਹ ਗਲ ਬਾਤ ਆਪ ਦੀ ਕੰਨੀ ਪਾਈ ਗਈ ਤਾਂ ਠਾਕੁਰ ਦਿਆਲ ਸਿੰਘ ਜੀ ਹੌਲੇ ਸੋਟੀ ਦੇ ਆਸਰੇ ਤੁਰ ਕੇ ਬਾਹਰ ਆ ਗਏ ਤੇ ਬਾਬਾ ਜੀ ਨੂੰ ਬਿਨੈ ਕੀਤੀ ਕਿ:—

"ਹਰੀ ਸਿੰਘ ਨੇ ਆਪਣੀ ਕੀਤੀ ਭੁਲ ਤੇ ਪਸਚਾਤਾਪ ਕੀਤਾ ਸੀ ਤੇ ਮੁੜ ਸਿੰਘ ਸਜ ਗਿਆ ਹੈ। ਮੈਂ ਇਹਦੀ ਸਫ਼ਾਰਸ਼ ਕਰਦਾ ਹਾਂ ਕਿ ਆਪ ਗੁਰੂ ਵੰਸ ਹੋਣ ਕਰਕੇ ਮੇਰੇ ਪੂਜਯ ਹੋ। ਇਸ ਲਈ ਕਿਰਪਾ ਕਰਕੇ ਆਪ ਵੀ ਇਹਦੀ ਭੁਲ ਤੋਂ ਇਹਨੂੰ ਮਾਫ਼ੀ ਦੇ ਦਿਉ।"

ਆਖਦੇ ਹਨ ਕਿ ਇਹ ਡੰਡ ਲਾਕੇ ਕਿ ਰਾਮ ਦਿਆਲ ਸ਼ਾਹ ਇਕ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤੇ ਇਕ ਜਨਮ ਸਾਖੀ ਭਾਈ ਮਨੀ ਸਿੰਘ ਜੀ ਵਾਲੀ ਲਿਖਵਾ ਕੇ ਗੁਰਦਵਾਰੇ ਅਸਥਾਪਨ ਕਰਵਾਣ ਅਤੇ ਹਰੀ ਸਿੰਘ ਨੂੰ ਕੁਝ ਸਰੀਰਕ ਸੇਵਾ ਲਾ ਕੇ ਉਹਦੀ ਭੁਲ ਬਾਬਾ ਜੀ ਨੇ ਬਖਸ਼ ਦਿਤੀ।

ਦੇਖੋ, "ਜੀਵਨ ਠਾਕੁਰ ਦਿਆਲ ਸਿੰਘ
ਜੀ ਪੁਸਤਕ ਦਾ ਪੰਨਾ 24

ਅਜ ਫਿਰ ਲੋੜ ਹੈ ਬਾਬਾ ਅਜੀਤ ਸਿੰਘ, ਬਾਬਾ ਸਾਹਿਬ ਸਿੰਘ ਤੇ ਬਾਬਾ ਖੇਮ ਸਿੰਘ ਜੀ ਵਰਗੇ ਧਰਮਗਯ ਤੇ ਧਰਮੀ ਪੁਰਸ਼ਾਂ ਦੀ ਜਿਹੜੇ ਕੌਮ ਨੂੰ ਧਰਮ ਸਦਾਚਾਰ ਵਿਚ ਨਿਪੁੰਨ ਕਰਨ ਦੀ ਤੀਬਰ ਰੁਚੀ ਰਖਦੇ ਹੋਣ।

# ਕੀਤਾ ਉਪਦੇਸ਼ ਰਾਜ ਯੋਗ ਮਾਰਗ ਦਸ ਕੇ

ਸ੍ਰੀ ਮਾਨ :—ਕਵੀ ਰਾਜ ਭ: ਸਾ: ਭਾਈ ਅਰਜਨ ਸਿੰਘ ਜੀ, 'ਵੈਦ' ਡੇਰਾਦੂਨ

ਅੰਸ ਗੁਰੂ ਨਾਨਕ ਦੀ ਬੇਦੀ ਕੁਲ ਰਤਨ ਹੋਇ,
ਨਾਮ ਦੇ ਸਦੀਵ ਪੂਰੇ ਸ਼ਕਤੀ ਭੰਡਾਰ ਸਨ।
ਰਿਧੀ, ਸਿਧੀ ਪਾਈ, ਕੀਤੀ ਨਾਮ ਦੀ ਕਮਾਈ ਹੈ ਸੀ,
ਸਾਹਿਬ ਮ੍ਰਿਗਿੰਦ, ਸਦਾ ਰਹਿੰਦੇ ਗੁਲਜ਼ਾਰ ਸਨ।
ਗੁਰੂ ਦਸਮੇਸ਼ ਦੇ ਉਦੇਸ਼ ਦਾ ਪ੍ਰਚਾਰ ਸਦਾ,
ਕਰਨ ਉਪਦੇਸ਼, ਗੁਰਮੁਖ-ਤਾਈ ਦੇ ਵਿਚਾਰ ਸਨ।
ਅਰਜਨ ਮ੍ਰਿਗਿੰਦ, ਨਾਮ ਰੱਤੇ, ਸਾਹਿਬ ਸਿੰਘ ਬੇਦੀ,
ਸਦਾ ਗੁਰਬਾਣੀ ਰੱਤੇ, ਨਿਰ-ਹੰਕਾਰ ਸਨ।
ਨਾਮ ਦੀ ਕਮਾਈ, ਦਸਮੇਸ਼ ਦੀ ਵਡਿਆਈ ਕਰਨ,
ਪ੍ਰੇਮ ਦੀ ਜਗਾਂਦੇ ਜੋਤਿ, ਰਹੇ ਗਿਆਨ ਦਸ ਕੇ।
ਸ਼ਸਤਰ ਧਾਰੀ ਖਾਲਸਾ, ਦੀਦਾਰੀ ਸੰਤ ਖਾਲਸਾ ਭੀ,
ਕੀਤਾ ਉਪਦੇਸ਼ ਰਾਜ ਯੋਗਿ ਮਾਰਗ ਦਸ ਕੇ।
ਕਉਨ ਪਾਵੇ ਅਤ ਦਸਮੇਸ਼ ਜੀ ਦੇ ਪ੍ਰੇਮੀਆਂ ਦਾ,
ਸੇਵਾ ਨਿਰਮਾਨ ਕਰਦੇ ਰਹੇ ਜਗ ਵੱਸ ਕੇ।
ਅਰਜਨ ਮ੍ਰਿਗਿੰਦ, ਯੋਗੀ ਰਾਜ, ਹੋਇ ਸਿਦਕ ਧਾਰੀ,
ਭਾਗੀ ਨੇ ਹਮੇਸ਼, ਪ੍ਰੇਮੀ ਪਿਆਰ ਅਤੇ ਯੱਸ਼ ਕੇ।

# ਬਾਬਾ ਸਾਹਿਬ ਸਿੰਘ ਜੀ ਦੀ ਪ੍ਰਤਿੱਭਾ

ਸ੍ਰੀ ਮਾਨ :—ਪ੍ਰੋ: ਜੋਗਿੰਦਰ ਸਿੰਘ ਜੀ, ਐਮ. ਏ, ਖਾਲਸਾ ਕਾਲਜ, ਦਿੱਲੀ

ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਬੇਦੀ 19ਵੀਂ ਸਦੀ ਦੇ ਪੰਜਾਬੀ ਇਤਿਹਾਸ ਦੀ ਬੜੀ ਪ੍ਰਸਿੱਧ, ਗੁਰਸਿੱਖ, ਪਰਉਪਕਾਰੀ, ਲਗਨ, ਜੋਸ਼ ਤੇ ਉਤਸ਼ਾਹ ਵਾਲੀ, ਨਿਡਰ ਦਲੇਰ, ਯੋਧਾ ਤੇ ਨੀਤੀ-ਨਿਪੁੰਨ ਪ੍ਰਤਿੱਭਾ ਹੋ ਗੁਜ਼ਰੀ ਹੈ। ਬਾਬਾ ਸਾਹਿਬ ਸਿੰਘ ਜੀ ਦੀ ਕੁਝ-ਪ੍ਰੰਪਰਾ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਬੇਦੀ-ਬੰਸ ਨਾਲ ਜਾ ਮੇਲ ਖਾਂਦੀ ਹੈ, ਪਰ ਬੇਦੀ-ਸੋਢੀ ਦੀ ਜਾਤਿ-ਸੰਕੀਰਣਤਾ ਨੂੰ ਤਿਆਗ ਕੇ, ਜਿਹੜਾ ਗੁਣ ਬਾਬਾ ਜੀ ਦੀ ਸ਼ਖ਼ਸੀਅਤ ਨੂੰ ਸਰਬ-ਭਾਵੀ ਤੇ ਗੌਰਵ-ਮਈ ਬਣਾਂਦਾ ਹੈ, ਉਹ ਹੈ ਉਨ੍ਹਾਂ ਦਾ ਆਦਰਸ਼ਕ ਜੀਵਨ, ਉਹਨਾਂ ਦੀ ਆਦਰਸ਼-ਭਾਵੀ ਪ੍ਰਤਿਭਾ। ਬਾਬਾ ਸਾਹਿਬ ਸਿੰਘ ਜੀ ਦੀ ਸ਼ਖਸੀਅਤ ਪੰਜਾਬ ਦੀ ਇਕ ਆਦਰਸ਼ਕ ਸ਼ਖਸੀਅਤ ਹੈ, ਸਿਖ ਰਾਜ ਦੀ ਪਾਤਿਸ਼ਾਹੀ ਨੂੰ ਆਦਰਸ਼ਕ-ਲੀਹਾਂ ਤੇ ਟੋਰਨ ਵਾਲੀ ਸ਼ਖ਼ਸੀਅਤ ਹੈ, ਸਿਖ ਇਤਿਹਾਸ ਦੀ ਅਮਿੱਤ ਆਭਾ ਵਾਲੀ ਤੇ ਚਮਤਕਾਰੀ ਸ਼ਖਸੀਅਤ ਹੈ। ਇਸ ਤਰ੍ਹਾਂ ਦੀਆਂ ਸ਼ਖਸੀਅਤਾਂ ਨੂੰ ਹੀ ਸਹੀ ਅਰਥਾਂ ਵਿਚ 'ਪੂਰਨ ਗੁਰਸਿੱਖ' ਆਖੀ ਦਾ ਹੈ।

ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਜਨਮ ਸੰਮਤ 1813 ਨੂੰ ਪੰਜਾਬ ਦੀ ਧਰਤੀ ਤੇ ਹੁੰਦਾ ਹੈ। ਇਹ ਸਮਾਂ ਪਜਾਬ ਵਿਚ ਮਿਸਲਾਂ ਦਾ ਸਮਾਂ ਹੈ। ਮਿਸਲਾਂ ਆਪਣੀਆਂ ਆਪਣੀਆਂ ਰਿਆਸਤਾਂ ਦੇ ਵਧਾ-ਚੜ੍ਹਾ ਵਿਚ ਜੁੱਟੀਆਂ ਹੋਈਆਂ ਸਨ। ਭਾਵੇਂ ਮਿਸਲਾਂ ਦੇ ਆਗੂ ਤਾਂ ਵਿਕਾਸ-ਲੀਹਾਂ ਵਲ ਟੁਰੀ ਜਾ ਰਹੇ ਸਨ, ਪਰ ਸਰਬ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਬਾਬਾ ਸਾਹਿਬ ਸਿੰਘ ਜੀ ਨੂੰ ਇਹ ਵਿਅਕਤੀ-ਗਤ ਵਿਕਾਸ ਬਹੁਤਾ ਅਕਾਰਖਿਤ ਨਹੀਂ ਸੀ ਕਰਦਾ। ਇਹੀ ਕਾਰਨ ਹੈ, ਕਿ ਉਹਨਾਂ ਨੇ ਪਹਿਲਾਂ ਆਪਣੇ ਆਪ ਨੂੰ ਨਿਜ ਤੋਂ ਸੁਤੰਤਰ ਕਰਕੇ, ਸਰਬ-ਇੱਛਕ ਸਿੱਧ ਕੀਤਾ। ਪੰਜਾਬੀ ਤੇ ਫ਼ਾਰਸੀ ਭਾਸ਼ਾਵਾਂ ਪੜ੍ਹੀਆਂ, ਆਪਣੇ ਅੰਦਰੋਂ ਵਿਸ਼ਾਲਤਾ ਤੇ ਵਿਆਪਕਤਾ ਦਾ [ਗੁਣ-ਜਜ਼ਬਾ ਪ੍ਰਗਟ ਕੀਤਾ; ਆਪਣੇ ਆਪ ਨੂੰ ਭਗਤੀ-ਨਮਿੱਤ ਭੇਂਟ ਚੜ੍ਹਾ ਕੇ, ਆਪਣੇ ਆਪ ਨੂੰ ਭਗਤ ਤੇ ਸੰਤ ਸਿੱਧ ਕੀਤਾ। ਬਾਬਾ ਸਾਹਿਬ ਸਿੰਘ ਜੀ ਦਾ ਸਾਰਾ 'ਜੀਵਨ-ਇਤਿਹਾਸ' ਭਗਤੀ ਤੇ ਸੰਤ-ਕਰਤੱਵਾਂ ਨਾਲ ਭਰਿਆ ਹੋਇਆ ਹੈ। ਉਹਨਾਂ ਨੂੰ ਤਾਂ 19ਵੀਂ ਸਦੀ ਦੇ 'ਦੇਵੀ-ਸੰਤ' ਕਹਿਣਾ ਚਾਹੀਦਾ ਹੈ। ਉਹਨਾਂ ਦਾ ਜੀਵਨ-ਵਿਹਾਰ ਸਰਬ-ਮਨੁੱਖਤਾ ਦੇ ਦੁੱਖਾਂ, ਕਲੇਸ਼ਾਂ ਤੇ ਮੁਸ਼ਕਲਾਂ ਦੇ ਉਧਾਰ ਵਾਲਾ ਸੀ। ਉਹ ਤਾਂ ਪਰਉਪਕਾਰੀ-ਸ਼ਖਸੀਅਤ ਦੇ ਮਾਲਕ ਸਨ। ਮਿਸਲਾਂ ਦੀਆਂ ਆਗੂ-ਸ਼ਖਸੀਅਤਾਂ ਨਾਲ ਵਿਅਕਤੀ-ਗਤ ਪੱਧਰ ਤੇ ਮੇਲ-ਮਿਲਾਪ ਹੋਏ ਵੀ, ਉਹਨਾਂ ਦੀ ਦ੍ਰਿੜ-ਭਾਵਨਾ ਵਿਚ ਉਹ ਅਦ੍ਵੈਤ ਤੇ ਨਿਡਰਤਾ ਦਾ ਜੀਵਨ ਜੀਉਂਦੇ ਰਹੇ ਤੇ ਸਾਰੀਆਂ ਮਿਸਲ-ਆਗੂ-ਸ਼ਖਸੀਅਤਾਂ ਨੂੰ ਵੀ ਇਕ ਸਾਂਝੇ ਰਾਜ ਦੀ ਉਸਾਰੀ ਵਾਸਤੇ ਪ੍ਰੇਰਦੇ ਰਹੇ। ਅੰਤ ਉਹਨਾਂ ਦਾ ਸੁਪਨਾ ਸਾਕਾਰ ਹੋਇਆ। ਸੁਕਰ ਚਕੀਆ ਮਿਸਲ ਦੇ ਆਗੂ ਸ: ਮਹਾਂ ਸਿੰਘ ਨੇ ਸਰਬ ਮਿਸਲਾਂ ਤੇ ਹਾਵੀ ਹੋ ਕੇ, ਇਕ ਸਾਂਝੇ ਰਾਜ ਦੀ ਨੀਂਹ ਰਖੀ, ਜਿਸ ਦਾ ਸਹੀ ਅਰਥਾਂ ਵਿਚ ਵਾਲੀ ਵਾਰਸ ਮਹਾਰਾਜਾ ਰਣਜੀਤ ਸਿੰਘ ਬਣਿਆ।

ਮਹਾਰਾਜਾ ਰਣਜੀਤ ਸਿੰਘ ਭਾਵੇਂ ਮਹਾਰਾਜਾ ਸੀ, ਸ਼ੇਰੇ ਪੰਜਾਬ ਸੀ, ਪਰ ਉਹ ਵੀ ਬਾਬਾ ਸਾਹਿਬ ਸਿੰਘ ਜੀ ਦੀ ਨੂਰੀ ਤੇ ਚਮਤਕਾਰੀ ਸ਼ਖਸੀਅਤ ਦੇ ਦਰਸ਼ਨਾਂ ਦਾ ਇੱਛਾਵਾਨ ਸੀ। ਮਹਾਰਾਜਾ ਰਣਜੀਤ ਸਿੰਘ ਤਾਂ ਬਾਬਾ ਜੀ ਨੂੰ ਇਕ ਦਲੇਰ, ਨਿਡਰ, ਸ਼ੁੱਧ ਤੇ ਠੀਕ ਰਾਏ ਦੇਣ ਵਾਲਾ ਸਲਾਹਕਾਰ

ਮੰਨਦਾ ਸੀ। ਆਪਣੀਆਂ ਔਕੜਾਂ ਤੇ ਮੁਸ਼ਕਲਾਂ ਵੇਲੇ ਤਾਂ ਮਹਾਰਾਜਾ 'ਬਾਬਾ ਸਾਹਿਬ ਸਿੰਘ' ਜੀ ਨੂੰ ਹਮੇਸ਼ਾਂ ਯਾਦ ਕਰਿਆ ਕਰਦਾ ਸੀ। ਬਾਬਾ ਸਾਹਿਬ ਸਿੰਘ ਜੀ ਦਾ ਵੀ ਹਾਰਦਿਕ ਪਿਆਰ ਮਹਾਰਾਜਾ ਰਣਜੀਤ ਸਿੰਘ ਨਾਲ ਸੀ। ਸ਼ੇਰੇ ਪੰਜਾਬ ਦੀ ਦਸਤਾਰ ਬੰਦੀ ਦੀ ਰਸਮ ਵੀ ਬਾਬਾ ਜੀ ਦੇ ਹਥੋਂ ਹੀ ਅਦਾ ਹੋਈ ਸੀ। ਮਹਾਰਾਜਗੀ ਦਾ ਤਿਲਕ ਵੀ ਬਾਬਾ ਸਾਹਿਬ ਸਿੰਘ ਜੀ ਨੇ ਹੀ ਸ਼ੇਰੇ ਪੰਜਾਬ ਨੂੰ ਪ੍ਰਦਾਨ ਕੀਤਾ ਸੀ। ਇਸੇ ਕਰਕੇ ਸਿਖ ਰਾਜ ਨੂੰ ਵਧ ਤੋਂ ਵਧ ਸ਼ੁੱਧ ਤੇ ਸ਼ਕਤੀ ਸ਼ਾਲੀ ਲੀਹਾਂ ਤੇ ਉਸਾਰਨ ਵਾਸਤੇ ਬਾਬਾ ਸਾਹਿਬ ਸਿੰਘ ਜੀ ਮਹਾਰਾਜਾ ਸਾਹਿਬ ਨੂੰ ਅਤਿ ਸਹਾਇਕ-ਸਿੱਧ ਹੁੰਦੇ ਸਨ। ਬਾਬਾ ਜੀ ਦੀ ਨਿਡਰਤਾ ਤੇ ਨੀਤੀ-ਨਿਪੁੰਨਤਾ ਦੀ ਤਾਂ ਮਹਾਰਾਜਾ ਸਾਹਿਬ ਆਪ ਬੜੀ ਕਦਰ ਕਰਦੇ ਸਨ। 19ਵੀਂ ਸਦੀ ਦੇ ਪੰਜਾਬ ਦੇ ਰਾਜਸੀ ਇਤਿਹਾਸ ਵਿਚ ਵੀ ਬਾਬਾ ਸਾਹਿਬ ਸਿੰਘ ਜੀ ਦਾ ਅਤਿ ਉੱਤਮ ਸਥਾਨ ਹੈ।

ਬਾਬਾ ਸਾਹਿਬ ਸਿੰਘ ਜੀ ਦੀ ਸ਼ਖਸੀਅਤ ਮੂਲ ਰੂਪ ਵਿਚ ਅਨੁਭਵੀ ਸ਼ਖਸੀਅਤ ਸੀ। ਉਹਨਾਂ ਦਾ ਜੀਵਨ ਸ਼ੁੱਧ ਧਾਰਮਿਕ ਜੀਵਨ ਸੀ। ਗੁਰਬਾਣੀ ਵਿਚ ਸੰਕਲਪੀ ਆਦਰਸ਼ਕ ਤੇ ਅਮਲੀ ਜੀਵਨ ਦੇ ਉਹ ਮਹਾਨ ਹੀਰੇ ਸਨ। ਗੁਰਬਾਣੀ-ਬੋਧ ਕਰਨਾ, ਤਾਂ ਉਹਨਾਂ ਨੇ ਛੋਟੀ ਉਮਰ ਤੋਂ ਹੀ ਸ਼ੁਰੂ ਕਰ ਦਿਤਾ ਸੀ। ਗੁਰਬਾਣੀ-ਅਰਥ-ਬੋਧ ਵਿਚ ਵੀ ਉਹਨਾਂ ਨੂੰ ਨਿਪੁੰਨਤਾ ਪ੍ਰਾਪਤ ਸੀ। ਗੁਰਬਾਣੀ ਕਥਾ-ਕੀਰਤਨ ਸੁਣਨ-ਸੁਣਾਨ ਵਾਸਤੇ ਤਾਂ ਉਹ ਸਦਾ ਤਿਆਰ ਰਹਿੰਦੇ ਸਨ। ਮੇਲ-ਮਿਲਾਪ ਕਰਨ ਵਾਲਿਆਂ ਲਈ ਹਰ ਵਕਤ ਲੰਗਰ ਤਿਆਰ ਰਹਿੰਦਾ ਸੀ। ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਨੂੰ ਉਹ ਬੜੀ ਮਹਾਨਤਾ ਦਿੰਦੇ ਸਨ। ਕੀਰਤਨ ਕਰਨਾ ਤੇ ਸੁਣਨਾ ਉਹਨਾਂ ਦੀ ਵਿਸ਼ੇਸ਼ ਦਿਲਚਸਪੀ ਸੀ। ਵਿਸ਼ੇਸ਼ ਤੌਰ ਤੇ ਕੀਰਤਨੀਆਂ ਦਾ ਪੂਰਾ ਸਤਿਕਾਰ ਤੇ ਮਾਣ ਕਰਨਾ, ਉਹ ਆਪਣਾ ਮੁੱਢਲਾ ਫ਼ਰਜ਼ ਮੰਨਦੇ ਸਨ। ਧਾਰਮਕ ਤੇ ਸਮਾਜਕ-ਕੁਰੀਤੀਆਂ ਦਾ ਸੁਧਾਰ ਕਰਨਾ, ਤਾਂ ਉਹ ਆਪਣਾ ਹਕ ਸਮਝਦੇ ਸਨ। ਦੁਆਬੇ ਅਤੇ ਮਾਝੇ ਦੀਆਂ ਸੰਗਤਾਂ ਵਿਚ ਜਿੰਨਾ ਧਰਮ-ਪ੍ਰਚਾਰ ਤੇ ਸਮਾਜ-ਸੁਧਾਰ ਬਾਬਾ ਸਾਹਿਬ ਸਿੰਘ ਜੀ ਨੇ ਕੀਤਾ ਹੈ, ਉਸ ਸਦਕਾ, ਪੰਜਾਬ ਦੇ ਧਾਰਮਕ ਤੇ ਸਮਾਜਕ-ਇਤਿਹਾਸ ਵਿਚ ਬਾਬਾ ਜੀ ਦੀ ਪ੍ਰਤਿੱਭਾ ਦਾ ਬੜਾ ਮਾਣ ਹੈ।

ਬਾਬਾ ਸਾਹਿਬ ਸਿੰਘ ਜੀ ਉਸਾਰੂ, ਤੇਜੱਸਵੀ ਤੇ ਪ੍ਰਤਾਪੀ ਪ੍ਰਤਿਭਾ ਦੇ ਸੁਆਮੀ ਸਨ। ਉਨਾਂ ਦੀ ਖਾਹਿਸ਼ ਸੀ, ਕਿ ਉੱਚ ਸ਼ਖਸੀਅਤਾਂ ਬਿਨਾ, ਨਾ ਤਾਂ ਪੰਜਾਬੀ ਰਾਜ ਪ੍ਰਫੁਲਤਾ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਸਿਖ ਧਰਮ ਦਾ ਪ੍ਰਚਾਰ ਹੋ ਸਕਦਾ ਹੈ। ਇਸ ਲਈ ਪਹਿਲਾਂ ਉਹਨਾਂ ਨੇ ਆਪਣੀ ਸ਼ਖਸੀਅਤ ਨੂੰ ਸਰਬ ਪਖੋਂ ਨਿਪੁੰਨ ਤੇ ਸੰਤੁਲਣ ਬਣਾਇਆ। ਫਿਰ ਉਹਨਾਂ ਨੇ ਆਪਣੀ ਜੀਵਨ-ਛੋਹ ਦੁਆਰਾ, ਪੰਜਾਬ ਦੀਆਂ ਅਨੇਕਾਂ ਹੋਰ ਸ਼ਅਸੀਅਤਾਂ ਦੀ ਆਦਰਸ਼ਕ-ਉਸਾਰੀ ਵਿਚ ਯੋਗ ਹਿੱਸਾ ਪਾਇਆ। ਮਹਾਰਾਜਾ ਰਣਜੀਤ ਸਿੰਘ, ਭਾਈ ਚੰਦਾ ਸਿੰਘ, ਭਾਈ ਕਰਮ ਸਿੰਘ, ਭਾਈ ਮੇਹਰ ਸਿੰਘ, ਸੰਤ ਭਾਗ ਸਿੰਘ ਜੀ, ਭਾਈ ਵਸਤੀ ਰਾਮ ਤੇ ਭਾਈ ਮਨਸਾ ਸਿੰਘ ਜੀ ਦੀ ਸ਼ਖਸੀਅਤ ਉਸਾਰੀ ਵਿਚ ਬਾਬਾ ਜੀ ਦਾ ਸਹਾਇਕ-ਹੱਥ ਬੜਾ ਉਪਯੋਗੀ ਸਿਧ ਹੁੰਦਾ ਹੈ। ਵਿਸ਼ੇਸ਼ ਤੌਰ ਤੇ ਗੁਰਦੁਆਰਿਆਂ, ਇਤਿਹਾਸਕ ਯਾਦਗਾਰਾਂ ਤੇ ਸਰੋਵਰਾਂ ਦੀ ਉਸਾਰੀ ਨੂੰ ਵੀ ਉਨ੍ਹਾਂ ਨੇ ਆਪਣੇ ਧਿਆਨ ਗੋਚਰੇ ਰਖਿਆ। ਭਾਵੇਂ ਉਹ ਘੁੰਮਦੇ ਸਾਰੇ ਪੰਜਾਬ ਵਿਚ ਸਨ, ਪਰ ਉਹਨਾਂ ਨੇ ਹੁਸ਼ਿਆਰ ਪੁਰ ਦੇ ਇਕ ਇਲਾਕੇ ਊਨੇ ਵਿਚ ਹੀ ਬਹੁਤਾ ਆਪਣੇ ਆਪ ਨੂੰ ਕੇਂਦਰਿਤ ਕਰ ਲਿਆ ਸੀ। ਆਪ ਸੰਮਤ 1891, ਜਦੋਂ ਜੋਤੀ ਜੋਤਿ ਸਮਾਇ ਤਾਂ ਵੀ ਆਪ ਦਾ ਸਸਕਾਰ, ਪਾਠ-ਸੰਸਕਾਰ, ਇਸੇ 'ਊਨੇ' ਦੀ ਧਰਤੀ ਤੇ ਹੀ ਨਿਬਾਹਿਆ ਗਿਆ ਸੀ। ਅਜ ਵੀ ਉਹਨਾਂ ਦੀ ਪਰਿਵਾਰਕ-ਵਸੋਂ 'ਊਨੇ' ਦੀ ਧਰਤੀ ਤੇ ਬਾਬਾ ਸਾਹਿਬ ਸਿੰਘ ਜੀ ਦੇ ਆਦਰਸ਼ਾਂ ਮੁਤਾਬਕ ਆਪਣਾ ਜੀਵਨ ਬਤੀਤ ਕਰ ਰਹੀ ਹੈ।

"ਪੰਜਾਬ ਦੀ ਮਹਾਨ, ਅਮਿੱਤ ਆਭਾ ਵਾਲੀ ਤੇ ਉਸਾਰੂ-ਪ੍ਰਤਿੱਬਾ ਬਾਬਾ ਸਾਹਿਬ ਸਿੰਘ ਜੀ ਨੂੰ ਮੇਰੀ ਸਦ ਨਮਸਕਾਰ।"

# ਰਾਜਾ ਯੋਗੀ—ਸੰਤ ਸਿਪਾਹੀ

ਸ਼੍ਰੀ ਮਾਨ :—ਸ: ਰਣਜੀਤ ਸਿੰਘ ਜੀ, "ਖੜਗ"

ਅਜ ਸ੍ਰੀ ਕਲਗੀਧਰ ਪਾਤਸ਼ਾਹ ਜੀ ਦੇ ਪਿਆਰੇ ਪੰਥ ਦੀ ਜੋ ਤਰਸ ਯੋਗ ਹਾਲਤ ਹੋ ਚੁਕੀ ਹੈ ਉਹ ਕਿਸੇ ਸੱਜਣ ਪਾਸੋਂ ਲੁਕੀ ਛਿਪੀ ਨਹੀਂ । ਦਿਲ ਦੁਖਦਾ ਤੇ ਆਹਾਂ ਉਦੋਂ ਬਾਹਰ ਨੂੰ ਆਉਂਦੀਆਂ ਹਨ ਜਦੋਂ ਪੰਥ ਦੇ ਆਗੂਆਂ ਨੂੰ ਨਿੱਤ ਆਪਸ ਵਿਚ ਹੀ ਲੜਦੇ ਤੇ ਝਗੜਦੇ ਵੇਖਦੇ ਹਾਂ । ਕਿਥੇ ਉਹ ਸਮਾਂ ਕਿ ਪੰਥ ਦੇ ਆਗੂਆਂ ਰਹਿਨੀ ਬਹਿਨੀ ਸਮੂਹ ਸੰਸਾਰ ਲਈ ਚਾਨਣ ਮੁਨਾਰੇ ਦਾ ਕੰਮ ਦਿਆ ਕਰਦੀ ਸੀ ਤੇ ਕਿਥੇ ਹੁਣ ਇਹ ਹਾਲਤ ਕਿ ਸਾਡੀ ਧਾਰਮਕ, ਸਮਾਜਕ, ਆਰਥਕ ਤੇ ਰਾਜਨੀਤਕ ਹਰ ਕਿਸਮ ਦੀ ਨੀਤੀ ਉਪਰ ਲੋਕ ਠੱਠਾ ਤੇ ਮਖੌਲ ਕਰਦੇ ਰਹਿੰਦੇ ਹਨ । ਅਜਿਹੀ ਅਧੋਗਤੀ ਕੇਵਲ ਇਸੇ ਲਈ ਹੋਈ ਹੈ ਕਿਉਂਕਿ ਅਸਾਂ ਅਰਸ਼ੀ ਬਾਣੀ ਦੇ ਉਚ ਕੋਟੀ ਦੇ ਸਰਬ ਹਿਤੈਸ਼ੀ ਉਦੇਸ਼ਾਂ ਅਤੇ ਨਾਮ ਬਾਣੀ ਦੇ ਸਿਮਰਨ ਅਭਿਆਸ ਵਲੋਂ ਲਗ-ਪਗ ਪੂਰਨ ਤੌਰ ਤੇ ਮੂੰਹ ਮੋੜ ਲਿਆ ਹੈ, ਜਿਸ ਦੇ ਸਿੱਟੇ ਵਜੋਂ ਅਜ ਅਸੀਂ ਨਾ ਕੇਵਲ ਆਤਮਘਾਤੀ ਹੀ ਹੋ ਰਹੇ ਹਾਂ ਬਲਕਿ ਪੰਥ ਘਾਤਕ ਵੀ ਬਣ ਚੁਕੇ ਹਾਂ । ਕੀ ਅਸੀਂ ਪੰਥ ਦੇ ਹੋ ਚੁਕੇ ਮਹਾਨ ਰਾਜ-ਯੋਗੀ ਨੇਤਾ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਹੇਠਾਂ ਅੰਕਤ ਕੀਤੇ ਉਚ ਕੋਟੀ ਦੇ ਅਦੁੱਤੀ ਜੀਵਨ ਇਤਿਹਾਸ ਤੋਂ ਕੋਈ ਦੀਰਘ ਦ੍ਰਿਸ਼ਟੀ ਵਾਲੀ ਸਿਖਿਆ ਲੈ ਕੇ ਪੰਥ ਵਿਚੋਂ ਫੁਟ, ਨਾਸਤਕਤਾ, ਅਗਿਆਨਤਾ, ਪਤਿਤ-ਪੁਣਾ ਤੇ ਘਰ ਫੂਕ ਤਮਾਸ਼ਾ ਵੇਖਣ ਵਾਲੀ ਭਰਾ ਮਾਰੂ ਨੀਤੀ ਨੂੰ ਖਤਮ ਕਰਕੇ ਆਪਣੇ ਆਪ ਨੂੰ ਬੰਦ ਖਲਾਸ ਕਰਾਉਣ ਦਾ ਕੋਈ ਯਤਨ ਕਰਾਂਗੇ ? ਆਸ ਹੈ ਪੰਥ ਦੀ ਮੌਜੂਦਾ ਡਾਵਾਂ-ਡੋਲ ਹਾਲਤ ਨੂੰ ਵੇਖਦੇ ਹੋਇਆਂ, ਦੁਖੀ ਹਿਰਦੇ ਨਾਲ ਕੀਤੀ ਬੇਨਤੀ ਵਲ ਜ਼ਰੂਰ ਹੀ ਧਿਆਨ ਦਿੱਤਾ ਜਾਵੇਗਾ ।

ਗੁਰੂ ਪੰਥ ਦਾ ਦਾਸ :—(ਗਿ:) ਕਰਤਾਰ ਸਿੰਘ 'ਸਰਹੱਦੀ"
ਐਡੀਟਰ "ਗੁਰ-ਸੰਦੇਸ਼"

ਸਿੱਖ ਮਿਸਲਾਂ ਸਮੇਂ ਬਾਬਾ ਸਾਹਿਬ ਸਿੰਘ ਜੀ ਬੇਦੀ (1766—1834) ਦੀ ਪਦਵੀ ਕੁਝ ਉਹੋ ਹੀ ਹੈ ਜਿਹੀ ਕਿ ਗੁਰੂ ਸਾਹਿਬਾਨ ਸਮੇਂ ਬਾਬਾ ਬੁੱਢਾ ਜੀ ਦੀ । ਉਨ੍ਹਾਂ ਦੀ ਅਧਿਆਤਮਿਕਤਾ ਅਤੇ ਸੈਨਿਕ ਪ੍ਰਤਿਭਾ ਉਚੇਰੀ ਪੱਧਰ ਤੇ ਹੋਣ ਦੇ ਬਾਵਜੂਦ ਉਨ੍ਹਾਂ ਕੋਈ ਆਪਣੀ ਮਿਸਲ ਯਾ ਰਿਆਸਤ ਕਾਇਮ ਨਹੀਂ ਕੀਤੀ, ਹਾਲਾਂ ਕਿ ਉਨ੍ਹਾਂ ਵਰਗੇ ਸਰਵ ਪ੍ਰਿਯ ਨੇਤਾ ਲਈ ਅਜਿਹਾ ਕਰਨਾ ਕੋਈ ਮੁਸ਼ਕਲ ਨਹੀਂ ਸੀ, ਉਨ੍ਹਾਂ ਨੇ ਅਧਿਆਤਮਕਿਤਾ ਉਤੇ ਸੈਨਿਕ ਪ੍ਰਤਿਭਾ ਅਤੇ ਰਾਜ ਪਿਪਾਸਾ ਨੂੰ ਗ਼ਾਲਿਬ ਨਹੀਂ ਹੋਣ ਦਿੱਤਾ ਅਤੇ ਦੋਹਾਂ ਸ਼ਕਤੀਆਂ ਆਤਮਿਕ ਅਤੇ ਸਰੀਰਕ ਵਿਚਾਲੇ ਸੰਤੁਲਣ ਕਾਇਮ ਰਖਿਆ । ਪ੍ਰਭੂ ਦੇ ਚਰਨ ਕੰਵਲਾਂ ਦੀ ਪ੍ਰੀਤ ਤੋਂ ਰਾਜ ਅਤੇ ਮੁਕਤੀ ਦੇ ਲੋਭ ਨੂੰ ਵਗਾਹ ਮਾਰਿਆ ;—

"ਰਾਜ ਨਾ ਚਾਹਉ ਮੁਕਤਿ ਨਾ ਚਾਹਉ, ਮਨ ਪ੍ਰੀਤਿ ਚਰਨ ਕਮਲਾਰੇ ।

**ਬਾਬਾ ਜੀ ਦਾ ਜਨਮ** :—ਗੁਰੂ ਨਾਨਕ ਸਾਹਿਬ ਦੀ ਕੁਲ ਵਿਚ, ਚੇਤ ਸੁਦੀ 5, ਸੰਮਤ 1813 ਬਿਕਰਮੀ (1756 ਈਸਵੀ) ਵਿਚ ਬਾਬਾ ਅਜੀਤ ਸਿੰਘ ਦੇ ਘਰ, ਡੇਰਾ ਬਾਬਾ ਨਾਨਕ (ਜ਼ਿਲਾ ਗੁਰਦਾਸਪੁਰ) ਵਿਚ ਹੋਇਆ । ਜਿਸਦਾ ਸਿਜਰਾ ਇਸ ਅੰਕ ਵਿਚ ਦਿੱਤਾ ਗਿਆ ਹੈ ।

ਕੁਰਸੀ ਨਾਮੇ ਤੋਂ ਪ੍ਰਤੱਖ ਹੈ ਕਿ ਬਾਬਾ ਲਖਮੀ ਦਾਸ ਤੋਂ ਪਿਛੋਂ ਉਨ੍ਹਾਂ ਦੇ ਵੰਸ਼ਜਾਂ ਚੋਂ ਬਾਬਾ ਸਾਹਿਬ ਸਿੰਘ ਹੀ ਇਤਿਹਾਸਕ ਪ੍ਰਸਿਧੀ ਦੇ ਸੁਆਮੀ ਹੋਏ ਹਨ । ਸਰ ਲੈਪਲ ਗ੍ਰਿਫਨ ਨੇ ਠੀਕ ਹੀ ਆਖਿਆ ਹੈ ਕਿ "ਬਾਬਾ ਅਜੀਤ ਸਿੰਘ ਕੇ ਬੇਟੇ ਸਾਹਿਬ ਸਿੰਘ ਜੈਸਾ ਨਾਮਵਰ ਆਦਮੀ ਅਗਰ ਪੈਦਾ ਨਾ ਹੋਤਾ ਤੋਂ ਯਿਹ ਖ਼ਾਨਦਾਨ ਗ਼ਾਲਿਬਨ ਬੇ ਹਕੀਕਤ ਹੋ ਜਾਤਾ ।

[ਰੂਸਾਏ ਪੰਜਾਬ ਸਫ਼ਾ 323]

# ਦਸਮੇਸ਼ ਜੀ ਦਾ ਵਰ-ਦਾਨ

ਰਵਾਇਤ ਹੈ ਕਿ ਜਿਸ ਸਮੇਂ 1699 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ, ਬਾਬਾ ਕਲਾਧਾਰੀ ਜੀ ਉਸ ਇਤਿਹਾਸਕ ਦੀਵਾਨ ਵਿਚ ਹਾਜ਼ਰ ਸਨ। ਆਪ ਨੇ ਆਪਣੇ ਪੁੱਤਰ ਅਜੀਤ ਰਾਏ ਨੂੰ ਉਸ ਸੁਭਾਗ ਸਮੇਂ ਅੰਮ੍ਰਿਤ ਛਕਵਾਇਆ। ਇਕ ਵਾਰ ਸ਼ਿਕਾਰ ਕਰਦੇ ਦਸਮੇਸ਼ ਪਿਤਾ ਨੰਗਲ ਦੇ ਲਾਗੇ ਉਥੇ ਠਹਿਰੇ ਸਨ, ਜਿਥੇ ਹੁਣ ਗੁਰ ਪਲਾਹ ਗੁਰਦਵਾਰਾ ਹੈ। ਬਾਬਾ ਕਲਾਧਾਰੀ ਨੂੰ ਜੋ ਉਥੇ ਮੌਜੂਦ ਸਨ, ਹਜ਼ੂਰ ਨੇ ਵਰ-ਦਾਨ ਦਿੱਤਾ ਕਿ 'ਸਮਾਂ ਪਾ ਕੇ ਤੁਹਾਡੀ ਅੰਸ-ਬੰਸ ਵਿਚੋਂ ਇਕ ਤੇਜਸਵੀ ਯੋਧਾ ਪੈਦਾ ਹੋਵੇਗਾ।' ਇਸ ਭਵਿਖ ਬਾਣੀ ਅਤੇ ਵਰਦਾਨ ਸਦਕਾ, ਬਾਬਾ ਜੀ ਦਾ ਜਨਮ ਮਾਤਾ ਸਰੂਪਾ ਜੀ ਦੀ ਕੁਖੋਂ ਹੋਇਆ। ਨਾਮ ਸੰਸਕਾਰ ਸਮੇਂ ਆਸਾ ਜੀ ਦੀ ਵਾਰ ਵਿਚੋਂ ਇਹ ਗੁਰ-ਵਾਕ ਆਉਣ ਤੇ ਨਾਮ ਸਾਹਿਬ ਸਿਘ ਰਖਿਆ ਗਿਆ।

"ਸਾਹਿਬ ਹੋਏ ਦਇਆਲ ਕਿਰਪਾ ਕਰੇ, ਤਾਂ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ, ਜਿਸ ਨੂੰ ਹੁਕਮ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ, ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾਂ ਦਰਗਹ ਪੈਧਾ ਜਾਇਸੀ ॥"

ਇਤਿਹਾਸ ਗਵਾਹ ਦਿੰਦਾ ਹੈ ਕਿ ਬਾਬਾ ਜੀ ਇਸਮ-ਬਾ-ਮੁਸੱਮਾ ਸਾਬਤ ਹੋਏ। ਅਧਿਆਤਮਿਕਤਾ ਅਤੇ ਵੀਰਤਾ ਦੇ ਸਾਹਿਬ ਸਾਬਿਤ ਹੋਏ ਅਤੇ ਉਪਰਲੇ ਗੁਰਵਾਕ ਵਿਚਲੇ 'ਸੇਵਕ' ਦੇ ਪੂਰੇ ਲਛਣ ਆਪ ਦੀ ਉੱਚੀ ਸ਼ਖਸੀਅਤ ਤੋਂ ਉਜਾਗਰ ਹੋਏ। ਆਪ ਨੇ ਵਾਹਿਗੁਰੂ ਦਾ ਭਾਣਾ ਮੰਨਿਆ। ਭਾਣੇ ਅਨੁਸਾਰ ਭੈ ਵਿਚ ਰਹਿੰਦਿਆਂ ਕਾਰ ਕੀਤੀ। ਹੁਕਮ ਮੰਨ ਕੇ ਦਰ ਪ੍ਰਵਾਨ ਹੋਏ। ਮਨਹੁ ਚਿੰਦਿਆ ਫਲ ਪ੍ਰਾਪਤ ਕੀਤਾ ਅਤੇ ਸੱਚੀ ਦਰਗਾਹ ਵਿਚ ਅਪੜੇ।

# ਲਾਲਨ ਪਾਲਨ

ਮਾਤਾ ਪਿਤਾ ਨੇ ਪੁੱਤਰ ਨੂੰ ਬਚਪਨ ਵਿਚ ਗੁਰਬਾਣੀ ਦਾ ਪਾਠ ਸਿਖਾਇਆ ਅਤੇ ਗੁਰੂ ਇਤਿਹਾਸ ਚੋਂ ਸਾਖੀਆਂ ਸੁਣਾ ਕੇ ਗੁਰੂ ਸਿਖੀ ਵਿਚ ਪ੍ਰਪੱਕ ਕੀਤਾ, ਸੱਚ ਲਈ ਜੂਝਨ ਦਾ ਜਜ਼ਬਾ ਜਗਾਇਆ। ਪੰਜ ਸਾਲ ਦੀ ਅਵੱਸਥਾ ਵਿਚ ਕੇਸਾਂ ਦਾ ਗੁੰਦਨ ਛੱਡ ਕੇ ਕੇਸਰੀ ਦਸਤਾਰ ਸਜਾਈ ਗਈ। ਪਿੰਡ ਦੇ ਗਰੰਥੀ ਸਿੰਘ ਤੋਂ ਬਾਣੀ ਦਾ ਅਰਥ ਬੋਧ ਸਿਖਾਇਆ ਗਿਆ। ਅਨੰਦਪੁਰ ਸਾਹਿਬ ਆ ਕੇ ਆਪ ਨੇ ਤੁਖਤ ਕੇਸਗੜ੍ਹ ਸਾਹਿਬ ਅੰਮ੍ਰਿਤ ਪਾਨ ਕੀਤਾ। ਆਪ ਦੀਆਂ ਪਹਿਲੀਆਂ ਪ੍ਰਚਾਰ ਫੇਰੀਆਂ ਕਸ਼ਮੀਰ ਵੱਲ ਹੋਈਆਂ। ਸ੍ਰੀ ਨਗਰ ਭਾਈ ਸੁਖ ਜੀਵਨ ਦੇ ਘਰ ਰਹੇ ਅਤੇ ਵੱਡੇ ਵੱਡੇ ਵਿਦਵਾਨਾਂ ਨੂੰ ਅਪਨੇ ਬਚਨਾਂ ਨਾਲ ਪ੍ਰਭਾਵਿਤ ਕੀਤਾ। ਕੀਰਤਨ ਇੰਨਾ ਪ੍ਰਭਾਵਸ਼ਾਲੀ ਕੀਤਾ ਕਰਦੇ ਸਨ ਕਿ ਜ਼ਹਿਰੀ ਨਾਗ ਭੀ ਕੀਲੇ ਜਾਂਦੇ। ਮੀਰਪੁਰ (ਕਸ਼ਮੀਰ) ਵਿਚ ਜਦ ਆਪ ਗੁਰਬਾਣੀ ਗਾਇਨ ਕਰ ਰਹੇ ਸਨ ਤਾਂ ਇਕ ਫਨੀਅਰ ਸੱਪ ਆਪ ਪਾਸ ਬੈਠਾ ਰਿਹਾ ਤੇ ਕੀਰਤਨ ਦੀ ਸਮਾਪਤੀ ਉਤੇ ਪ੍ਰਾਨ ਛੱਡ ਗਿਆ। ਸੰਗਤਾਂ ਦੇ ਪੁਛਣ ਤੇ ਆਪ ਨੇ ਫ਼ੁਰਮਾਇਆ "ਭਾਈ ਸਿਖੋ ! ਇਹ ਸੱਪ ਪਿਛਲੇ ਜਨਮ ਵਿਚ ਹੰਕਾਰੀ ਵਿਦਵਾਨ ਪੰਡਿਤ ਸੀ, ਅਜ ਨਿੰਮ੍ਰਤਾ ਸਹਿਤ ਗ਼ਰੀਬੀ ਧਾਰ ਕੇ ਗੁਰਬਾਣੀ ਸੁਣਨ ਨਾਲ ਇਹਦੀ ਸਦਗਤੀ ਹੋਈ ਹੈ।" ਗਰਬ-ਗੁਮਾਨੀ ਵਿਦਵਾਨ ਪੰਡਤਾਂ ਦੇ ਦੇਸ਼ ਵਿਚ ਇਹ ਵੰਗਾਰ ਸੀ, ਗੁਰੂ ਨਾਨਕ ਦੇ ਸ਼ਬਦਾਂ ਵਿਚ :—

"ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰ"

ਸੰਗਤ ਦੇ ਦਰੱਵੇ ਹਿਰਦਿਆਂ ਵਿਚੋਂ ਆਵਾਜ਼ ਆਈ "ਧੰਨ ਧੰਨ ਬਾਬਾ ਸਾਹਿਬ ਸਿੰਘ ਜੋ ਜਮ ਤੇ ਲਏ ਛਡਾਏ।" ਆਪ ਨੇ ਧੰਨੀ ਪੋਠੋਹਾਰ, ਸੁਆਏਂ, ਘੇਬੀ ਤੇ ਫਰੰਟੀਅਰ ਵਿਚ ਅਦੁੱਤੀ ਪ੍ਰਚਾਰ ਕੀਤਾ।

## ਪਿਤਾ ਦਾ ਦਿਹਾਂਤ

ਆਪ 17 ਸਾਲ ਦੇ ਨੌਜਵਾਨ ਸਨ ਜਦੋਂ ਪਿਤਾ ਜੀ ਨੇ ਹੋਣਹਾਰ ਪੁੱਤਰ ਨੂੰ ਇਉਂ ਸਤਿਨਾਮ ਦਾ ਉਪਦੇਸ਼ ਦਿੰਦਿਆਂ ਤੱਕ ਕੇ ਆਪ ਖ਼ੁਦ ਦੂਰ ਦਰਾਜ਼ ਦੇ ਦੌਰਿਆਂ ਤੇ ਚੜ੍ਹੇ ਅਤੇ ਇਸੇ ਹਾਲਤ ਵਿਚ ਕਲਕਤੇ ਉਪਦੇਸ਼ ਕਰਦਿਆਂ ਉਥੇ ਚੜ੍ਹਾਈ ਕਰ ਗਏ ਜਿਥੇ ਅਜ ਕਲ ਗੁਰਦਵਾਰਾ ਬਾਘਮਾਰੀ ਹੈ। ਬਾਬਾ ਸਾਹਿਬ ਸਿੰਘ ਇਨ੍ਹਾਂ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਇਕਾਗਰ ਮਨ ਹੋ ਨਾਮ ਅਭਿਆਸ ਕਰਦੇ ਸਨ। ਫੇਰ ਰਾਮਗੜ੍ਹ ਕਿਲੇ ਦੇ ਨੇੜੇ ਇਕ ਭੁਗੀ ਵਿਚ ਨਾਮ ਸਿਮਰਨ ਕਰਦੇ, ਇਥੇ ਹੀ ਪਰਕਰਮਾਂ ਵਿਚ ਇਕ ਡੂੰਘੀ ਨੀਝ ਵਾਲੀ ਮਾਈ ਨੇ ਟੋਕਿਆ ਕਿ "ਜਿਸ ਕੰਮ ਲਈ ਆਏ ਹੋ, ਉਹ ਕਰੋ।

ਆਪ ਨੇ ਫ਼ੁਰਮਾਇਆ, "ਮਾਈ ਜੋ ਕੁਛ ਪਾਇਆ ਈ, ਤਾਂ ਜਰੋ। ਅਸੀਂ ਅਕਾਲ ਪੁਰਖ ਦੇ ਹੁਕਮ ਵਿਚ ਹੀ ਇਹ ਕੁਝ ਕਰ ਰਹੇ ਹਾਂ।"

ਕੁਝ ਚਿਰ ਪਿਛੋਂ ਆਪ ਊਨੇ (ਜੋ ਬਾਬਾ ਕਲਾਧਾਰੀ ਜੀ ਨੂੰ ਜੱਸਾ ਵਾਲੀਆ ਰਾਜਾ ਭੇਟ ਕਰ ਗਿਆ ਸੀ) ਆ ਗਏ।

## ਸੁਲਹਿ ਕੁਲ ਬਾਬਾ

ਸੰਤੋਖ ਗੜ੍ਹ ਦੇ ਰਈਸ ਸਰਦਾਰ ਗੁਰਦਿਤ ਸਿਘ ਤੇ ਰਾਜਾ ਉਮੀਦ ਸਿੰਘ ਜੱਸਾ ਵਾਲੀਏ ਵਿਚਕਾਰ ਹੱਦ-ਬੰਦੀ ਦਾ ਝਗੜਾ ਸੀ, ਬਾਬਾ ਜੀ ਨੇ ਵਿਚ ਵਿਚਾ ਕਰ ਕੇ ਦੋਹਾਂ ਦੀ ਸੁਲਹਿ ਕਰਵਾਈ। ਖੁਸ਼ ਹੋ ਕੇ ਪਹਿਲੇ ਨੇ ਕੁਲ ਗਾਉਂ ਦਾ ਪਟਾ ਅਤੇ ਦੂਜੇ ਨੇ ਊਨਾ ਤਅੱਲਕਾ ਦੇ ਰਹਿੰਦੇ ਪਿੰਡ ਭੇਟਾ ਕੀਤੇ।

"ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇਵ ਤਰੂ" ਕਿਰਤ ਭਾਈ ਸ਼ੇਰ ਸਿੰਘ ਅਨੁਸਾਰ "ਏਕ ਸਮੇਂ ਸ੍ਰੀ ਗੁਰੂ (ਭਾਵ ਬਾਬਾ ਸਾਹਿਬ ਸਿੰਘ ਜੀ) ਨਨਕਾਣੇ ਸਾਹਿਬ ਦੀ ਯਾਤਰਾ ਕਰਣੇ ਜਾਤ ਭਏ। 1847 (ਸੰਮਤ ਬਿਕਰਮੀ) ਮੇਂ ਜਬ (ਸ੍ਰੀ ਗੁਰੂ) ਨਾਨਕ ਦਰਸ਼ਨ ਕਰਕੇ ਪੀਛੇ ਹਟੇ ਤਬ ਇਤਨੇ ਮੇਂ ਰਾਜਾ ਰਣਜੀਤ ਸਿੰਘ ਕਾ ਪਿਤਾ ਮਹਾਂ ਸਿੰਘ ਕਾਲ ਵਸ ਹੋ ਜਾਤ ਭਏ। ਸ੍ਰੀ ਬਾਬਾ ਜੀ ਮਹਾਂ ਸਿੰਘ ਦੀ ਮੁਕਾਣ ਦੇਣ ਵਾਸਤੇ ਇਸੀ ਮਾਰਗ ਹੋ ਕੇ ਆਵਤ ਭਏ। ਮੁਕਾਣ ਦੇ ਕੇ ਸ੍ਰੀ ਬਾਬਾ ਜੀ ਅਪਨੇ ਡੇਰੇ ਮੇਂ ਆਏ ਬਿਰਾਜਤ ਭਏ, ਔਰ ਭੀ ਕਨ੍ਹਯੇ ਭੰਗੀ ਸਰਦਾਰ, ਸਿੰਘ ਪੁਰੀਏ, ਰਾਮ ਗੜ੍ਹੀਏ, ਬੁਢੇ ਦਲ ਆਦਿਕ ਸਾਰੇ ਸਰਦਾਰ ਭੀ ਆਏ। ਤਬ ਮਹਾਂ ਸਿੰਘ ਦੇ ਅਰੀਓਂ (ਵੈਰੀਓਂ) ਨੇ ਬਾਲਕ ਰਣਜੀਤ ਸਿੰਘ ਕੋ ਮਾਰ ਦੇਣੇ ਕਾ ਸੰਕਲਪ ਕੀਆ ਪਰ ਰਣਜੀਤ ਸਿੰਘ ਕੀ ਮਾਤਾ ਕੋ ਇਸ ਬਾਤ ਕਾ ਪਤਾ ਮਿਲ ਗਿਆ। ਤਬ ਉਸ ਨੇ ਬਾਲਕ ਰਣਜੀਤ ਸਿੰਘ ਕੋ ਸ੍ਰੀ ਬਾਬਾ ਜੀ ਕੇ ਪਲੰਘ ਕੇ ਨੀਚੇ ਜਾਇ ਕਰ ਛੁਪਾਇ ਦੀਆ। ਸ੍ਰੀ ਬਾਬਾ ਜੀ ਮਾਰਣੇ ਵਾਲੇ ਪਰ ਕਰੋਧ ਕਰਤੇ ਭਏ ਔਰ ਰਣਜੀਤ ਸਿੰਘ ਕੋ ਰਾਜ ਕਰਣੇ ਕਾ ਵਰ ਦੇਤੇ ਭਏ।

ਇਸ ਵੇਲੇ ਸ੍ਰੀ ਬਾਬਾ ਜੀ ਕੇ ਪਾਸ ਹੀ ਭਾਈ ਮਨਸਾ ਸਿੰਘ ਜੀ ਬੈਠੇ ਥੇ। ਮਹਾਰਾਜ ਕੋ ਵਰਾਤਮਕ ਬਚਨ ਸੁਣ ਕੇ ਉਨ੍ਹੋਂ ਨੇ ਕਹਾ 'ਸਚੇ' ਪਾਤਸ਼ਾਹ ਜੀ ਜੋ ਹੱਸ ਭਾਰੀ ਹੋ ਜਾਵੇ ਤਬ ਹੱਸ ਗਲ ਕੇ ਹਾਡ ਕੋ ਭੀ ਤੋੜਨੇ ਲਗ ਜਾਤੀ ਹੈ। ਤੈਸੇ ਹੀ ਮੂਰਖ ਆਪਣੀ ਪੂਰਬਲੀ ਅਵਸਥਾ ਕੋ ਜਾਨਤੇ ਨਹੀਂ ਹੈਂ ਔਰ ਜਿਸਕੋ ਉਪਕਾਰ ਸੇ ਵਸਤੇ ਹੈਂ ਤਿਸਕਾ ਉਪਕਾਰ ਕਰਨੇ ਲਗ ਜਾਤੇ ਹੈਂ......ਆਗੇ ਆਪ ਸਰਬੱਗ ਹੋ, ਸਭ ਕੁਝ ਜਾਨਤੇ ਹੀ ਹੋ, ਇਸ ਪ੍ਰਕਾਰ ਕੇ ਭਾਈ

ਮਨਸਾ ਸਿੰਘ ਕੇ ਬਚਨ ਸੁਣ ਕੇ ਸ੍ਰੀ ਗੁਰੂ ਉਵਾਚ "ਹੇ ਭਾਈ ਮਨਸਾ ਸਿੰਘ ਜੀ ! ਸੱਚ ਹੈਂ ਤੁਮਾਰੇ ਬਚਨ । ਤਥਾਪੀ ਜਿਸ ਪਾਨੀ ਸੇ ਬ੍ਰਿਛ ਉਤਪਤ ਹੋਤ ਹੈਂ ਫਿਰ ਤਿਸੀ ਪਾਨੀ ਸੇ ਮਾਰਿਓ ਜਾਤ ਹੈਂ......ਜਿਸ ਕੋ ਬਨਾਨੇ ਕੀ ਸਮਰਥਾ ਹੈ, ਮਨਸਾ ਸਿੰਘ ਜੀ, ਤਿਸ ਕੋ ਭੰਨਣੇ ਕੀ ਭੀ ਸਾਮਰਥ ਹੈ ।"

[ਗੁਰੂ ਸੰਦੇਸ਼, ਮਾਰਚ 1967 ਸਫ਼ਾ 47-48]

## ਸ਼ੇਰੇ ਪੰਜਾਬ ਦੀ ਅਗਵਾਈ

ਆਪਣੇ ਵਾਕ ਨੂੰ ਪੂਰਾ ਹੁੰਦਾ ਵੇਖਣ ਲਈ ਬਾਬਾ ਜੀ ਨੇ ਨੌਜਵਾਨ ਰਣਜੀਤ ਸਿੰਘ ਦੀ ਯੋਗ ਅਗਵਾਈ ਕੀਤੀ, ਲਾਹੌਰ ਵਿਜੈ ਤੋਂ ਦੋ ਸਾਲ ਬਾਦ ਜਦ ਉਹਨੂੰ ਰਾਜ ਤਿਲਕ ਦਿੱਤਾ ਗਿਆ ਤਦ ਬਾਬਾ ਜੀ ਨੂੰ ਸਾਰੇ ਸਿਖ ਸੰਸਾਰ ਚੋਂ ਸ਼ਰੋਮਣੀ ਅਧਿਆਤਮਕ ਆਗੂ ਜਾਣ ਕੇ ਇਸ ਸ਼ੁਭ ਕਾਰਜ ਲਈ ਸਦਿਆ ਗਿਆ । ਸ਼ਾਇਦ ਬਾਬਾ ਜੀ ਨੇ ਹੀ ਨਵੇਂ ਮਹਾਰਾਜੇ ਨੂੰ ਰਾਜ ਦਾ ਸਿੱਕਾ ਗੁਰੂ ਨਾਨਕ ਦੇ ਨਾਂ ਤੇ ਚਲਾਉਣ ਦੀ ਸਲਾਹ ਦਿੱਤੀ । ਜਦ ਉਨ੍ਹਾਂ ਸ਼ੇਰੇ ਪੰਜਾਬ ਦਾ ਧਿਆਨ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਦੀਆਂ ਯਾਦਗਾਰਾਂ ਕਾਇਮ ਕਰਨ ਵਲ ਦਵਾਇਆ । ਤਦ ਉਹਨੇ ਆਖਿਆ, "ਬਾਬਾ ਜੀ ਜਿੰਨੀ ਭੋਂਇ ਵਿਚ ਘੋੜਾ ਫੇਰ ਲਉਗੇ ਉਨੀ ਗੁਰੂ ਦੇ ਅਰਪਨ ਸਮਝੋ ।" ਜਦ ਕਿਸੇ ਰਾਜਸੀ ਅਧਿਕਾਰੀ ਉਤੇ ਮਹਾਰਾਜੇ ਦੀ ਕਰੋਪੀ ਹੁੰਦੀ ਤਦ ਉਹ ਆਪਣੀ ਸਿਫ਼ਾਰਸ਼ ਬਾਬਾ ਜੀ ਤੋਂ ਹੀ ਕਰਵਾਉਂਦਾ । ਕਿਉਂਕਿ ਉਹਨੂੰ ਯਕੀਨ ਹੁੰਦਾ ਸੀ ਕਿ ਮਹਾਰਾਜਾ ਉਨ੍ਹਾਂ ਦਾ ਕਿਹਾ ਮੋੜ ਨਹੀਂ ਸਕੇਗਾ । ਜਦ ਮਹਾਰਾਜੇ ਦੇ ਤੁਅਲਕਾਤ ਅਕਾਲੀ ਫੂਲਾ ਸਿੰਘ ਨਾਲ ਵਿਗੜ ਗਏ ਅਤੇ ਲਾਹੌਰ ਦਰਬਾਰ ਦੀਆਂ ਫੌਜਾਂ ਅਕਾਲੀ ਜੀ ਵਿਰੁਧ ਚੜ੍ਹ ਕੇ ਅਨੰਦਪੁਰ ਗਈਆਂ । ਤਦ ਬਾਬਾ ਸਾਹਿਬ ਸਿੰਘ ਜਾਂ ਨੇ ਬਹਾਦਰ ਪੁਰ (ਹੁਸ਼ਿਆਰਪੁਰ) ਮਹੰਤ ਚਰਨ ਦਾਸ ਦੇ ਡੇਰੇ ਆ ਕੇ ਦੋਹਾਂ ਦੀ ਸੁਲਾਹ ਕਰਵਾਈ ਸੀ । ਇਉਂ ਆਪ ਦਾ ਮਹਾਰਾਜੇ ਨਾਲ ਸੰਬੰਧ ਕੁਝ ਇਸ ਤਰ੍ਹਾਂ ਦਾ ਸੀ । ਜਿਸ ਤਰ੍ਹਾਂ ਦਾ ਵਿਸ਼ਿਸ਼ਟ ਜੀ ਤੇ ਰਾਮ ਚੰਦਰ ਜੀ ਦਾ ਅਤੇ ਰਾਮਦਾਸ ਸਾਮਰਥ ਅਤੇ ਸ਼ਿਵਾ ਜੀ ਦਾ ।

## ਬਾਹੂ ਬਲ

ਜਿਵੇਂ ਕਿ ਉਪਰ ਜ਼ਿਕਰ ਆ ਚੁਕਾ ਹੈ, ਆਪ ਨੂੰ ਊਨੇ ਦੀ ਜੱਦੀ ਭੋਂਇ ਟੁਕੜੀ 70 ਘੁਮਾ ਅਪਨੇ ਪਿਤਾ ਦੇ ਵਿਰਸੇ ਵਿਚ ਮਿਲੀ ਜੋ ਆਪ ਜੀ ਦੇ ਦਾਦਾ ਬਾਬਾ ਕਲਾਧਾਰੀ ਜੀ ਨੂੰ ਰਾਜਾ ਰਾਮ ਸਿੰਘ ਜੱਸਾ ਵਾਲੀਏ ਨੇ ਭੇਟਾ ਕੀਤੀ । ਰਾਜਾ ਮਹਾਂ ਚੰਦ ਬਿਲਾਸ ਪੁਰੀਏ ਨੇ ਆਪ ਦੀ ਆਤਮਕ ਸ਼ਕਤੀ ਦਾ ਚਮਤਕਾਰ ਤਕ ਕੇ ਬਦਲਹਿੜੀ ਭੀਲੋ ਨਾਂ ਦਾ ਪਿੰਡ ਜਾਗੀਰ ਵਜੋਂ ਦਿੱਤਾ । ਇਸ ਤਰ੍ਹਾਂ ਕੁਝ ਹੋਰ ਸ਼ਰਧਾਲੂਆਂ ਭੀ ਕੀਤਾ, ਪਰ ਕੋਈ ਮੁਲਕੀ ਫ਼ਤਹ ਹਾਸਲ ਕਰਨ ਦਾ ਖ਼ਿਆਲ ਆਪ ਨੂੰ ਉੱਕਾ ਨਹੀਂ ਸੀ । ਜਨਤਾ ਦੀ ਪੀੜਾ ਹਰਨ ਲਈ ਆਪ ਨੇ ਫੌਜ-ਕਸ਼ੀ ਭੀ ਕੀਤੀ । ਅਜਿਹਾ ਕੇਵਲ ਉਨ੍ਹਾਂ ਮਾਲੇਰ ਕੋਟਲਾ ਅਤੇ ਰਾਏ ਕੋਟ ਦੇ ਨਵਾਬਾਂ ਨੂੰ ਸੋਧਨ ਲਈ ਕੀਤਾ ਕਿਉਂਕਿ ਇਹ ਸਿੰਘਾਂ ਨੂੰ ਦੁਖ ਦਿੰਦੇ ਸਨ । ਇਨ੍ਹਾਂ ਦੋਹਾਂ ਰਿਆਸਤਾਂ ਨੇ 1762 ਦੇ ਘਲੂਘਾਰੇ ਵਿਚ ਅਬਦਾਲੀ ਦੀ ਮਦਦ ਕੀਤੀ ਸੀ । ਸ਼ੇਰ ਮੁਹੰਮਦ ਮਲੇਰੀਏ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਹਿਲਾਂ ਦੀ ਦਾਸੀ ਮਾਈ ਅਨੂਪ ਕੌਰ ਨੂੰ ਰੋਪੜ ਦੇ ਨਜ਼ਦੀਕ ਆਨੰਦਪੁਰ ਛੱਡਣ ਬਾਅਦ ਹੋਈ ਲੜਾਈ ਵਿਚ ਫੜ ਲਿਆ ਸੀ ਅਤੇ ਉਹਨੂੰ ਆਪਣੇ ਧਰਮਪੁਰ ਪਰਪੱਕ ਰਹਿਣ ਦੇ ਦੋਸ਼ ਵਿਚ ਤੀਰਾਂ ਨਾਲ ਵਿੰਨ੍ਹ ਵਿੰਨ੍ਹ ਕੇ ਸ਼ਹੀਦ ਕਰਨ ਪਿਛੋਂ ਦਫ਼ਨਾ ਦਿੱਤਾ ਸੀ । ਬਾਬਾ ਸਾਹਿਬ ਸਿੰਘ ਜੀ ਨੇ ਨਵਾਬ ਅਤਾਉੱਲਾ ਖਾਂ ਨੂੰ ਲੜਾਈ ਵਿਚ ਹਰਾ ਕੇ ਬੀਬੀ ਅਨੂਪ ਕੌਰ ਦੀ ਕਬਰ ਪੁਟ ਕੇ ਉਹਦੀਆਂ ਹੱਡੀਆਂ ਦਾ ਸਸਕਾਰ ਕੀਤਾ ਅਤੇ ਨਵਾਬ ਦਾ ਜਿਤਿਆ ਇਲਾਕਾ ਉਸ ਨੂੰ ਮੋੜ ਦਿੱਤਾ । ਇਸੇ ਤਰ੍ਹਾਂ ਰਾਏਕੋਟ ਦੇ ਰਈਸ ਅਲਿਆਸ ਖਾਂ ਨੂੰ ਜਿੱਤ ਕੇ ਉਹਨੂੰ ਪਰਜਾ ਪਾਲਕ ਬਨਣ ਦੀ ਸਿਖਿਆ ਦਿੱਤੀ । ਇਹ ਜਿਤੀਆਂ ਰਿਆਸਤਾਂ ਇਸ ਲਈ ਭੀ ਛੱਡ ਦਿੱਤੀਆਂ

ਗਈਆਂ ਕਿਉਂਕਿ ਇਨ੍ਹਾਂ ਦਾ ਵਜੂਦ ਕਾਇਮ ਰਹਿਣ ਦਾ ਵਰ-ਦਾਨ ਰਾਏ ਕਲ੍ਹੇ ਨੂੰ ਦਸਮੇਸ਼ ਪਿਤਾ ਨੇ ਦਿੱਤਾ ਸੀ। ਸ਼ੇਰ ਮੁਹੰਮਦ ਨੇ ਫੌਜਦਾਰ ਸਰਹੰਦ ਦੇ ਦਰਬਾਰ ਵਿਚ ਸਾਹਿਬਜ਼ਾਦਿਆਂ ਦੇ ਕਤਲ ਕੀਤੇ ਜਾਣ ਦੇ ਹੁਕਮ ਵਿਰੁਧ ਹਾਹ ਦਾ ਨਾਅਰਾ ਮਾਰਿਆ ਸੀ ਤੇ ਇਸ ਸੰਬੰਧ ਵਿਚ ਔਰੰਗਜ਼ੇਬ ਜੋਗ ਲਿਖੀ ਅਰਜ਼ਦਾਸ਼ਤ ਆਖੀ ਜਾਂਦੀ ਭੀ ਮਿਲਦੀ ਹੈ। ਰਾਏ ਕਲ੍ਹੇ ਨੇ ਹਜ਼ੂਰ ਨੂੰ ਸਤਿਕਾਰ ਨਾਲ ਕੋਲ ਰਖਿਆ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਹਿਰਦੇ ਵੇਧਕ ਖ਼ਬਰ ਸੁਣ ਕੇ, ਤੀਰ ਨਾਲ ਕਾਹੀ ਦਾ ਬੂਟਾ ਪੁਟਦਿਆਂ ਜਦ ਆਪ ਨੇ ਫੁਰਮਾਇਆ ਕਿ ਤੁਰਕ ਰਾਜ ਦੀ ਜੜ੍ਹ ਪੁੱਟੀ ਗਈ, ਤਦ ਰਾਏ ਨੇ ਆਪਣੇ ਰਾਜ ਦਾ ਜ਼ਿਕਰ ਕਰਕੇ ਬਚਾ ਲਿਆ ਸੀ। ਹਜ਼ੂਰ ਨੇ ਆਪਣੀ ਤਲਵਾਰ ਅਤੇ ਇਕ ਛੇਕਦਾਰ ਲੋਟਾ ਜਿਸ ਵਿਚ ਦੁੱਧ ਪਾਇਆਂ ਡੁਲ੍ਹਦਾ ਨਹੀਂ ਸੀ, ਰਾਏ ਨੂੰ ਬਖਸ਼ਿਆ। ਇਹ ਤਲਵਾਰ ਪੰਜਾਬ ਦੇ ਅੰਗਰੇਜ਼ਾਂ ਅਧੀਨ ਹੋਣ ਬਾਦ. ਰਾਏ ਦੇ ਵੰਸ਼ਜਾਂ ਨੇ ਅੰਗਰੇਜ਼ਾਂ ਨੂੰ ਦੇ ਦਿੱਤੀ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਵਲੋਂ ਮਿਲੀ ਹਜਰੋ (ਦੀਪਾਲਪੁਰ) ਦੀ ਜਾਗੀਰ ਵਿਚ ਸਯੱਦ ਕੁਰਬਾਨ ਅਲੀ ਸ਼ਾਹ ਵਲੋਂ ਖੜੀ ਕੀਤੀ। ਉਸ ਸ਼ੋਰਸ਼ ਨੂੰ ਬਾਬਾ ਜੀ ਨੇ ਸਖ਼ਤੀ ਨਾਲ ਦਬਾਇਆ, ਜੋ ਸਈਅਦ ਨੇ ਆਪਣੀ ਮੁਰੀਦ ਰਾਜਾ ਨਿਹਾਲ ਸਿੰਘ ਕਪੂਰਥਲੀਏ ਦੀ ਨਾਚੀ ਦੀ ਸਾਜ਼ਸ਼ ਨਾਲ ਖੜੀ ਕੀਤੀ ਸੀ।

## ਮਾਈ ਅਨੰਤੀ

ਬਾਬਾ ਜੀ ਨੂੰ ਥਾਂ ਪਰ ਥਾਂ ਖਿਲਰੀਆਂ ਗੁਰੂਆਂ ਦੀਆਂ ਯਾਦਗਾਰੀ ਵਸਤਾਂ ਇਕੱਠਾ ਕਰਨ ਦਾ ਸ਼ੌਕ ਭੀ ਸੀ ਤਾਕਿ ਉਹ ਇਕ ਥਾਂ ਸਾਂਭੀਆਂ ਜਾਣ। ਬਿਲਾਸਪੁਰ ਦੇ ਭਾਈ ਨੰਦ ਸਿੰਘ ਨੂੰ ਦਖਣ ਜਾਂਦੇ ਸਮੇਂ ਹਜ਼ੂਰ ਨੇ ਇਕ ਗੁਟਕਾ ਤੇ ਕੁਝ ਸ਼ਸਤਰ ਬਖ਼ਸ਼ੇ ਸਨ ਜੋ ਉਸ ਦੀ ਵਾਰਿਸ ਮਾਈ ਅਨੰਤੀ ਕੋਲ ਬਿਲਾਸਪੁਰ ਵਿਚ ਸਨ। ਬਾਬਾ ਜੀ ਨੇ ਇਨ੍ਹਾਂ ਪਵਿੱਤਰ ਵਸਤਾਂ ਦੇ ਦਰਸ਼ਨ ਕਰਨ ਉਪ੍ਰੰਤ ਇਨ੍ਹਾਂ ਨੂੰ ਪ੍ਰਾਪਤ ਕਰਨਾ ਚਾਹਿਆ, ਪਰ ਮਾਤਾ ਅਨੰਤੀ ਨੇ ਇਨ੍ਹਾਂ ਤੋਂ ਵਿਛੜਣਾ ਪ੍ਰਵਾਨ ਨਾ ਕੀਤਾ। ਬਾਬਾ ਜੀ ਨੇ ਅਨੰਤੀ ਨੂੰ ਸਣੇ ਉਸ ਦੇ ਪੁੱਤਰ ਚੜ੍ਹਤ ਸਿੰਘ ਦੇ ਆਪਣੇ ਪਾਸ ਰੱਖ ਕੇ ਉਨ੍ਹਾਂ ਦੀ ਪਾਲਣਾ ਕੀਤੀ।

[ਬਾਬਾ ਸਾਹਿਬ ਸਿੰਘ ਅੰਕ, ਗੁਰ ਸੰਦੇਸ਼, ਮਾਰਚ 1967, ਸਫ਼ਾ 41]

## ਪੰਥਕ ਏਕਤਾ ਦੇ ਅਲਮ ਬਰਦਾਰ

ਸ਼ੇਰੇ ਪੰਜਾਬ ਦੇ ਇਕ ਛਤਰ ਰਾਜ ਦੀ ਭਵਿਖ ਬਾਣੀ ਬਾਬਾ ਜੀ ਨੇ ਰਾਮ ਨਗਰ ਇਹ ਆਖ ਕੇ ਕੀਤੀ ਸੀ, 'ਮੈਂ ਸਭੇ ਗਹਿਣੇ ਭੰਨ ਕੇ ਇਕ ਹੱਸ ਘੜਾਇਆ।' ਇਹ ਭਵਿਖ ਬਾਣੀ ਦੂਜੇ ਸ਼ਬਦਾਂ ਵਿਚ ਪੰਥ ਦੀ ਸਿਆਸੀ ਏਕਤਾ ਦਾ ਭੀ ਪ੍ਰਤੀਕ ਸੀ। ਜਿਸ ਨੂੰ ਬਾਬਾ ਜੀ ਦੀ ਮਹਾਰਾਜਾ ਰਣਜੀਤ ਸਿੰਘ ਪ੍ਰਤੀ ਪਕਸ਼ ਪੂਰਤੀ ਨਹੀਂ ਆਖਿਆ ਜਾ ਸਕਦਾ। ਇਹ ਕੇਵਲ ਉਨ੍ਹਾਂ ਦੀ ਇਕੋ ਇਕ ਦਿਲੀ ਸੱਧਰ ਤੇ ਹੁੱਬ ਸੀ। ਸਮਾਣੇ ਵਿਚ ਮਲਵੱਈ ਸਿਖ ਰਈਸਾਂ ਅਤੇ ਰਾਜਿਆਂ ਦੇ ਅੰਗਰੇਜ਼ਾਂ ਦੀ ਸ਼ਰਨ ਜਾਚਨਾ ਦੇ ਇਤਿਹਾਸਕ ਫੈਸਲੇ ਤੋਂ ਪਹਿਲਾਂ ਬਾਬਾ ਜੀ ਨੇ ਸ਼ੇਰੇ ਪੰਜਾਬ ਅਤੇ ਮਲਵੱਈ ਰਾਜਿਆਂ ਦੇ ਮੁੱਖੀ ਪਟਿਆਲਾ ਨਰੇਸ਼ ਦੀ ਸੁਲਾਹ ਕਰਵਾਉਣ ਲਈ ਦੋਹਾਂ ਨੂੰ ਲਖਨੌਰ ਬੁਲਾਇਆ। ਦੋਹਾਂ ਨੇ ਪੱਗਾਂ ਭੀ ਵਟਾਈਆਂ, ਪਰ ਤੀਰ ਨਿਸ਼ਾਨਿਓਂ ਖੁੰਝ ਚੁੱਕਾ ਸੀ, ਹਿਤਾੜ ਸਤਿਲੁਜ ਦੀਆਂ ਸਿਖ ਰਿਆਸਤਾਂ ਨੇ ਮਹਾਰਾਜੇ ਦੇ ਸਾਮਰਾਜ ਵਿਚ ਵਿਲੀਨ ਹੋਣ ਦੀ ਥਾਂ ਅੰਗਰੇਜ਼ਾਂ ਦੀ ਰਾਜਸੀ ਸਰਦਾਰੀ ਕਬੂਲ ਕਰਨਾ ਬਿਹਤਰ ਸਮਝਿਆ। 1809 ਦੀ ਸੰਧੀ ਨੇ ਉਹ ਕੰਮ ਕਰ ਦਿੱਤਾ ਜੋ ਅਬਦਾਲੀ ਦੇ ਗਿਆਰਾਂ ਹੱਲੇ ਨਾ ਕਰ ਸਕੇ, ਸਿਖ ਰਾਜਸੀ ਸ਼ਕਤੀ ਦੀ ਏਕਤਾ ਦੀ ਆਸ ਉਤੇ ਸਤਿਲੁਜ ਦਾ ਪਾਣੀ ਫਿਰ ਗਿਆ। ਇਸ ਫੁਟ ਦਾ ਅਸਰ ਭਵਿਖ ਉਤੇ ਪੈਂਦਾ ਅਨੁਭਵ ਕਰਕੇ, ਬਾਬਾ ਜੀ ਅੰਤਲੇ ਦਿਨਾਂ ਵਿਚ ਅਮੋਘ ਬਚਨ ਆਖਿਆ ਕਰਦੇ ਸਨ : "ਸਾਡੇ ਪਿਛੋਂ ਭਿਆਨਕ ਯੁੱਧ ਹੋਣਗੇ, ਤਾਂ ਅਸੀਂ

ਪਹਾੜ ਦੀ ਚੋਟੀ ਉਤੇ ਖਲੋ ਕੇ ਦੇਖਾਂ ਗੇ । ਇਹ ਵੀ ਜੀਊ ਆਂਵਦਾ ਹੈ, ਜੋ ਐਸੇ ਬੇਮੁਖਾਂ ਨੂੰ ਨਦੀ ਵਿਚ ਡੋਬ ਦਈਏ ਅਥਵਾ ਜਾਟ ਕੇ ਜਾਟ, ਝੀਵਰ ਕੇ ਝੀਵਰ, ਤੇ ਨਾਈ ਕੇ ਨਾਈ ਹੀ ਕਰ ਦਈਏ, ਜਿਸ ਤਰ੍ਹਾਂ ਦੇ ਹੈ ਸਨ ਇਹ, ਕਿਉਂਕਿ ਇਹ ਪ੍ਰਭੁਤਾ ਦੇ ਅਧਿਕਾਰੀ ਨਹੀਂ ਰਹੇ ਤੇ ਵਿਕਾਰੀ ਹੋ ਗਏ ਹਨ...ਇਹਨਾਂ ਨੂੰ ਇਹ ਨਹੀਂ ਦਿਸਦਾ ਕਿ ਸਮਾਂ ਤਾੜ ਕੇ ਅੰਗਰੇਜ ਬਲਾ ਦੀ ਤਰ੍ਹਾਂ ਟੁੱਟ ਪੈਣਗੇ ਤਾਂ ਵਖਰੇ ਵਖਰੇ ਹੋਇਆਂ ਇਨ੍ਹਾਂ ਦੀ ਝਾਲ ਨਹੀਂ ਝਲ ਸਕਣ ਗੇ । ਅਤੇ ਪਰ ਅਧੀਨਤਾ ਵਿਚ ਦੁਖ ਪਾਣ ਗੇ ।"

## ਬ੍ਰਹਮ ਗਿਆਨਤਾ ਦੀ ਸਿਖਰ

ਇਨ੍ਹਾਂ ਰਾਜਸੀ ਕੰਮਾਂ ਵਿਚਾਲੇ ਕੰਵਲ ਵਾਂਗ ਨਿਰਲੇਪ ਰਹਿੰਦਿਆਂ ਬਾਬਾ ਜੀ ਅਧਿਆਤਮਕ ਉਪਕਾਰ ਭੀ ਕਰਦੇ ਰਹੇ । ਆਪਣੇ ਸਮਕਾਲੀ ਗੁਰਮੁਖ ਸੰਤਾਂ, ਭਗਤਾਂ, ਲੇਖਕਾਂ ਅਤੇ ਵਿਚਾਰਵਾਨਾਂ ਨਾਲ ਆਪ ਦਾ ਖ਼ਾਸ ਸਨੇਹ ਸੀ, ਜਿਹਾ ਕਿ ਭਾਈ ਦੁਖ ਭੰਜਨ ਜੀ, ਭਾਈ ਵਸਤੀ ਰਾਮ, ਬਾਬਾ ਬੀਰ ਸਿੰਘ ਨੌਰੰਗਾਬਾਦੀਏ, ਬਾਬਾ ਜਸਵੰਤ ਸਿੰਘ ਉਰਫ ਬਾਬਾ ਖੁਦਾ ਸਿੰਘ, ਮਹਾਂ ਕਵੀ ਸੰਤੋਖ ਸਿੰਘ ਕਰਤਾ ਸ੍ਰੀ ਗੁਰੂ ਪ੍ਰਤਾਪ ਸੂਰਜ, ਕਵੀ ਲਾਲ ਦਾਸ ਕਰਤਾ ਗੁਰ ਜਸ ਹੁਲਾਸ, ਸਰਦਾਰ ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਆਦਿ । ਪਰਮਾਰਥ ਦੇ ਰਾਹ ਵਿਚ ਕਈ ਅਟਕਿਆਂ ਦੀਆਂ ਅਟਕਾਂ ਦੂਰ ਕੀਤੀਆਂ । ਭਾਈ ਮਨਸਾ ਸਿੰਘ ਰਾਗੀ ਗੁਜਰਾਤ ਨਿਵਾਸੀ ਪਹਿਲੀ ਵਾਰ ਆਪ ਦੇ ਨੂਰਾਨੀ ਚਿਹਰੇ ਨੂੰ ਤਕ ਕੇ ਤਾਬ ਨਾ ਝਲ ਸਕਿਆ ਤੇ ਬੇਹੋਸ਼ ਹੋ ਕੇ ਡਿਗ ਪਿਆ । ਆਪ ਨੇ ਉਹਨੂੰ ਆਪਣੇ ਕੋਲ ਕੀਰਤਨ ਕਰਨ ਲਈ ਰਖਿਆ । ਇਕ ਦਿਨ ਆਪ ਨੇ ਉਹਨੂੰ ਭਗਤੀ ਮਾਰਗ ਬਾਰੇ ਦਸਿਆ, 'ਸ਼ਾਸਤਰ ਵਿਚ ਤਾਂ ਭਗਤੀ ਦੇ ਨੌਂ ਸਰੂਪ ਦਸੇ ਹਨ, ਪਰ ਗੁਰੂ ਘਰ ਵਿਚ ਇਸ ਦੇ ਦੋ ਸਰੂਪ ਹੀ ਪਰਵਾਨ ਹਨ : (1) ਪ੍ਰੇਮ ਭਗਤੀ-ਜਦ ਈਸ਼ਵਰ ਪ੍ਰੇਮ ਵਿਚ 'ਰਾਮ ਵਿਉਗੀ ਨਾ ਜੀਏ, ਜੀਏ ਤਾਂ ਬਉਰਾ ਹੋਇ ।' (2) ਖ਼ਲਕਤ ਨਾਲ ਪਿਆਰ- ਨਾਕੋ ਬੈਰੀ ਨਾਹਿ ਬੇਗਾਨਾ', ਪਾਖੰਡ ਕਰਮਾਂ ਦਾ ਤਿਆਗ । ਜਗਤ ਦੇ ਰਚਨਹਾਰ ਜਗਦੀਸ਼ ਲਈ ਪਾਣੀ ਤੋਂ ਬਾਹਰ ਪਈ ਮੱਛੀ ਵਾਂਗ ਤੜਫਣੀ ਕਾਇਮ ਰਖਣਾ ।

ਗ਼ਜ਼ਨੀ ਨਿਵਾਸੀ ਭਾਈ ਚੰਦਾ ਸਿੰਘ ਸਿਖੀ ਦੀ ਜੁਗਤੀ ਲੱਭਦਾ ਆਪ ਕੋਲ ਪੁੱਜਾ । ਬਾਬਾ ਜੀ ਨੇ ਉਪਦੇਸ਼ ਦਿਤਾ 'ਪ੍ਰੇਮੀਆ ! ਸਿਖਾਂ ਵਾਸਤੇ ਗੁਰੂ ਜੋਤ, ਬਾਣੀ ਰੂਪ ਵਿਚ ਪ੍ਰਤੱਖ ਹੈ । ਜਿਨ੍ਹਾਂ ਨੂੰ ਕਰਤਾ ਪੁਰਖ ਨੇ ਬਿਬੇਕ ਬੁਧਿ ਬਖ਼ਸ਼ੀ ਹੈ, ਉਹ ਇਸ ਬਾਣੀ ਰੂਪੀ ਸੂਰਜ ਤੋਂ ਗਿਆਨ ਪ੍ਰਕਾਸ਼ ਪਾ ਕੇ ਆਤਮ-ਅਨਾਤਮ ਦੇ ਭੇਦਾਂ ਨੂੰ ਅਨੁਭਵ ਕਰਦੇ ਹੋਏ ਗੁਹਜ ਰਤਨਾਂ ਨੂੰ ਲਭ ਸਕਦੇ ਹਨ ।

ਸ੍ਰੀ ਸੰਤ ਨਿਸਚਲ ਸਿੰਘ ਅਨੁਸਾਰ, ਬਾਬਾ ਹਰੀ ਸਿੰਘ ਸੇਵਾ ਪੰਥੀ ਮਹੰਤ ਡੇਰਾ ਮਿਠਾ ਟਿਵਾਣਾ ਦੇ ਦਿਲ ਦੀ ਬੁਝ ਕੇ ਵਾਹਿਗੁਰੂ ਨੂੰ ਕਿਸ ਨਾਮ ਨਾਲ ਜਪਿਆ ਜਾਏ, ਬਾਬਾ ਸਾਹਿਬ ਸਿੰਘ ਜੀ ਨੇ ਇਹ ਤੁਕ 'ਜਪੁ ਮਨ ਸਤਿਨਾਮ ਸਦਾ ਸਤਿਨਾਮ' ਆਖ ਕੇ 'ਸਤਿਨਾਮ' ਜਪਣ ਦਾ ਸੁਝਾਉ ਦਿਤਾ ।

ਪਰ-ਪੀੜਾਂ ਤੋਂ ਦੁਖੀ ਹੋਣ ਵਾਲੇ ਬਾਬਾ ਜੀ ਨੇ ਭਾਈ ਕਰਮ ਸਿੰਘ ਰਾਗੀ ਦਾ ਅਤੀਸਾਰ ਰੋਗ ਦੂਰ ਕੀਤਾ ਅਤੇ ਪਿੰਡ ਸੰਬਲਬਾਦ ਦੇ ਸਰਦਾਰ ਕਰਮ ਸਿੰਘ ਦਾ ਕੁਸ਼ਟ ਰੋਗ ਦੂਰ ਕੀਤਾ । ਕਪੂਰਥਲੇ ਦੇ ਰਾਜਾ ਫਤਹ ਸਿੰਘ ਨੇ ਜਾਂ ਅਪਨੇ ਫ਼ੌਜੀ ਕਰਮਚਾਰੀ ਸਰਦਾਰ ਮੰਗਲ ਸਿੰਘ ਨੂੰ ਚੁਗ਼ਲ ਖ਼ੋਰਾਂ ਦੇ ਆਖੇ ਕਿ ਇਹ ਰਾਜਾ ਨੂੰ ਕਤਲ ਕਰਨਾ ਚਾਹੁੰਦਾ ਹੈ, ਗ੍ਰਿਫ਼ਤਾਰ ਕਰਨ ਦਾ ਹੁਕਮ ਦਿਤਾ ਅਤੇ ਫ਼ੌਜ ਉਸ ਉਤੇ ਚੜ੍ਹ ਕੇ ਗਈ । ਤਾਂ ਉਹਨੇ ਆਖਿਆ ਜਾਂਦਾ ਹੈ, ਆਪ ਨੂੰ ਸਿਮਰਿਆ ਤੇ ਕਿਲ੍ਹਾ ਬੰਦ ਹੋ ਬੈਠਾ, ਫੌਜ ਨੇ ਬਾਹਰੋਂ ਗੋਲਾਬਾਰੀ ਸ਼ੁਰੂ ਕਰ ਦਿਤੀ । ਓੜਕ ਅਚਾਨਕ ਰਾਮਗੜ੍ਹੀਏ ਉਹਦੀ ਮਦਦ ਨੂੰ ਆ ਗਏ । ਉਨ੍ਹਾਂ ਫ਼ੌਜ ਦੇ ਪਿਛੋਂ ਦੀ ਹੋ ਕੇ ਉਨ੍ਹਾਂ ਉਤੇ ਹਮਲਾ ਕਰ ਦਿਤਾ ਅਤੇ ਮੰਗਲ ਸਿੰਘ ਰਿਹਾ ਹੋਇਆ ।

## ਪੁੱਤਰਾਂ ਦੀ ਦਾਤ

ਦੀਵਾਨੀ ਨਾਉਂ ਦੇ ਸਰਵਰੀਏ ਨੇ ਪੁੱਤਰਾਂ ਲਈ ਬੇਨਤੀ ਕੀਤੀ। ਬਾਬਾ ਜੀ ਨੇ ਫ਼ੁਰਮਾਇਆ, 'ਤੇਰਾ ਮੁਰਸ਼ਦ ਤਾਂ ਸਰਵਰ (ਤਾਲਾਬ) ਸੀ, ਉਹਨੇ ਤੇਰੀ ਪਿਆਸ ਨਾ ਬੁਝਾਈ ?' ਦੀਵਾਨੀ ਬੋਲਿਆ 'ਹਜ਼ੂਰ ਤਦੇ ਤਾਂ ਸਰਵਰ ਤੋਂ ਉਦਾਸ ਹੋ ਕੇ ਸਾਗਰ ਕੰਢੇ ਆਇਆ ਹਾਂ। ਬਾਬਾ ਜੀ ਨੇ ਹੱਸਕੇ ਆਖਿਆ, 'ਚੰਗਾ ਫੇਰ ਸਿੰਘ ਸਜ ਜਾ।' ਇਸਤ੍ਰੀ ਭਰਤਾ ਦੋਹਾਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਪੁਤਰ ਵਾਲੇ ਹੋ ਗਏ। ਇਵੇਂ ਹੀ ਬਿਲਾਸਪੁਰ ਦੇ ਰੂਹੇ ਠਠਿਆਰ ਨੂੰ ਜੋ ਬੈਰਾਗੀਆਂ ਦਾ ਚੇਲਾ ਸੀ, ਆਨੰਦਪੁਰ ਵਿਚ ਪੁੱਤਰ ਪ੍ਰਾਪਤੀ ਦਾ ਸਾਧਨ ਸ੍ਰੀ ਕੇਸਗੜ੍ਹ ਸਾਹਿਬ ਜਾ ਕੇ ਸਿੰਘ ਸਜਨਾ ਦਸਿਆ।

ਬਾਬਾ ਜੀ ਨੂੰ ਏਡੀ ਉਚੀ ਸੁੱਚੀ ਆਤਮਕ ਅਵੱਸਥਾ, ਸੇਵਾ ਅਤੇ ਸਿਮਰਨ ਦੁਆਰਾ ਹੀ ਪ੍ਰਾਪਤ ਹੋਈ, ਜਿਸ ਦੀ ਇਕ ਸੁਨਹਿਰੀ ਮਿਸਾਲ ਆਪ ਦੇ ਬਚਪਨ ਸਮੇਂ ਦੀ ਘਟਨਾ ਹੈ। ਇਕ ਦਿਨ ਊਨਾ ਸਾਹਿਬ ਵਿਚ ਕੋਈ ਸੰਤ ਮੰਡਲੀ ਆਈ। ਸਰਦੀਆਂ ਦੇ ਦਿਨ ਸਨ, ਘਰ ਬਾਲਣ ਨਹੀਂ ਸੀ। ਬਾਬਾ ਜੀ ਦੀ ਮਾਤਾ ਸਰੂਪਾਂ ਨੇ ਆਪ ਨੂੰ ਆਖਿਆ, 'ਹੋਰ ਤਾਂ ਸਭ ਠੀਕ ਹੈ, ਪਰ ਬਾਲਣ ਦਾ ਕੀ ਬਣੂੰ ?' ਬਾਬਾ ਜੀ ਨੇ ਬਿਨਾ ਕਿਸੇ ਨੂੰ ਦਸੇ ਪੁਛੇ ਘਰ ਦੇ ਬੂਹੇ ਬਾਰੀਆਂ ਤੋੜ ਛੱਡੇ, ਕੁਝ ਲੋਹਾਂ ਹੇਠ ਜਾ ਡਾਹੇ ਅਤੇ ਕੁਝ ਦੀ ਧੂਣੀ ਬਾਲ ਕੇ ਸਾਧੂਆਂ ਨੂੰ ਸੇਕਣ ਲਈ ਆਖਿਆ।

## ਪਰਿਵਾਰ

ਬਾਬਾ ਜੀ ਦੀਆਂ ਤਿੰਨ ਸ਼ਾਦੀਆਂ ਇਕ ਦੂਜੀ ਤੋਂ ਬਾਦ ਹੋਈਆਂ, (1) ਬੀਬੀ ਗੁਲਾਬ ਦੇਈ ਭਾਈ ਰਾਮ ਸਹਾਈ ਦੁਆਬੀਏ ਖਤਰੀ ਦੀ ਪੁਤਰੀ ਨਾਲ (2 ਭਾਈ ਜੀਤ ਮੱਲ ਖਤਰੀ ਦੀ ਪੁਤਰੀ ਨਾਲ (3) ਅਤੇ ਇਲਾਕਾ ਨੱਕਾਂ (ਮੁਲਤਾਨ) ਦੇ ਸਰਦਾਰ ਸਹਾਈ ਸਿੰਘ ਦੀ ਪੁਤਰੀ ਨਾਲ। ਇਨ੍ਹਾਂ ਤਿੰਨਾਂ ਸੁਪਤਨੀਆਂ ਤੋਂ ਤਿੰਨ ਪੁੱਤਰ ਰਤਨ ਉਤਪੰਨ ਹੋਏ: (1) ਬਾਬਾ ਬਿਸ਼ਨ ਸਿੰਘ (2) ਬਾਬਾ ਤੇਗ ਸਿੰਘ ਜੋ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਪੂਰੇ ਹੋ ਗਏ ਅਤੇ (3) ਬਾਬਾ ਬਿਕਰਮਾ ਸਿੰਘ। ਬਾਬਾ ਜੀ 1834 ਈਸਵੀ ਵਿਚ ਚਲਾਣਾ ਕਰ ਗਏ ਤੇ ਵਡੇ ਸਾਹਿਬਜ਼ਾਦੇ ਜਿਨਾਂ ਤੋਂ ਕੱਲਰ ਦੀ ਸਾਖ ਚੱਲੀ, 1839 ਵਿਚ। ਬਾਬਾ ਬਿਕਰਮਾ ਸਿੰਘ ਜੀ ਲਾਹੌਰ ਦਰਬਾਰ ਦੇ ਉਘੇ ਦਰਬਾਰੀ ਸਨ। ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਵਿਚ ਉਹ ਲਾਹੌਰ ਦਰਬਾਰ ਦੇ ਪੂਰੇ ਵਫ਼ਾਦਾਰ ਅਤੇ ਪਕੇ ਦੇਸ਼ ਭਗਤ ਰਹੇ, ਸਿਰ ਧੜ ਦੀ ਬਾਜ਼ੀ ਲਾ ਕੇ ਉਹ ਪੰਜਾਬ ਦੀ ਆਜ਼ਾਦੀ ਲਈ ਸੰਗ੍ਰਾਮ ਕਰਦੇ ਰਹੇ। 1849 ਵਿਚ ਜਦ ਰਾਜਾ ਸ਼ੇਰ ਸਿੰਘ ਅਟਾਰੀ ਵਾਲੇ ਅਤੇ ਉਹਦੇ ਸਾਥੀਆਂ ਨੇ ਜੈਨਰਲ ਗਿਲਬਰਟ ਅਗ ਮਾਣਕਿਆਲੇ ਜਾਕੇ ਹਥਿਆਰ ਸੁਟ ਦਿਤੇ ਅਤੇ ਪੰਜਾਬ ਉਤੇ ਯੂਨੀਅਨ ਜੈਕ ਝੁੱਲਣ ਲਗ ਪਿਆ ਤਦ ਭਾਈ ਮਹਾਰਾਜ ਸਿੰਘ ਅਤੇ ਕਰਨਲ ਰਛਪਾਲ ਸਿੰਘ ਦੇ ਨਾਲ ਨਾਲ ਬਾਬਾ ਬਿਕਰਮਾ ਸਿੰਘ ਨੇ ਗੁਲਾਮੀ ਅਤੇ ਹਾਰ ਨਾਲ ਸਮਝੌਤਾ ਨਾ ਕਰਕੇ ਦੋਸਤ ਮੁਹੰਮਦ ਖਾਂ ਅਮੀਰ ਕਾਬੁਲ ਨਾਲ ਮਿਲ ਕੇ ਤੀਜਾ ਸਿਖ ਯੁੱਧ ਅਟਕ ਦੇ ਕੰਢੇ ਰਚਾਉਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਇਹ ਬਗ਼ਾਵਤ ਬੜੀ ਸਖ਼ਤੀ ਨਾਲ ਦਬਾਈ। ਬਾਬਾ ਬਿਕਰਮਾ ਸਿੰਘ ਦੇ ਕਿਲ੍ਹੇ ਜੋ ਊਨਾਂ, ਨੂਰਪੁਰ ਬੇਦੀਆਂ, ਗੁਣਾਂ ਚੌਰ, ਮਲਸੀਆਂ, ਦਖਨੀ ਕੀ ਸਰਾਏ (ਨਕੋਦਰ) ਵਿਚ ਸਨ, ਢਾ ਦਿਤੇ। 817 ਪਿੰਡ ਜਿਨ੍ਹਾਂ ਤੋਂ ਤਿਨ ਲਖ ਰੁਪਏ ਦੀ ਆਮਦਨ ਸੀ, ਜ਼ਬਤ ਕਰ ਲਏ। ਬਾਬਾ ਬਿਕਰਮਾ ਸਿੰਘ 12 ਸਾਲ ਅੰਮ੍ਰਿਤਸਰ ਨਜ਼ਰਬੰਦ ਰਹਿ ਕੇ 1864 ਵਿਚ ਚੜ੍ਹਾਈ ਕਰ ਗਏ ਅਤੇ ਆਪਣੇ ਪਿਛੇ ਆਪਣੀ ਦੇਸ਼ ਭਗਤੀ ਦੀ ਅਪੂਰਵ ਕੀਰਤੀ ਛਡ ਗਏ।

ਆਪ ਦੀ ਸਮਾਧ ਢਾਬ ਵਸਤੀ ਰਾਮ ਅੰਮ੍ਰਿਤਸਰ ਵਿਚ ਹੈ। ਅੰਮ੍ਰਿਤਸਰ ਦੇ ਪੁਰਾਤਨ ਅਤੇ ਪ੍ਰਸਿਧ ਗਿਆਨੀਆਂ ਦੇ ਘਰਾਨੇ ਦੇ ਚਸ਼ਮ ਚਰਾਗ਼ ਅਤੇ ਪੰਜਾਬੀ ਦੇ ਪ੍ਰਸਿਧ ਕਵੀ ਹਰਿੰਦਰ ਸਿੰਘ ਰੂਪ, ਇਸੇ ਬੇਦੀ ਘਰਾਣੇ ਵਿਚ ਵਿਆਹਿਆ ਗਿਆ ਸੀ।

ਬਾਬਾ ਸਾਹਿਬ ਸਿੰਘ ਦਾ ਕਾਇਮ ਕੀਤਾ ਗੁਰਸਿਖੀ ਪ੍ਰਚਾਰ ਦਾ ਕੇਂਦਰ 'ਊਨਾ' ਪਹਾੜੀ ਇਲਾਕੇ ਵਿਚ ਜਿਥੇ ਸਿਖ ਰਵਾਇਤਾਂ ਕਾਇਮ ਕਰਨ, ਪ੍ਰਚਾਰਨ, ਦਾ ਆਸ਼ਰਮ ਹੈ, ਉਥੇ ਦੇਸ਼ ਭਗਤੀ, ਸਿਖ ਸਾਹਿਤ, ਸਭਿਆਚਾਰ ਅਤੇ ਪੰਜਾਬੀ ਪ੍ਰਸਾਰ ਦਾ ਭੀ ਸੋਮਾਂ ਬਣਿਆ ਰਿਹਾ ਹੈ। ਅਜ ਹਿਮਾਚਲ ਵਿਚ ਜਿਥੇ ਦਸਮੇਸ਼ ਦੀ ਚਰਨ ਛੋਹ ਪ੍ਰਾਪਤ ਪਾਉਂਟਾ ਸਾਹਿਬ, ਗੁਰੂ ਕਾ ਲਾਹੌਰ, ਚੰਬਾ, ਮੰਡੀ, ਰਵਾਲਸਰ, ਬਿਲਾਸਪੁਰ ਆਦਿ ਸਾਡੇ ਅਤੀਤ ਦੀਆਂ ਯਾਦਾਂ ਸੰਭਾਲੀ ਬੈਠੇ ਹਨ ਉਥੇ ਸੋਢੀ ਵਡਭਾਗ ਸਿੰਘ ਅਤੇ ਬਾਬਾ ਜਵਾਹਰ ਸਿੰਘ ਦੇ ਅਸਥਾਨਾਂ ਵਾਂਗ ਬਾਬਾ ਸਾਹਿਬ ਸਿੰਘ ਬੇਦੀ ਦਾ ਅਸਥਾਨ ਸਿਖ ਸਭਿਆਚਾਰ ਦੇ ਭਵਿਖ ਲਈ ਆਸ਼ਾ ਜਨਕ ਸੰਭਾਵਨਾ ਲਕੋਈ ਬੈਠਾ ਹੈ, ਜਿਸ ਦਾ ਸਬੂਤ ਪਿਛਲੇ ਅਕਤੂਬਰ ਵਿਚ ਹਿਮਾਚਲ ਪ੍ਰਦੇਸ਼ ਵਿਚ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਲੋਂ ਆਯੋਜਿਤ ਦਸਮੇਸ਼ ਪਿਤਾ ਦੇ ਪਾਵਨ ਸ਼ਸਤਰਾਂ ਦੀ ਫੇਰੀ ਸਮੇਂ ਊਨਾ ਸਾਹਿਬ ਵਿਚ ਬੇਦੀ ਸਾਹਿਬਜ਼ਾਦਿਆਂ ਬਾਬਾ ਮਧੁਸੂਦਨ ਸਿੰਘ ਤੇ ਦੇਵਿੰਦਰ ਸਿੰਘ ਜੀ ਨੇ ਸ਼ਾਨਦਾਰ ਸਵਾਗਤ ਕਰਕੇ ਦਿਤਾ ਹੈ। ਇਉਂ ਇਸ ਕੇਂਦਰ ਨਾਲ ਪੰਜਾਬ ਦੇ ਮੈਦਾਨੀ ਇਲਾਕੇ ਦੇ ਸਿੰਘਾਂ ਦੀ ਭਾਵਕ ਸਾਂਝ ਸਦਾ ਤੋਂ ਬਣੀ ਆ ਰਹੀ ਹੈ, ਜਿਸ ਦੀ ਪਰੰਪਰਾ ਬਾਬਾ ਜਵਾਹਰ ਸਿੰਘ ਸੇਵਾ ਪੰਥੀ ਵਰਗੇ ਸੰਤਾਂ ਮਹੰਤਾਂ ਨੇ ਕਾਇਮ ਕੀਤੀ ਹੈ। ਬਾਬਾ ਜਵਾਹਰ ਸਿੰਘ ਨੇ ਸੇਵਾ ਪੰਥੀਆਂ ਦੇ ਮੌਜੂਦਾ ਆਗੂ ਪੰਡਿਤ ਨਿਸਚਲ ਸਿੰਘ ਜੀ ਨੂੰ ਆਪਨਾ ਸੰਕਲਪ ਦਸਿਆ "ਜਦ ਭੀ ਮੇਰਾ ਸਰੀਰ ਆਤਮਾ ਤੋਂ ਵਖ ਹੋਵੇ, ਦਾਹ ਸੰਸਕਾਰ ਊਨਾ ਸਾਹਿਬ ਬਾਬਾ ਸਾਹਿਬ ਸਿੰਘ ਦੇ ਚਰਨਾਂ ਵਿਚ ਕਰਨਾ।" ਇਸ ਰਵਾਜ, ਕਿ ਬਾਬਾ ਸਾਹਿਬਾਨ ਦੀਆਂ ਸਮਾਧਾਂ ਕੋਲ ਬੇਦੀ ਅੰਸ ਬੰਸ ਦਾ ਹੀ ਸਸਕਾਰ ਹੋ ਸਕਦਾ ਸੀ, ਦੇ ਬਾਵਜੂਦ ਬੇਦੀ ਸਾਹਿਬਜ਼ਾਦਿਆਂ ਨੇ ਸੇਵਾ ਪੰਥੀ ਮਹੰਤ ਸਾਹਿਬ ਦੀ ਮਨੋ ਕਾਮਨਾ ਪੂਰੀ ਕੀਤੀ। ਇਸ ਤੋਂ ਵੱਧ ਊਨਾ ਸਾਹਿਬ ਦੇ ਧਾਰਮਕ ਤੇ ਅਧਿਆਤਮਕ ਸਨਮਾਨ ਦੀ ਭਾਵਨਾ ਹੋਰ ਕੀ ਹੋ ਸਕਦੀ ਹੈ ?

★★★

# ਉਪਕਾਰੀ ਜੀਵਨ

ਸ੍ਰੀ ਮਾਨ :—ਸ: ਦੇਵਾ ਸਿੰਘ ਜੀ, "ਕਿਰਤੀ" ਅੰਮ੍ਰਿਤਸਰ

ਸਾਹਿਬ ਬਨਾਇਆ ਜਿਨ੍ਹੂੰ ਧੁਰੋਂ ਕਰਤਾਰ ਆਪ,
ਸਿਰ ਉਤੇ ਹਥ ਰਖ ਨਾਨਕ ਨਿਰੰਕਾਰੀ ਸੀ।

ਕਾਰੀ ਹੋਈ ਤਾਹੀਂ ਅਕਸੀਰ ਹੋਕੇ ਜਗ ਉਤੇ,
ਵੰਡ ਦਿਤੀ ਦਾਤ ਓਸ ਬਨ ਕੇ ਭੰਡਾਰੀ ਸੀ।

ਡਾਰੀ ਕਟ ਫਾਸੀ ਸੀ ਚੁਰਾਸੀ ਵਾਲੇ ਗੇੜ ਵਾਲੀ,
ਮਿਹਰਵਾਨ ਹੋਕੇ ਡਿਠਾ ਜਿਨ੍ਹੂੰ ਇਕ ਵਾਰੀ ਸੀ।

ਵਾਰੀ ਬਲਿਹਾਰੀ ਤਾਹੀਂ ਕਿਰਤੀ ਗ਼ਰੀਬ ਹੋਏ,
ਵਾਹ ਵਾਹ ਕੀਤਾ ਓਸੇ ਦਿਤੀ ਨਾਮ ਦੀ ਖ਼ੁਮਾਰੀ ਸੀ।

ਚੰਦਨ ਸਮਾਨ ਠੰਡ ਪਾਈ ਜਗਿਆਸੂਆਂ ਨੂੰ,
ਮਿਠੀ ਗੁਰਬਾਣੀ ਵਾਲੀ ਖ਼ੁਸ਼ਬੂ ਖਲਾਰੀ ਸੀ।

ਖਲਾਰੀ ਸੀ ਚੁਫ਼ੇਰੇ ਜੇਹੜੇ ਜੇਹੜੇ ਜਗ ਨੇੜੇ ਹੋਏ,
ਉਹਨਾਂ ਵਾਲੀ ਕਟ ਦਿਤੀ ਖ਼ੁਦੀ ਦੀ ਬੀਮਾਰੀ ਸੀ।

ਮਾਰੀ ਸੀ ਉਹ ਤੇਗ਼ ਤਾਹੀਂ ਰਾਜੇ ਰਣਜੀਤ ਸਿੰਘ,
ਦੇਸ਼ ਕੌਮ ਵਾਲੀ ਕਿਵੇਂ ਵਿਗੜੀ ਸਵਾਰੀ ਸੀ।

ਵਾਰੀ ਬਲਿਹਾਰੀ ਜਾਵਾਂ "ਕਿਰਤੀ" ਮੈਂ ਲਖ ਵਾਰੀ,
ਬਾਬਾ ਸਾਹਿਬ ਸਿੰਘ ਜਗ ਆਏ ਉਪਕਾਰੀ ਸੀ।

# ਅਮਰ ਕਥਾ–ਬਾਬਾ ਸਾਹਿਬ ਸਿੰਘ ਜੀ ਬੇਦੀ

ਸ੍ਰੀ ਮਤੀ :— ਰਵਿੰਦਰ ਰਾਣਾ ਜੀ, M.A. M.Ed.

ਬਾਬਾ ਸਾਹਿਬ ਸਿੰਘ ਜੀ ਬੇਦੀ ਗੁਰੂ ਨਾਨਕ ਸਾਹਿਬ ਦੀ 11ਵੀਂ ਪੁਸ਼ਤ ਬਾਬਾ ਅਜੀਤ ਸਿੰਘ ਜੀ ਦੇ ਸਪੁੱਤਰ ਅਤੇ ਬਾਬਾ ਕਲਾਧਾਰੀ ਜੀ ਦੇ ਪੋਤਰੇ ਸਨ । ਆਪ ਦਾ ਜਨਮ ਮਿਤੀ ਚੇਤ ਸੁਦੀ ਪੰਜ ਸੰਮਤ 1813 ਬਿਕਰਮੀ ਨੂੰ ਡੇਰਾ ਬਾਬਾ ਨਾਨਕ ਜ਼ਿਲਾ ਗੁਰਦਾਸਪੁਰ ਵਿਚ ਹੋਇਆ । ਆਪ ਦੀ ਮਾਤਾ ਦਾ ਨਾਮ ਸਰੂਪਾ ਦੇਵੀ ਸੀ ਜੋ ਕਿ ਬਹੁਤ ਹੀ ਧਾਰਮਕ ਵਿਚਾਰਾਂ ਵਾਲੇ ਸਨ । ਕਿਹਾ ਜਾਂਦਾ ਹੈ ਕਿ ਬਾਬਾ ਜੀ ਦਾ ਇਸ ਸੰਸਾਰ ਤੇ ਸੁਭ ਆਗਮਨ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰ-ਦਾਨ ਦਾ ਫਲ ਸੀ । ਆਪ ਦਾ ਜਨਮ ਐਸੇ ਸਮੇਂ ਹੋਇਆ ਜਦੋਂ ਕਿ ਪੰਜਾਬ ਵਿਚ ਸਿੱਖ ਮਿਸਲਾਂ ਆਪੋ ਆਪਣੀਆਂ ਰਿਆਸਤਾਂ ਨੂੰ ਵਧਾਉਣ ਵਿਚ ਰੁਝੀਆਂ ਹੋਈਆਂ ਸਨ ।

ਜਦੋਂ ਬਾਬਾ ਜੀ ਬਾਰਾਂ ਦਿਨ ਦੇ ਹੋ ਗਏ ਤਾਂ ਤੇਰਵੇਂ ਦਿਨ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਨਿੱਤ ਦੇ ਪ੍ਰੋਗਰਾਮ ਅਨੁਸਾਰ ਇਸ਼ਨਾਨ ਕਰਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਫਿਰ ਨਾਮ ਦਾ ਅਭਿਆਸ ਕੀਤਾ । ਇਸ ਤੋਂ ਬਾਦ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਬੱਚੇ ਦਾ ਨਾਮ ਰੱਖਣ ਲਈ ਅਰਦਾਸਾ ਕੀਤਾ । ਗਰੰਥੀ ਜੀ ਨੇ ਹੁਕਮ ਲਿਆ ਤਾਂ ਹੇਠ ਲਿਖਿਆ ਮਹਾਂ ਵਾਕ ਆਇਆ । ਜਿਸ ਦੇ ਅਨੁਸਾਰ ਬਾਬਾ ਜੀ ਦਾ ਨਾਮ ਰਖਿਆ ਗਿਆ :—

"ਸਾਹਿਬੁ ਹੋਇ ਦਇਆਲੁ ਕਿਰਪਾ ਕਰੇ, ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ, ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ, ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾ ਦਰਗਹ ਪੈਧਾ ਜਾਇਸੀ ॥"

—ਸ੍ਰੀ ਆਸਾ ਜੀ ਦੀ ਵਾਰ

'ਸਾਹਿਬ' ਸ਼ਬਦ ਦੇ ਆਧਾਰ ਤੇ ਹੀ "ਸਾਹਿਬ ਸਿੰਘ" ਨਾਮ ਰੱਖ ਕੇ ਸਾਰੀ ਸੰਗਤ ਨੇ ਜੈਕਾਰਾ ਬੁਲਾ ਦਿੱਤਾ ।

ਜਿਸ ਤਰ੍ਹਾਂ ਛੋਟੇ ਬੱਚਿਆਂ ਨੂੰ ਰਾਤੀਂ ਸੌਣ ਤੋਂ ਪਹਿਲਾਂ ਕਹਾਣੀਆਂ ਸੁਣਨ ਦਾ ਸ਼ੌਂਕ ਹੁੰਦਾ ਹੈ, ਉਸੇ ਤਰ੍ਹਾਂ ਆਪ ਵੀ ਆਪਣੇ ਪਿਤਾ ਜੀ ਪਾਸੋਂ ਕਹਾਣੀਆਂ ਸੁਣਦੇ । ਆਪ ਦੇ ਪਿਤਾ ਜੀ ਇਤਨੇ ਸਿਆਣੇ ਸਨ ਕਿ ਉਹ ਇਧਰ ਉਧਰ ਦੀਆਂ ਮਨ-ਘੜਤ ਕਹਾਣੀਆਂ ਸੁਣਾਉਣ ਦੀ ਬਜਾਏ ਆਪ ਨੂੰ ਸਿਖ ਇਤਿਹਾਸ ਦੀਆਂ ਸਾਖੀਆਂ ਸੁਣਾਉਂਦੇ । ਜਿਸ ਤੋਂ ਆਪ ਦਾ ਮਨ ਗੁਰਬਾਣੀ ਵੱਲ ਲਗ ਗਿਆ । ਜਦੋਂ ਆਪ ਕੁਝ ਪੜ੍ਹਨ ਯੋਗ ਹੋ ਗਏ ਤਾਂ ਆਪ ਦੇ ਪਿਤਾ ਗੁਰ ਮਰਯਾਦਾ ਅਨੁਸਾਰ ਅਰਦਾਸਾ ਸੋਧ ਕੇ ਬੱਚੇ ਨੂੰ ਪੈਂਤੀ ਸਿਖਾਉਣੀ ਸ਼ੁਰੂ ਕੀਤੀ, ਥੋੜੇ ਦਿਨਾਂ ਅੰਦਰ ਹੀ ਆਪ ਪੋਥੀ ਪੜ੍ਹਣ ਦੇ ਯੋਗ ਹੋ ਗਏ । ਅਰਥਾਂ ਸਹਿਤ ਪਾਠ ਕਰਨ ਲਗ ਪਏ । ਆਪ ਦਾ ਜੀਵਨ ਨਾਮ ਨਾਲ ਅੰਦਰੋਂ ਬਾਹਰੋਂ ਚਮਕ ਉਠਿਆ । ਹੌਲੀ ਹੌਲੀ ਆਪ ਨੇ ਆਪਣੇ ਪਿਤਾ ਜੀ ਵਾਲਾ ਨਿਯਮ ਹੀ ਅਪਨਾ ਲਿਆ ਕਿ ਜਦੋਂ ਤਕ ਗੁਰੂ ਗਰੰਥ ਸਾਹਿਬ ਜੀ ਦੇ ਦਰਸ਼ਨ ਨਾ ਕਰ ਲੈਂਦੇ ਅਤੇ ਪਾਠ ਨਾ ਕਰ ਲੈਂਦੇ, ਉਦੋਂ ਤਕ ਪ੍ਰਸ਼ਾਦਿ ਨਾ ਛਕਦੇ ।

ਆਪ ਨੇ ਸਿੱਖ ਧਰਮ ਦਾ ਪਰਚਾਰ ਬਹੁਤ ਦੂਰ ਦੂਰ ਤਕ ਕੀਤਾ । ਪਰਚਾਰ ਕਰਦੇ ਹੋਏ ਆਪ ਸਣੇ ਪਰਵਾਰ ਸ੍ਰੀ ਅਨੰਦਪੁਰ ਸਾਹਿਬ ਜਾ ਪਹੁੰਚੇ । ਉਥੇ ਆਪ ਨੇ ਆਪਣੀ ਮਾਤਾ ਜੀ ਦੀ ਪ੍ਰੇਰਨਾ ਨਾਲ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ । ਇਥੇ ਆਪ ਦਾ ਮਨ ਬਹੁਤ ਲਗ ਗਿਆ ਅਤੇ ਕਈ ਦਿਨ ਇਥੇ ਠਹਿਰੇ । ਇਸ ਸਮੇਂ ਦੇ ਦੌਰਾਨ ਵਿਚ ਆਪ ਨੇ ਲੱਖਾਂ ਹੀ ਸਹਿਜ ਧਾਰੀਆਂ ਅਤੇ ਕੇਸਾ ਧਾਰੀਆਂ ਨੂੰ ਅੰਮ੍ਰਿਤ ਛਕਾਇਆ ।

ਅਨੰਦਪੁਰ ਸਾਹਿਬ ਵਿਖੇ ਰਹਿੰਦੇ ਹੋਇਆਂ ਹੀ ਮਾਤਾ ਜੀ ਨੇ ਆਪਣੇ ਬਟੇ ਤੋਂ ਆਗਿਆ ਮੰਗੀ ਕਿ ਹੁਣ ਮੇਰਾ ਅੰਤਮ ਸਮਾਂ ਆ ਗਿਆ ਹੈ, ਗੁਰੂ ਨਾਨਕ ਤੁਹਾਡੇ ਅੰਗ ਸੰਗ ਹੈ, ਮੈਨੂੰ ਆਗਿਆ ਦਿਉ ਤਾਂ ਜੋ ਮੈਂ ਆਪਣੇ ਕਰਤਾਰ ਪੁਰਖ ਦੇ ਚਰਨਾਂ ਵਿਚ ਜਾਕੇ ਵਾਸਾ ਕਰਾਂ। ਆਪ ਨੇ ਮਾਤਾ ਜੀ ਨੂੰ ਤਸੱਲੀ ਦਿੱਤੀ ਅਤੇ ਉਹਨਾਂ ਨੂੰ ਵਾਹਿਗੁਰੂ ਦਾ ਸਿਮਰਨ ਕਰਨ ਲਈ ਕਿਹਾ। ਮਾਤਾ ਜੀ ਨੇ ਇਸ਼ਨਾਨ ਕੀਤਾ, ਨਵੇਂ ਕਪੜੇ ਪਾਏ, ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਅੱਖਾਂ ਬੰਦ ਕਰ ਲਈਆਂ ਅਤੇ ਪ੍ਰਾਨ ਤਿਆਗ ਦਿਤੇ। ਆਪ ਦੀ ਆਯੂ ਹਾਲਾਂ 17 ਸਾਲਾਂ ਦੀ ਹੀ ਸੀ ਕਿ ਪਿਤਾ ਜੀ ਵੀ ਪ੍ਰਲੋਕ ਸਿਧਾਰ ਗਏ।

ਆਪ ਸਿਖ ਮਿਸਲਾਂ ਨੂੰ ਖਤਮ ਕਰਕੇ ਇਕ ਸਾਂਝਾ ਰਾਜ ਕਾਇਮ ਕਰਨਾ ਚਾਹੁੰਦੇ ਸੀ। ਅੰਤ ਉਹ ਇਸ ਕੰਮ ਵਿਚ ਵੀ ਸਫਲ ਹੋ ਗਏ, ਇਕ ਸਾਂਝੇ ਰਾਜ ਦੀ ਨੀਂਹ ਰੱਖੀ ਜਿਸ ਦਾ ਵਾਲੀ ਵਾਰਸ ਮਹਾਰਾਜਾ ਰਣਜੀਤ ਸਿੰਘ ਬਣਿਆ। ਆਪ ਨੇ ਸਿੱਖ ਧਰਮ ਦਾ ਪਰਚਾਰ ਕਰਨ ਲਈ ਸਾਰੇ ਪੰਜਾਬ, ਫ਼ਰੰਟੀਅਰ ਤੇ ਹੋਰ ਬੜੀ ਦੂਰ ਦੂਰ ਤਕ ਦਾ ਦੌਰਾ ਲਾਇਆ ਅਤੇ ਅਣਗਿਣਤ ਲੋਕਾਂ ਨੂੰ ਅੰਮ੍ਰਿਤ ਪਾਨ ਕਰਾਇਆ। ਦੁਆਬੇ ਅਤੇ ਮਾਝੇ ਦੀਆਂ ਸੰਗਤਾਂ ਵਿਚ ਜਿੰਨਾ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਬਾਬਾ ਜੀ ਨੇ ਕੀਤਾ, ਉਸ ਸਦਕਾ ਪੰਜਾਬ ਦੇ ਧਾਰਮਕ ਤੇ ਸਮਾਜਕ ਇਤਿਹਾਸ ਵਿਚ ਬਾਬਾ ਜੀ ਦਾ ਬੜਾ ਮਾਨ ਹੈ।

ਆਪ ਬੜੇ ਕਰਨੀ ਵਾਲੇ ਬਾਬਾ ਜੀ ਸਨ। ਆਪ ਨੇ ਅਨੰਦਪੁਰ ਸਾਹਿਬ ਵਿਖੇ ਹੀ, ਚੂਹੇ ਠਠਿਆਰ ਦੀ ਕਾਮਨਾ ਪੂਰੀ ਕੀਤੀ ਤੇ ਉਹ ਬੈਰਾਗੀ ਤੋਂ ਸਿੰਘ ਸਜ ਗਿਆ। ਉਸ ਦੇ ਘਰ ਔਲਾਦ ਨਹੀਂ ਸੀ ਹੁੰਦੀ। ਬਾਬਾ ਜੀ ਦੇ ਕਹਿਣ ਅਨੁਸਾਰ ਜਦੋਂ ਉਸ ਨੇ ਅੰਮ੍ਰਿਤ ਛਕ ਲਿਆ, ਸਿੰਘ ਸਜ ਗਿਆ ਤਾਂ ਪੂਰੇ ਸਾਲ ਬਾਦ ਉਹਦੇ ਘਰ ਵਾਹਿਗੁਰੂ ਨੇ ਪੁੱਤਰ ਬਖਸ਼ਿਆ। ਦੋ ਸਾਲ ਬਾਦ ਉਸ ਦੇ ਬਾਰ ਬਾਰ ਬੇਨਤੀ ਕਰਨ ਤੇ ਬਾਬਾ ਜੀ ਬਿਲਾਸਪੁਰ ਗਏ, ਉਥੇ ਵੀ ਆਪ ਨੇ ਕੀਰਤਨ ਸਮਾਗਮ ਰਚਾਇਆ। ਬੜੀ ਦੂਰ ਦੂਰ ਤੋਂ ਲੋਕੀਂ ਹੁਮ ਹੁਮਾ ਕੇ ਕੀਰਤਨ ਦਾ ਰਸ ਲੈਣ ਲਈ ਪਹੁੰਚੇ, ਇਥੋਂ ਦੀਆਂ ਚੰਚਲ ਇਸਤਰੀਆਂ ਬਹੁਤ ਪ੍ਰਸਿੱਧ ਸਨ। ਉਹ ਹਰ ਸਾਧੂ ਮਹਾਤਮਾ ਨੂੰ ਡੋਰੇ ਪਾ ਕੇ ਕੱਸ ਲੈਂਦੀਆਂ ਸਨ। ਆਪ ਜੀ ਦੇ ਕੀਰਤਨ ਕਰਦੇ ਸਮੇਂ ਵੀ ਉਹ ਚੰਚਲ ਇਸਤਰੀਆਂ ਆਈਆਂ ਤੇ ਉਹਨਾਂ ਨੇ ਆਪਣੀ ਹਰ ਕੋਸ਼ਿਸ਼ ਕੀਤੀ ਪਰ ਬਾਬਾ ਜੀ ਦੀ ਨਜ਼ਰ ਉਤਾਂਹ ਨਾ ਹੋਈ, ਉਹਨਾਂ ਦੀ ਲਿਵ ਆਪਣੇ ਕੀਰਤਨ ਵਿਚ ਹੀ ਲਗੀ ਰਹੀ। ਅੰਤ ਜਦੋਂ ਉਹ ਮੱਥਾ ਟੇਕਣ ਆਈਆਂ ਤਾਂ ਬਾਬਾ ਜੀ ਨੇ ਉਹਨਾਂ ਨੂੰ ਗੁਰਬਾਣੀ ਪੜ੍ਹਨ ਦਾ, ਅੰਮ੍ਰਿਤ ਛਕਣ ਦਾ ਅਤੇ ਵਾਹਿਗੁਰੂ ਦਾ ਜਾਪ ਜਪਣ ਦਾ ਉਪਦੇਸ਼ ਦਿੱਤਾ। ਇਸ ਤੋਂ ਉਹਨਾਂ ਦਾ ਜੀਵਨ ਸੁਧਰ ਗਿਆ। ਉਥੇ ਹੀ ਉਹਨਾਂ ਨੇ ਕਈ ਬੈਰਾਗੀ ਬਾਣਿਆਂ ਦੇ ਪਖੰਡ ਦੂਰ ਕੀਤੇ।

ਆਪ ਦੇ ਜੀਵਨ ਦਾ ਮੁੱਖ ਨਿਸ਼ਾਨਾ ਸੱਚੇ ਸਿੱਖੀ ਜੀਵਨ ਦਾ ਪਰਚਾਰ ਕਰਨਾ ਸੀ, ਹਰ ਸਿੰਘ ਨੂੰ ਅੰਮ੍ਰਿਤ ਛਕਾਉਣਾ ਸੀ, ਹੰਕਾਰੀਆਂ ਤੇ ਨਿੰਦਕਾਂ ਦੇ ਹੰਕਾਰ ਨੂੰ ਦੂਰ ਕਰਕੇ ਉਨ੍ਹਾਂ ਨੂੰ ਨਿੰਮ੍ਰਤਾ ਵਿਚ ਜੀਊਣ ਦੀ ਜਾਚ ਦਸਣੀ ਸੀ। ਆਪ ਵੀ ਇਸੇ ਗੱਲ ਤੇ ਅਮਲ ਕਰਦੇ ਸਨ :—

"ਨੀਚ ਅੰਦਰ ਨੀਚ ਜਾਤਿ, ਨੀਚੀ ਹੂੰ ਅਤਿ ਨੀਚ ॥
ਨਾਨਕ ਤਿਨ ਕੈ ਸੰਗ ਸਾਥ, ਵਡਿਆਂ ਸਿਉਂ ਕਿਆ ਰੀਸ ॥
ਜਿਥੈ ਨੀਚ ਸਮਾਲੀਅਨ, ਤਿਥੈ ਨਦਰਿ ਤੇਰੀ ਬਖਸੀਸ ॥"

ਆਪ ਨੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਕਰਤਾਰਪੁਰ, ਡੇਰਾ ਬਾਬਾ ਨਾਨਕ ਅਤੇ ਸ੍ਰੀ ਅਨੰਦਪੁਰ ਸਾਹਿਬ ਆਦਿ ਗੁਰੂ ਸਥਾਨਾਂ ਦੀ ਯਾਤਰਾ ਬਹੁਤ ਵਾਰੀ ਕੀਤੀ ਤੇ ਆਪ ਜੀ ਦੀ ਸਿਖਿਆ ਮਾਨਵ ਜਾਤੀ ਲਈ ਬੜੀ ਗੌਰਵ ਵਾਲੀ ਸੀ।

ਸੰਮਤ 1891 ਵਿਚ ਊਨੇ ਦੇ ਸਥਾਨ ਤੇ ਬਾਬਾ ਜੀ ਸਵਰਗਵਾਸ ਹੋ ਗਏ। ਉਥੇ ਆਪ ਜੀ ਦੀ ਸਮਾਧ ਵੀ ਬਣੀ ਹੋਈ ਹੈ। ਆਪ ਤੋਂ ਬਾਦ ਆਪ ਦੇ ਖਾਨਦਾਨ ਦੀਆਂ ਦੋ ਸ਼ਾਖਾਂ ਬਣ ਗਈਆਂ। ਇਕ ਬਾਬਾ ਬਿਸ਼ਨ ਸਿੰਘ ਦੀ ਸ਼ਾਖ ਅਤੇ ਦੂਸਰੀ ਬਾਬਾ ਬਿਕਰਮ ਸਿੰਘ ਜੀ ਦੇ ਨਾਂ ਤੇ। ਇਹ ਦੋਵੇਂ ਆਪ ਦੇ ਹੀ ਸਪੁੱਤਰ ਸਨ। ਅਜ ਕਲ ਬਾਬਾ ਮਧੂਸੂਦਨ ਸਿੰਘ ਜੀ ਹਨ ਜੋ ਉਹਨਾਂ ਦੇ ਊਨਾ ਸਾਹਿਬ ਵਾਲੇ ਸਿਖ ਧਰਮ ਪ੍ਰਚਾਰ ਕੇਂਦਰ ਦੀ ਸੇਵਾ ਕਰਦੇ ਹਨ।

# ਬਾਬਾ ਸਾਹਿਬ ਸਿੰਘ ਬੇਦੀ ਜੀ ਦੀਆਂ ਪ੍ਰਾਪਤੀਆਂ

ਸ੍ਰੀ ਮਾਨ :—ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਐਮ. ਏ. ਨਵੀਂ ਦਿਲੀ

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਤੇ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਸਿਖ ਧਰਮ ਨੇ ਅਣਗਿਣਤ 'ਗੁਰਸਿੱਖ'-ਸ਼ਖ਼ਸੀਅਤਾਂ ਨੂੰ ਜਨਮ ਦਿਤਾ ਹੈ। ਸਿੱਖ ਧਰਮ ਦੇ 'ਕਰਤਾ-ਪੁਰਖ' ਭਾਵੇਂ ਦਸ ਗੁਰੂ-ਸ਼ਖਸੀਅਤਾਂ ਹਨ, ਪਰ ਜਿਸ ਨੂੰ 'ਸਿੱਖ ਧਰਮ' ਆਖਿਆ ਜਾਂਦਾ ਹੈ, ਉਸ ਵਿਚ ਪ੍ਰਮੁੱਖ ਆਤਮਾ ਤੇ ਉਪਦੇਸ਼ ਗੁਰੂ-ਸਾਹਿਬਾਨ ਦਾ ਹੀ ਹੈ। ਗੁਰੂ ਸਾਹਿਬਾਨ ਦਾ ਗੁਰੂ-ਤੱਵ ਸਰੀਰ ਉੱਤੇ ਆਧਾਰਤ ਨਹੀਂ, ਬਲਕਿ ਜੋਤਿ ਤੇ ਉਪਦੇਸ਼ ਉੱਤੇ ਆਧਾਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬਾਣੀ' ਗੁਰੂ-ਜੋਤਿ ਤੇ ਗੁਰੂ-ਉਪਦੇਸ਼ ਦਾ ਹੀ ਪ੍ਰਗਟਾਵਾ ਹੈ। ਗੁਰੂ-ਜੋਤਿ ਤੇ ਗੁਰੂ-ਉਪਦੇਸ਼ਾਂ ਮੁਤਾਬਿਕ ਜੀਵਨ ਵਿਚ ਵਿਚਰਨ ਵਾਲਾ ਹੀ 'ਗੁਰਸਿੱਖ' ਅਖਵਾਂਦਾ ਹੈ। ਗੁਰੂ ਸਾਹਿਬਾਨ ਨੇ ਆਪਣੀ ਹੋਂਦ ਵੇਲੇ ਵੀ ਜਿਹੜੇ ਗੁਰਸਿੱਖ ਜਾਂ ਸ਼ਰਧਾਲੂ ਸਿੱਖ ਬਣਾਏ, ਉਹਨਾਂ ਵਾਸਤੇ ਗੁਰੂਆਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੇ ਉਹਨਾਂ ਦੀ ਸਮਾਜਕ-ਕਿਰਿਆ ਆਕਰਖਿਤ ਸ਼ਕਤੀ ਰਖਦੀ ਹੋਵੇਗੀ, ਪਰ 'ਗੁਰਸਿੱਖ' ਪਦਵੀ ਉਸੇ ਨੂੰ ਪ੍ਰਾਪਤ ਹੁੰਦੀ ਸੀ, ਜਿਹੜਾ ਗੁਰ-ਜੋਤਿ ਤੇ ਗੁਰੂ-ਉਪਦੇਸ਼ ਮੁਤਾਬਿਕ ਆਪਣੇ ਜੀਵਨ ਨੂੰ ਢਾਲ ਲੈਂਦਾ ਹੈ। ਗੁਰੂਆਂ ਦੀ ਸਰੀਰਕ-ਬਣਤਰ ਇਸ ਪੱਖ ਵਿਚ ਵਿਸ਼ੇਸ਼ ਨਹੀਂ ਸਵੀਕਾਰੀ ਜਾਂਦੀ। ਭਾਈ ਗੁਰਦਾਸ ਨੇ ਆਪਣੀ ਯਾਰਵੀਂ ਵਾਰ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਤਕ ਦੇ ਅਨੇਕ ਸਿੱਖਾਂ ਦੇ ਨਾਮ ਵਰਣਨ ਕੀਤੇ ਹਨ। ਪਰ ਜੇ ਭਾਈ ਗੁਰਦਾਸ ਨੇ ਪਹਿਲਾਂ ਕਿਸੇ ਨੂੰ 'ਗੁਰਸਿੱਖ' ਪੱਦ ਪ੍ਰਦਾਨ ਕੀਤਾ ਹੈ, ਤਾਂ ਉਹ ਕੇਵਲ ਭਾਈ ਲਹਿਣਾ ਹੈ, ਜਿਹੜਾ ਗੁਰੂ ਨਾਨਕ ਦੇਵ ਜੀ ਦੀ ਜੋਤਿ ਵਿਚ ਆਪਣੇ ਆਪ ਨੂੰ ਇਕ ਸੁਰ ਵੀ ਕਰ ਲੈਂਦਾ ਹੈ, ਤੇ ਗੁਰੂ-ਉਪਦੇਸ਼ਾਂ ਅਨੁਸਾਰ ਆਪਣੇ ਜੀਵਨ ਨੂੰ ਵੀ ਢਾਲ ਲੈਂਦਾ ਹੈ। ਇਸੇ ਪ੍ਰਸੰਗ ਵਿਚ ਭਾਈ ਗੁਰਦਾਸ ਨੇ ਸਰਬ ਗੁਰੂ-ਸ਼ਖਸੀਅਤਾਂ ਨੂੰ (ਗੁਰੂ ਅੰਗਦ ਦੇਵ ਤੋਂ ਲੈ ਕੇ ਗੁਰੂ ਹਰਗੋਬਿੰਦ ਜੀ ਤਕ) 'ਗੁਰਸਿੱਖ' ਪੱਦ ਪ੍ਰਦਾਨ ਕੀਤਾ ਹੈ :—

"ਸਤਿਗੁਰ ਨਾਨਕ ਦੇਉ ਆਪ ਉਪਾਇਆ ॥
ਗੁਰ ਅੰਗਦ 'ਗੁਰਸਿੱਖ' ਬਬਾਣੇ ਆਇਆ ॥
'ਗੁਰਸਿੱਖ' ਹੈ ਗੁਰ ਅਮਰ ਸਤਿਗਰ ਭਾਇਆ ॥
ਰਾਮਦਾਸ 'ਗੁਰਸਿੱਖ' ਗੁਰ ਸਦਵਾਇਆ ॥
ਗੁਰੂ ਅਰਜਨ 'ਗੁਰਸਿੱਖ' ਪ੍ਰਗਟੀ ਆਇਆ ॥
'ਗੁਰਸਿੱਖ' ਹਰਿ ਗੋਬਿੰਦ ਨ ਲੁਕੈ ਲੁਕਾਇਆ ॥

—ਵਾਰ ੨੦, ਪਉੜੀ ੧

ਗੁਰੂ ਗੋਬਿੰਦ ਸਿੰਘ ਜੀ ਤਕ 'ਗੁਰ-ਬਾਣੀ' ਨੂੰ ਆਤਮਕ ਪੱਧਰ ਉੱਤੇ ਗੁਰੂ ਜੋਤ ਤੇ ਗੁਰੂ-ਉਪਦੇਸ਼ ਤਾਂ ਸਵੀਕਾਰ ਕੀਤਾ ਜਾਂਦਾ ਸੀ, ਪਰ ਇਤਿਹਾਸਕ ਤੌਰ ਤੇ ਇਸ ਨੂੰ 'ਗੁਰੂ-ਵਰ' ਸ਼ਾਇਦ ਪ੍ਰਾਪਤ ਨਹੀਂ ਸੀ ਹੋਇਆ। 'ਗੁਰੂ' ਸਮਾਜਕ-ਕਿਰਿਆਂ ਵਿਚ ਗੁਰੂ-ਸ਼ਖਸੀਅਤਾਂ ਨੂੰ ਸਵੀਕਾਰ ਕੀਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਆਪਣੇ 'ਆਪਾ' ਨੂੰ ਖਾਲਸਾ-ਪੰਥ ਵਿਚ ਵਿਲੀਨ ਕਰ ਦਿਤਾ, ਤੇ ਅਖੀਰ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ (ਗੁਰੂ) ਗਰੰਥ ਸਾਹਿਬ ਦੀ ਤਾਬਿਆ ਵਿਚ ਇਸ ਖਾਲਸਾ-ਪੰਥ ਨੂੰ ਕਰ ਦਿੱਤਾ, ਤਾਂ ਇਸ ਤਰ੍ਹਾਂ 'ਗੁਰੂ-ਜੋਤਿ' ਦਾ ਸਰੀਰ ਤਾਂ ਸੰਸਾਰ ਦੀ ਕਾਰ ਵਾਂਗੂੰ ਨਾਸ਼ ਹੋ ਗਿਆ, ਪਰ "ਗੁਰੂ-ਤੱਤ" 'ਗੁਰੂ-ਬਾਣੀ' ਨੂੰ ਪ੍ਰਾਪਤ ਹੋ ਗਿਆ ਹੈ। 'ਗੁਰੂ-ਬਾਣੀ' ਸਹੀ ਅਰਥਾਂ ਵਿਚ 'ਧਰਮ' ਦਾ ਆਤਮਕ, ਸਮਾਜਕ, ਰਾਜਨੀਤਕ, ਆਰਥਕ ਤੇ ਕਲਾਤਮਕ-ਪੱਖ ਪੇਸ਼ ਕਰਦੀ ਹੈ; ਚੂੰਕਿ ਗੁਰੂ-ਬਾਣੀ ਵਿਚ ਧਰਮ ਦਾ ਨਿਰੂਪਣ ਗੁਰੂ-ਜੋਤਿ ਨੇ ਕੀਤਾ ਹੈ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ 'ਸ੍ਰੀ ਗੁਰੂ ਗਰੰਥ

ਸਾਹਿਬ' ਦੀ ਜੋਤਿ ਤੇ ਸਿਖਿਆ ਮੁਤਾਬਿਕ ਜਿਹੜਾ ਜੀਵਨ ਵਿਚ ਵਿਚਰਦਾ ਹੈ, ਉਹ ਵੀ 'ਗੁਰਸਿੱਖ' ਹੈ, ਕਿਉਂਕਿ ਉਹ ਗੁਰੂ-ਸਿਖਿਆ ਨੂੰ ਪ੍ਰਮੁੱਖ ਮੰਨ ਰਿਹਾ ਹੈ। 18ਵੀਂ, 19ਵੀਂ ਤੇ 20ਵੀਂ ਸਦੀ ਵਿਚ ਵੀ ਸਿੱਖ ਧਰਮ ਨੇ ਅਣਗਿਣਤ 'ਗੁਰਸਿੱਖ-ਸ਼ਖਸੀਅਤਾਂ' ਨੂੰ ਜਨਮ ਦਿਤਾ ਹੈ, ਜਿਨ੍ਹਾਂ ਦੀ ਪ੍ਰਤਿਭਾ-ਪ੍ਰਭਾਵਸ਼ੀਲਤਾ, ਧਰਮ, ਸਮਾਜ ਤੇ ਰਾਜਨੀਤਕ-ਕਿਰਿਆ ਵਿਚ ਪ੍ਰਾਪਤ ਕੀਤੀ ਵਿਸ਼ੇਸ਼ ਪ੍ਰਾਪਤੀ, ਤੇ ਇਤਿਹਾਸਕ-ਵਿਸ਼ੇਸ਼ਤਾ ਨੂੰ ਨਾ ਤਾਂ ਹਾਲਾਂ ਤਕ ਸਵੀਕਾਰ ਕੀਤਾ ਗਿਆ ਹੈ, ਅਤੇ ਨਾ ਹੀ ਇਹਨਾਂ 'ਗੁਰਸਿੱਖ-ਸ਼ਖਸੀਅਤਾਂ ਦਾ ਪੂਰਨ ਇਤਿਹਾਸ ਹੀ ਤਿਆਰ ਕੀਤਾ ਗਿਆ ਹੈ।

"ਬਾਬਾ ਸਾਹਿਬ ਸਿੰਘ ਜੀ ਬੇਦੀ" 18ਵੀਂ ਸਦੀ ਦੇ ਅਖ਼ੀਰ ਤੇ 19ਵੀਂ ਸਦੀ ਦੇ ਸ਼ੁਰੂ ਦੀ ਬੜੀ ਪ੍ਰਸਿੱਧ ਰਾਜ-ਜੋਗੀ ਸ਼ਖਸੀਅਤ ਹੈ। ਸਰੀਰਕ-ਬਣਤਰ ਵਿਚ ਸੁੰਦਰ ਤੇ ਪ੍ਰਭਾਵਸ਼ਾਲੀ, ਚਿਹਰੇ ਮੁਹਰੇ ਤੋਂ ਰੋਹਬ-ਦਾਬ ਵਾਲੀ, ਸੁਭਾ ਵਿਚ ਮਿੱਠਤ ਨਾਲ ਭਰਪੂਰ, ਵਿਹਾਰ ਵਿਚ ਅਤਿ ਨਿੰਮ੍ਰਤਾ ਵਾਲੀ, ਪੂਰਨ ਤੇ ਗੁਰਸਿੱਖ-ਸ਼ਖਸੀਅਤ ਹੈ, ਜਿਹੜੀ ਅਣਗਿਣਤ 'ਗੁਰਸਿੱਖ-ਸ਼ਖਸੀਅਤਾਂ' ਵਾਂਗ ਹਾਲਾਂ ਤਕ, ਸਹੀ ਰੂਪ ਵਿਚ ਧਰਮ ਤੇ ਸਿਖ ਇਤਿਹਾਸ ਦਾ ਸ਼ਿੰਗਾਰ ਨਹੀਂ ਬਣ ਸਕੀ ; 'ਗੁਰ ਸੰਦੇਸ਼' ਦੇ ਪ੍ਰਬੰਧਕਾਂ ਵਲੋਂ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਸ਼ਖਸੀਅਤ ਤੇ ਚਰਿੱਤਰ ਨੂੰ ਉਜਾਗਰ ਕਰਨ ਵਿਚ ਜੋ ਹਰ ਸਾਲ ਸਾਹਿੱਤਕ ਹਿੱਸਾ ਪਾਇਆ ਜਾ ਰਿਹਾ ਹੈ, ਉਸ ਲਈ ਗੁਰ-ਸੰਦੇਸ਼ ਦੇ ਅਧਿਕਾਰੀ ਵਧਾਈ ਦੇ ਪਾਤਰ ਹਨ। ਜੇ 'ਖਾਲਸਾ-ਪੰਥ' ਆਪਣੀਆਂ ਮਹਾਨ, ਪਰ-ਉਪਕਾਰੀ ਤੇ ਪੂਰਨ ਗੁਰਸਿੱਖ ਸਖਸੀਅਤਾਂ ਦਾ ਵਾਰਿਸ ਨਹੀਂ ਬਣੇਗਾ, ਤਾਂ ਖਾਲਸਾ-ਪੰਥ ਨੂੰ ਵੀ ਸਮਝ ਲੈਣਾ ਚਾਹੀਦਾ ਹੈ, ਕਿ ਉਹਨਾਂ ਦਾ ਭਵਿੱਖ ਸੁਨਹਿਰੀ ਤੇ ਉੱਜਲਾ ਨਹੀਂ ਬਣ ਸਕੇਗਾ । ਸਿਖ ਧਰਮ ਸ਼ਖਸੀਅਤ ਜਾਂ ਸ਼ਖਸੀ-ਪੂਜਾ ਦਾ ਹਾਮੀ ਨਹੀਂ, ਪਰ ਬਾਬਾ ਸਾਹਿਬ ਸਿੰਘ ਜੀ ਬੇਦੀ ਵਰਗੇ ਅਣਗਿਣਤ 'ਗੁਰਸਿੱਖ' ਖਾਲਸਾ-ਪੰਥ ਦੀ ਮਹਾਨ ਜਾਇਦਾਦ ਹਨ, ਕੌਮੀ-ਇਤਿਹਾਸ ਦੇ ਨਿਰਮਾਤਾ ਹਨ, ਸਿਖ ਧਰਮ ਨੂੰ ਅਮਲ ਤੇ ਅਭਿਆਸ ਪੱਧਰ ਉੱਤੇ ਜੀਉਂਦਾ ਰੱਖਣ ਦੀ ਅਦੁੱਤੀ ਮਿਸਾਲ ਹਨ। ਭੂਤ ਦਾ ਗੌਰਵਸ਼ੀਲ ਇਤਿਹਾਸ ਤੇ ਗੌਰਵ-ਸ਼ੀਲ ਸ਼ਖਸੀਅਤਾਂ ਹੀ ਵਰਤਮਾਨ ਤੇ ਭਵਿਖ ਵਿਚ ਕਿਸੇ ਕੌਮ ਜਾਂ ਧਰਮ ਨੂੰ ਜ਼ਿੰਦਾ ਰਖ ਸਕਦੀਆਂ ਹਨ। ਬਾਬਾ ਸਾਹਿਬ ਸਿੰਘ ਜੀ ਬੇਦੀ ਉਹਨਾਂ ਵਿਸ਼ੇਸ਼ ਹਸਤੀਆਂ ਵਿਚੋਂ ਹਨ, ਜਿਨ੍ਹਾਂ ਨੇ ਸਿੱਖ ਰਾਜ ਦੀ ਉਸਾਰੀ ਵਿਚ ਖਾਸ ਹਿੱਸਾ ਪਾਇਆ ਹੈ। ਜੇ ਇਹ ਵੀ ਕਹਿ ਦਿਤਾ ਜਾਏ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਗੱਦੀ ਜੋਗ ਵਧੇਰੇ ਸਿੱਧ ਕਰਨ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਆਦਰਸ਼ਕ ਪ੍ਰਤਿਭਾ ਤੇ ਪ੍ਰਚੱਲਤ ਪ੍ਰਭੁਤਾ ਦਾ ਵੀ ਬੜਾ ਪ੍ਰਭਾਵ ਹੈ, ਤਾਂ ਇਸ ਵਿਚ ਕੋਈ ਅਤਿਕਥਣੀ ਨਹੀਂ। ਮਹਾਰਾਜਾ ਸਾਹਿਬ ਦੇ ਪਰਿਵਾਰ ਵਿਚ ਤੇ ਵਿਸ਼ੇਸ਼ ਤੌਰ ਤੇ ਖਾਲਸੇ ਦੀਆਂ 12 ਮਿਸਲਾਂ ਵਿਚ ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਅਤਿ ਸਤਿਕਾਰ ਸੀ। ਸਰਬੱਤ ਖਾਲਸਾ ਤੇ ਵਿਸ਼ੇਸ਼ ਤੌਰ ਤੇ ਪੰਜਾਬੀ ਹਿੰਦੂ ਤੇ ਮੁਸਲਮਾਨ ਵੀ ਉਹਨਾਂ ਦੀ 'ਰਾਜ-ਜੋਗੀ' ਸ਼ਖਸੀਅਤ ਦੀ ਅਥਾਹ ਕਦਰ ਕਰਦੇ ਸਨ। ਬਾਬਾ ਸਾਹਿਬ ਸਿੰਘ ਜੀ ਬੇਦੀ ਆਪਣੇ ਸਮੇਂ ਦੀ ਅਤਿ ਪ੍ਰਸਿੱਧ ਤੇ ਸੱਚੀ ਤੇ ਸੁੱਚੀ ਸ਼ਖਸੀਅਤ ਦਾ ਪ੍ਰਭਾਵ ਰੱਖਣ ਵਾਲੇ ਵਿਅਕਤੀ ਸਨ।

ਬਾਬਾ ਸਾਹਿਬ ਸਿੰਘ ਜੀ ਬੇਦੀ ਭਾਵੇਂ ਗੁਰੂ ਨਾਨਕ-ਬੰਸ ਦੀ (ਖਾਨਦਾਨੀ-ਬੰਸਾਵਲੀ ਮੁਤਾਬਿਕ) ਯਾਰਵੀਂ ਪੀੜ੍ਹੀ ਦੇ ਪ੍ਰਤੀਨਿਧ ਤੇ ਪ੍ਰਸਿੱਧ ਗੁਰਸਿੱਖ ਹਨ। ਪਰ 'ਬਾਬਾ' ਪੱਦ ਦਾ ਮਾਣ ਉਹਨਾਂ ਨੂੰ ਵਿਸ਼ੇਸ਼ ਰੂਪ ਵਿਚ 'ਬਾਬਾ' ਸ਼ਖਸੀਅਤ ਕਰ ਕੇ ਹੀ ਪ੍ਰਾਪਤ ਹੋਇਆ ਹੋਵੇਗਾ । 'ਬਾਬਾ' ਭਾਵੇਂ ਉਮਰ ਦੇ ਵਧ ਜਾਣ ਨਾਲ ਇਕ ਬਜ਼ਰਗ ਨੂੰ ਵੀ ਆਖਿਆ ਜਾਂਦਾ ਹੈ, ਪਰ ਸਰਬ ਬਜ਼ੁਰਗਾਂ ਨੂੰ ਮਰ ਜਾਣ ਤੋਂ ਬਾਅਦ 'ਬਾਬਾ' ਪੱਦ ਨਾਲ ਯਾਦ ਨਹੀਂ ਕੀਤਾ ਜਾਂਦਾ। 'ਬਾਬਾ' ਪੱਦ ਪੰਜਾਬ ਵਿਚ ਵਿਸ਼ੇਸ਼ ਹਸਤੀਆਂ ਦਾ ਪ੍ਰਤੀਕ ਹੈ। ਇਤਿਹਾਸਕ ਤੌਰ ਤੇ ਫ਼ਰੀਦ ਜੀ, ਗੁਰੂ ਨਾਨਕ ਦੇਵ ਜੀ, ਬੁੱਢਾ ਜੀ ਤੇ ਗੁਰੂ ਤੇਗ ਬਹਾਦਰ ਜੀ ਨੂੰ 'ਬਾਬਾ' ਪਦ ਨਾਲ ਯਾਦ ਕੀਤਾ ਜਾਂਦਾ ਹੈ। 'ਬਾਬਾ' ਪਦ ਦਾ ਅਰਥ-ਭਾਵ ਹੈ, "ਵੱਡਾ, ਬਜ਼ੁਰਗ, ਉੱਚੀ ਬੁੱਧੀ ਤੇ ਉੱਚੇ ਚਾਲ ਚਲਣ ਵਾਲਾ, ਪਿਤਾ ਸਮਾਨ ਪੂਜਣ ਜੋਗ।" ਬਾਬਾ ਸਾਹਿਬ ਸਿੰਘ ਜੀ ਬੇਦੀ ਵੱਡੇ ਵੀ ਸਨ, ਆਤਮਕ ਗੁਣਾਂ ਕਰ ਕੇ, ਬਜ਼ੁਰਗ ਵੀ ਸਨ,-ਪ੍ਰੌੜ ਉਮਰ ਕਰ ਕੇ, ਉੱਚੀ ਬੁੱਧੀ ਵਾਲੇ ਵੀ ਸਨ-ਨੇਕੀ ਬਦੀ ਦੀ ਪਛਾਣ ਕਰ ਕੇ, ਉੱਚੇ ਚਾਲ ਚਲਣ ਦੇ ਮਾਲਕ ਵੀ ਸਨ-ਜ਼ਿੰਦਗੀ ਦੇ ਸੋਹਣੇ ਤੇ ਸੁਚੱਜੇ

ਵਿਹਾਰ ਕਰ ਕੇ, ਤੇ ਪਿਤਾ ਸਮਾਨ ਪੂਜਣ-ਯੋਗ ਵੀ ਸਨ, ਸਤਿਕਾਰ ਤੇ ਪਿਆਰ-ਭਰਪੂਰ ਹਸਤੀ ਕਰ ਕੇ ਬਾਬਾ ਸਾਹਿਬ ਸਿੰਘ ਬੇਦੀ ਜੀ ਨੂੰ 'ਬਾਬਾ' ਪਦ ਨਾਲ ਯਾਦ ਕਰਨਾ, ਉਹਨਾਂ ਦੀ ਵਿਸ਼ੇਸ਼ ਤੇ ਮਹਾਨ ਸ਼ਖਸੀਅਤ ਨੂੰ ਪ੍ਰਣਾਮ ਕਰਨ ਦੇ ਤੁਲ ਹੈ, ਉਹਨਾਂ ਦੀ ਅਤਿ ਆਭਾ ਵਾਲੀ ਸ਼ਖਸੀਅਤ ਨੂੰ ਉਜਾਗਰ ਕਰਨ ਦਾ ਯਤਨ ਹੈ। ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਸ਼ਖਸੀਅਤ ਸੱਚ ਮੁੱਚ ਹੀ 'ਗੁਰੂ ਨਾਨਕ-ਸੰਕਲਪ' ਵਿਚ ਇਕ ਮਹਾਨ ਜੋਗੀ ਦੀ ਸ਼ਖਸੀਅਤ ਸੀ। ਜਿਵੇਂ ਗੁਰੂ ਨਾਨਕ ਦੇਵ ਦਾ ਚਿਤਰਿਆ 'ਯੋਗੀ' ਕੰਵਲ ਫੁਲ ਦੀ ਨਿਆਈਂ ਰਹਿੰਦਾ ਹੈ, ਵਿਸ਼ੂ-ਗੰਦਲਾਂ ਤੋਂ ਉਦਾਸ ਤੇ ਨਿਰਾਸ ਰਹਿੰਦਾ ਹੈ, ਤ੍ਰਿਸ਼ਨਾਂ ਤੇ ਮੋਹ ਦੀ ਅਗਨਿ-ਭੱਠੀ ਤੋਂ ਸੁਤੰਤਰ ਰਹਿੰਦਾ ਹੈ। ਕੁਝ ਇਸੇ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਬੇਦੀ ਗ੍ਰਹਿਸਤੀ ਜੀਵਨ ਵਿਚ ਰਹਿੰਦੇ ਹੋਏ ਵੀ ਕੰਵਲ ਫੁਲ ਵਰਗੀ ਜ਼ਿੰਦਗੀ ਜੀਊਂਦੇ ਰਹੇ ਹਨ, ਵਿਸ਼ੂ-ਗੰਦਲਾਂ ਤੋਂ ਉਦਾਸ ਤੇ ਨਿਰਾਸ, ਤ੍ਰਿਸ਼ਨਾ ਤੇ ਮੋਹ ਤੋਂ ਬਿਲਕੁਲ ਸੁਤੰਤਰ ਜੀਵਨ ਵਿਚ ਵਿਚਰਦੇ ਰਹੇ ਹਨ। ਸੰਸਾਰ ਵਿਚ ਵਿਚਰਦਿਆਂ ਹੋਇਆਂ ਅਲਿਪਤ ਰਹਿਣਾ, ਅਸਲ ਵਿਚ ਇਹੋ ਇਕ ਸੱਚੇ ਜੋਗੀ ਦੀ ਪਹਿਚਾਣ ਹੈ। ਬਾਬਾ ਸਾਹਿਬ ਸਿੰਘ ਜੀ ਬੇਦੀ ਕੁਝ ਇਸੇ ਰੂਪ ਵਿਚ 'ਜੋਗੀ' ਸਵੀਕਾਰ ਕੀਤੇ ਜਾਂਦੇ ਹਨ।

ਬਾਬਾ ਸਾਹਿਬ ਸਿੰਘ ਜੀ ਬੇਦੀ ਰਾਜ-ਬਿਰਤੀਆਂ ਦੇ ਸੁਆਮੀ ਵੀ ਸਨ। ਸ਼ਾਇਦ ਇਸੇ ਕਰ ਕੇ ਉਹਨਾਂ ਨੂੰ 'ਰਾਜ-ਜੋਗੀ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਬਾਬਾ ਜੀ ਦਾ 'ਸਾਹਿਬ ਸਿੰਘ' ਨਾਮ ਰਾਜਸੀ ਬਿਰਤੀਆਂ ਦਾ ਪ੍ਰਤੀਕ ਹੈ। ਇਸਲਾਮੀ ਸ਼ਬਦਾਵਲੀ ਵਿਚ 'ਸਾਹਿਬ' ਰਾਜ-ਸ਼ਕਤੀ ਦਾ ਸੰਕੇਤ ਹੈ। ਪ੍ਰੰਥਾ ਮੁਤਾਬਿਕ ਭਾਵੇਂ ਇਹ ਮੰਨ ਲਿਆ ਜਾਂਦਾ ਹੈ, ਕਿ ਜਦੋਂ ਨਾਮ-ਸੰਸਕਾਰ ਦਾ ਸਮਾਗਮ ਕੀਤਾ ਗਿਆ ਤੇ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਯਾਚਨਾ ਕੀਤੀ ਗਈ ਤਾਂ ਸੁਭਾਵਕ ਹੀ ਪਹਿਲਾ ਪਦ 'ਸਾਹਿਬ' ਸੀ। ਪਹਿਲੇ ਪੱਦ ਦੇ ਮੁਤਾਬਿਕ ਹੀ ਇਹਨਾਂ ਦੇ ਬਜ਼ੁਰਗਾਂ ਨੇ ਇਹਨਾਂ ਦਾ ਨਾਮ 'ਸਾਹਿਬ ਸਿੰਘ' ਰਖ ਦਿੱਤਾ। 'ਸਾਹਿਬ' ਪੱਦ ਰਾਜ-ਸ਼ਕਤੀ ਦਾ ਪ੍ਰਤੀਕ ਵੀ ਹੈ, ਤੇ ਸਤਿਕਾਰ ਦਾ ਸੰਕੇਤ ਵੀ ਹੈ। ਬਾਬਾ ਸਾਹਿਬ ਸਿੰਘ ਜੀ ਬੇਦੀ ਦੀਆਂ ਬਿਰਤੀਆਂ ਭਾਵੇਂ ਕਿਸੇ ਰਾਜ-ਹਕੂਮਤ ਨੂੰ ਬਣਾਨ ਦੀਆਂ ਇੱਛਕ ਨਹੀਂ ਸਨ, ਪਰ ਰਾਜ-ਹਕੂਮਤ ਨੂੰ ਸੁਚੱਜਾ ਤੇ ਸੁਥਰਾ ਬਣਾਨ ਦੀਆਂ ਚਾਹਵਾਨ ਜ਼ਰੂਰ ਸਨ। ਨਾਲੇ ਆਪਣੇ ਸਮੇਂ ਦੇ ਰਾਜਿਆਂ ਜਾਂ ਹਕੂਮਤ-ਵਾਰਿਸਾਂ ਵਿਚਕਾਰ ਵੀ ਬਾਬਾ ਜੀ ਦੀ ਹਸਤੀ ਦਾ ਬੜਾ ਸਤਿਕਾਰ ਕੀਤਾ ਜਾਂਦਾ ਸੀ। ਬਾਰਾਂ ਮਿਸਲਾਂ ਨੂੰ ਅਖੰਡ ਪਰਵਾਹ ਵਿਚ ਵਿਚਰਣ ਵਾਸਤੇ ਪ੍ਰੇਰਨਾ, ਮਹਾਰਾਜਾ ਰਣਜੀਤ ਸਿੰਘ ਨੂੰ ਗੱਦੀ-ਤਿਲਕ ਪ੍ਰਦਾਨ ਕਰਨਾ, ਫਿਰ ਸਿਖ ਰਾਜ ਦੀ ਉਸਾਰੀ ਵਿਚ ਪ੍ਰਬੰਧਕਾਂ ਨੂੰ ਸਮੇਂ ਸਮੇਂ ਅਨੁਸਾਰ ਠੀਕ ਸੇਧ ਦੇਣਾ, ਇਹ ਘਟਨਾਵਾਂ ਬਾਬਾ ਸਾਹਿਬ ਸਿੰਘ ਬੇਦੀ ਦੀਆਂ ਰਾਜਸੀ-ਸੂਝ ਸਿਆਣਪ ਦੀਆਂ ਪ੍ਰਤੀਕ ਹਨ। ਜੇ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਸਮੁੱਚੀ ਜ਼ਿੰਦਗੀ ਦਾ ਸਰਵੇਖਣ ਕੀਤਾ ਜਾਵੇ, ਤਾਂ ਉਹ ਗੁਰਸਿਖ, ਰਾਜ-ਜੋਗੀ ਤਾਂ ਸਿਧ ਹੁੰਦੇ ਹੀ ਹਨ, ਸਗੋਂ ਉਹਨਾਂ ਦੀਆਂ ਪ੍ਰਾਪਤੀਆਂ ਵੀ ਅਤਿ ਤੇ ਵੱਡ ਮੁੱਲੀਆਂ ਹਨ। ਆਪਣੇ ਆਪ ਨੂੰ ਗੁਰੂ ਗਰੰਥ ਸਾਹਿਬ ਦੀ ਸਿਖਿਆ ਜਾਂ ਉਪਦੇਸ਼ ਮੁਤਾਬਿਕ ਗੁਰਸਿੱਖ ਬਣਾ ਲੈਣਾ, ਇਹ ਉਹਨਾਂ ਦੀਆਂ ਸਰਬ-ਪ੍ਰਾਪਤੀਆਂ ਦਾ ਗੁਣ-ਤੱਤ ਹੈ, ਉਹਨਾਂ ਦੀਆਂ ਪ੍ਰਾਪਤੀਆਂ ਦਾ ਸਰਵੋਤਮ ਪੱਖ ਹੈ। ਇਸੇ ਕਰ ਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਸਿਖ ਮੱਤ ਵਿਚ ਬੜਾ ਸਤਿਕਾਰ ਕੀਤਾ ਜਾਂਦਾ ਹੈ। ਜੇ "ਗੁਰ-ਸੰਦੇਸ਼" ਦੇ ਪ੍ਰਬੰਧਕਾਂ ਵਲੋਂ ਉਹਨਾਂ ਦੀ ਸਹੀ ਜੀਵਨੀ, ਉਹਨਾਂ ਦੀ ਸ਼ਖ਼ਸੀਅਤ ਦੀ ਵਡਿੱਤਣ, ਉਹਨਾਂ ਦੀ ਅਮਲੀ ਤੇ ਅਭਿਆਸੀ ਜੀਵਨ ਦੀਆਂ ਪ੍ਰਾਪਤੀਆਂ ਦਾ ਸਖੇਪ ਸਰਵੇਖਣ ਇਕ ਬੁਕਲੇਟ ਦੀ ਸ਼ਕਲ ਵਿਚ ਛਪਵਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਵੰਡਿਆ ਜਾਵੇ, ਤਾਂ ਖਾਲਸਾ-ਪੰਥ ਦਾ ਬੜਾ ਭਲਾ ਹੋ ਸਕਦਾ ਹੈ।

★ ★ ★ ★ ★ ★

# ਤੈਂ ਘਾਲ ਨਿਰਾਲੀ ਘਾਲੀ ਹੈ

ਵਲੋਂ :—ਸ: ਮਾਨ ਸਿੰਘ ਜੀ "ਖ਼ਾਲਸਾ" ਨਵੀਂ ਦਿਲੀ

—o—

ਧੰਨ ਧੰਨ ਬਾਬਾ ਸਾਹਿਬ ਸਿੰਘ, ਤੈਂ ਘਾਲ ਨਿਰਾਲੀ ਘਾਲੀ ਹੈ !
ਸੇਵਾ ਸਿਖੀ ਦੀ ਕਸਰ ਨ ਛਡੀ, ਤੈਂ ਚਾਲ ਨਿਰਾਲੀ ਚਾਲੀ ਹੈ !
ਅਜਪਾ ਜਾਪ ਦੇ ਨਾਮ ਨੂੰ ਜਪ ਕੇ, ਪੰਜਾਂ ਨੂੰ ਵਸ ਕਰ ਡਾਲੀ ਹੈ !
"ਲਬ ਲੋਭ ਹੰਕਾਰ ਤਜ ਤ੍ਰਿਸ਼ਨਾ", ਇਸ ਦੇਹੀ ਦੀ ਅਗਨੀ ਢਾਲੀ ਹੈ !

—o—

ਧੰਨ ਭਾਈ ਘਨੱਈਆ ਸਿੰਘ ਤੋਂ, ਸੰਥਾ ਸਚੀ ਸੰਭਾਲੀ ਹੈ !
ਸੱਜਣ ਦੁਸ਼ਮਣ ਸਮਦ੍ਰਿਸ਼ਟੀ ਦੀ, ਤੈਂ ਨਦਰ ਸਵੱਲੀ ਪਾਲੀ ਹੈ !
ਨਾਮ ਖ਼ੁਮਾਰੀ ਦਿਨੇ ਰਾਤ, ਚੇਹਰੇ ਤੇ ਲਾਲ ਗੁਲਾਲੀ ਹੈ !
ਬਣਿਆ ਆਗੂ ਸੇਵਾ ਪੰਥੀ, ਤੇ ਸਚਾ ਬੀਰ ਅਕਾਲੀ ਹੈ !

—o—

"ਕਾਮ, ਕਰੋਧ, ਹੰਕਾਰ, ਲੋਭ, ਹਠ, ਮੋਹ ਨਾ ਮੰਨ ਸਿਉ ਲਿਆਵੇ !
ਧੰਨ ਧੰਨ ਬਾਬਾ ਸਾਹਿਬ ਸਿੰਘ ਜੀ, ਸਚਿਖੰਡੀ ਨਾਮ ਜਪਾਵੇ !
ਵਾਹਿਗੁਰੂ ਵਾਹਿਗੁਰੂ ਧੁੰਨੀਆਂ ਲਾਵੇ, ਕੀਰਤਨ ਰੂਪ ਹੋ ਜਾਵੇ !
"ਕੀਰਤਨ ਨਿਰਮੋਲਕ ਹੀਰਾ", ਦੀ ੳਸਤਤ ਤੋਂ ਬਲ ਬਲ ਜਾਵੇ !

—o—

"ਜਤ ਕੀ ਜਟਾ ⌒ ਜੋਗ ਕੋ ਮਜਨੁ ਨੇਮ ਕੇ ਨਖਨ ਬਡਾਓ !
ਸੰਥਾ "੧ਓ" ਵਾਲੀ ਨਾਲ ਗੁਰ ਕਾ ਸ਼ਬਦ ਕਮਾਓ !
ਪਰ-ਉਪਕਾਰੀ, ਬੀਰ, ਬਹਾਦੁਰ, ਜਗ ਸਾਰੇ ਤੇ ਛਾਇਓ !
ਨਿੰਮਰਤਾ ਦਾ ਪੁੰਜ ਹੋਇ, ਫਿਰ ਜੋਤੀ ਜੋਤਿ ਸਮਾਇਓ !

—o—

### ਸਾਡੇ ਰਾਜ ਯੋਗੀ ਪਤਵੰਤੇ ਜਰਨੈਲ

# ਸ੍ਰੀ ਬਾਬਾ ਸਾਹਿਬ ਸਿੰਘ ਜੀ "ਬੇਦੀ"

ਸ੍ਰੀ ਮਾਨ :—ਗਿਆਨੀ ਭਜਨ ਸਿੰਘ ਜੀ, ਸਾਬਕਾ ਐਡੀਟਰ ਜਥੇਦਾਰ, ਜਲੰਧਰ

ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ, ਖ਼ਾਲਸਾ ਰਾਜ ਦੀ ਇਕ ਮਹਾਨ ਸ਼ਖਸੀਅਤ, ਉਤਮ ਧਾਰਮਕ ਜੀਵਨ ਵਾਲੇ ਤੇ ਪੂਰਨ ਸੰਤ ਸਿਪਾਹੀ ਜਰਨੈਲ ਸਨ। ਜਿਤਨੀ ਸਰਬ ਪੱਖੀ ਸ਼ਖਸੀਅਤ ਬਾਬਾ ਸਾਹਿਬ ਸਿੰਘ ਜੀ ਦੀ ਸੀ, ਸ਼ਾਇਦ ਹੀ ਹੋਰ ਕਿਸੇ ਵਿਅਕਤੀ ਦੀ ਹੋਵੇ। ਉਹਨਾਂ ਦੀ ਮਹਾਨਤਾ ਦਾ ਇਕ ਹੀ ਸਬੂਤ ਕਾਫੀ ਹੈ ਕਿ ਜਦ 1801 ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਮਹਾਰਾਜਗੀ ਮਿਲੀ ਤਾਂ ਤਿਲਕ ਲਾਉਣ ਤੇ ਸਾਰੀ ਰਸਮ ਅਦਾ ਕਰਨ ਦਾ ਮਾਣ ਬਾਬਾ ਸਾਹਿਬ ਸਿੰਘ ਜੀ ਨੂੰ ਨਸੀਬ ਹੋਇਆ। ਜਦ ਵੀ ਖ਼ਾਲਸੇ ਦੀ ਪ੍ਰਸਪਰ ਲੜਾਈ ਜਾਂ ਝਗੜਾ ਹੋਇਆ। ਬਾਬਾ ਸਾਹਿਬ ਸਿੰਘ ਜੀ ਨੂੰ ਸਾਰਿਆਂ ਨੇ ਸਾਲਸ ਮੰਨਿਆ ਤੇ ਉਹਨਾਂ ਦੇ ਨਿਰਨੇ ਦਾ ਪੂਰਾ ਪੂਰਾ ਸਤਿਕਾਰ ਕੀਤਾ।

ਬਹੁਤੇ ਲੋਕ ਬਾਬਾ ਸਾਹਿਬ ਸਿੰਘ ਜੀ ਨੂੰ ਇਕ ਧਾਰਮਕ ਜੀਵਨ ਵਾਲਾ ਸਮਝ ਕੇ ਹੀ ਸਤਿਕਾਰਦੇ ਸਨ, ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਉਹ ਜੰਗ ਦੇ ਮੈਦਾਨ ਵਿਚ ਇਕ ਸਫਲ ਸੂਰਬੀਰ ਤੇ ਕਾਮਯਾਬ ਜਰਨੈਲ ਵੀ ਸਨ। ਉਹਨਾ ਦੀ ਕਮਾਨ ਹੇਠ ਖ਼ਾਲਸੇ ਨੇ ਜਿਤਨੀਆਂ ਵੀ ਮੁਹਿੰਮਾਂ ਸ਼ੁਰੂ ਕੀਤੀਆਂ ਉਹਨਾਂ ਸਭ ਵਿਚ ਸਫਲਤਾ ਪ੍ਰਾਪਤ ਕਰਦੇ ਰਹੇ। ਉਹਨਾਂ ਨੂੰ ਸਿਖ ਜਰਨੈਲਾਂ ਦੀ ਲੜੀ ਦਾ ਕੀਮਤੀ ਮੋਤੀ ਆਖਿਆ ਜਾ ਸਕਦਾ ਹੈ।

ਬਾਬਾ ਸਾਹਿਬ ਸਿੰਘ ਜੀ ਦੁਆਬੇ ਦੇ ਨਗਰ ਊਨਾਂ ਦੇ ਜੰਮ ਪਲ ਸਨ। ਇਹਨਾਂ ਦੇ ਪਿਤਾ ਬਾਬਾ ਅਜੀਤ ਸਿੰਘ ਬਹੁਤ ਉਚੇ ਦਰਜੇ ਦੇ ਕਥਾਕਾਰ ਤੇ ਵਿਆਖਿਆਕਾਰ ਸਨ। ਗੁਰਮਤਿ ਦੀ ਕਥਾ ਉਹਨਾਂ ਨਾਲੋਂ ਉਸ ਸਮੇਂ ਚੰਗੀ ਹੋਰ ਕੋਈ ਨਹੀਂ ਸੀ ਕਰ ਸਕਦਾ। ਸਾਧਾਰਨ ਇਨਸਾਨ ਤਾਂ ਆਪ ਦੇ ਪ੍ਰਸੰਸਕ ਸਨ ਹੀ, ਕਈ ਪਹਾੜੀ ਰਾਜਿਆਂ ਨੇ ਵੀ ਆਪ ਤੋਂ ਪਰਮਾਰਥ ਬਾਰੇ ਜਾਣਕਾਰੀ ਲਈ ਤੇ ਇਹਨਾਂ ਨੂੰ ਜਾਗੀਰਾਂ ਦਿੱਤੀਆਂ। ਇਕ ਤਾਂ ਇਸ ਕਰਕੇ ਇਜ਼ਤ ਸੀ ਕਿ ਆਪ ਗੁਰੂ ਨਾਨਕ ਸਾਹਿਬ ਦੀ ਬੇਦੀ ਕੁਲ ਵਿਚੋਂ ਸਨ ਤੇ ਦੂਜਾ ਆਪ ਵਿਦਵਾਨ ਸਨ। ਬਾਬਾ ਸਾਹਿਬ ਸਿੰਘ ਜੀ ਨੂੰ ਗੁਰਮਤਿ ਗਿਆਨ ਤਾਂ ਪਿਤਾ ਤੋਂ ਵਿਰਸੇ ਵਿਚ ਹੀ ਮਿਲ ਗਿਆ। ਆਪ ਵੀ ਪਿਤਾ ਵਾਂਗ ਹੀ ਬਹੁਤ ਸੁੰਦਰ ਕਥਾ ਕਰਨ ਲਗ ਪਏ। ਦੂਰ ਦੂਰ ਤਕ ਲੋਕ ਆਪ ਨੂੰ ਉਚੇਚਾ ਧਾਰਮਕ ਸਮਾਗਮਾਂ ਵਿਚ ਲੈ ਕੇ ਜਾਂਦੇ ਤੇ ਇਹਨਾ ਤੋਂ ਸਿੱਖ ਧਰਮ ਤੇ ਗੁਰਬਾਣੀ ਦੀ ਜਾਣਕਾਰੀ ਪ੍ਰਾਪਤ ਕਰਦੇ। ਜਵਾਨੀ ਚੜ੍ਹਦਿਆਂ ਸ਼ਸਤਰ ਵਿਦਿਆ ਲਈ ਕਈ ਸਿਆਣੇ ਉਸਤਾਦਾਂ ਦਾ ਸੰਗ ਕੀਤਾ ਤੇ ਹਰ ਤਰ੍ਹਾਂ ਦੇ ਹਥਿਆਰ ਚਲਾਉਣ, ਘੋੜ ਸਵਾਰੀ ਤੇ ਤੇਗ਼ ਚਲਾਉਣ ਦੀ ਜਾਚ ਸਿਖ ਲਈ ਤੇ ਇਉਂ ਪੂਰਨ ਸੰਤ ਸਿਪਾਹੀ ਬਣ ਗਏ।

ਇਲਾਕੇ ਵਿਚ ਇਹ ਸਭ ਪਾਸੇ ਪ੍ਰਸਿੱਧ ਸੀ ਕਿ ਬਾਬਾ ਸਾਹਿਬ ਸਿੰਘ ਜੀ ਕਿਸੇ ਦਾ ਲਿਹਾਜ਼ ਨਹੀਂ ਕਰਦ, ਕਿਸੇ ਗਲਤ ਗੱਲ ਦੀ ਹਮਾਇਤ ਨਹੀਂ ਕਰਦੇ, ਸੱਚ ਦਾ ਪੂਰਾ ਪਹਿਰਾ ਦਿੰਦੇ ਹਨ। ਇਥੋਂ ਤਕ ਕਿ ਪਹਾੜੀ ਰਾਜੇ ਆਪਸ ਵਿਚ ਝਗੜੇ ਨਿਬੇੜਨ ਲਈ ਇਹਨਾਂ ਨੂੰ ਸਾਲਸ ਮਿਥਣ ਲਗ ਪਏ। ਇਕ ਵਾਰ ਇਹਨਾਂ ਨੇ ਜਸਵਾਲ ਤੇ ਸੰਤੋਖ ਗੜ੍ਹ ਦੇ ਰਾਜਿਆਂ ਵਿਚ ਉਸ ਸਮੇਂ ਸੁਲਹ ਕਰਾ ਦਿੱਤੀ। ਜਦ ਦੋਹਾਂ ਦੀਆਂ ਫੌਜਾਂ ਇਕ ਦੂਜੇ ਦੇ ਟਾਕਰੇ ਲਈ ਮੈਦਾਨ ਵਿਚ ਅਪੜ ਚੁਕੀਆਂ ਸਨ।

ਜਦ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ 1799 ਈਸਵੀ ਨੂੰ ਕਬਜ਼ਾ ਕੀਤਾ ਤਾਂ ਅਗਲੇ ਸਾਲ ਹੀ ਆਪਣੇ ਖ਼ਾਸ ਭਰੋਸੇ ਯੋਗ ਕਰਮਚਾਰੀ ਊਨੇ ਭੇਜੇ। ਜਿਹਨਾਂ ਰਾਹੀਂ ਬੇਨਤੀ ਕੀਤੀ ਕਿ ਬਾਬਾ ਸਾਹਿਬ ਸਿੰਘ ਜੀ ਵਿਸ਼ਾਲ

ਖ਼ਾਲਸਾ ਰਾਜ ਦੀ ਉਸਾਰੀ ਲਈ ਮਿਲਵਰਤਣ ਤੇ ਅਸ਼ੀਰਵਾਦ ਦੇਣ ਤੇ ਇਸ ਕੰਮ ਲਈ ਲਾਹੌਰ ਆਉਣ। ਬਾਬਾ ਸਾਹਿਬ ਸਿੰਘ ਵਿਚ ਸਿਖੀ ਜਜ਼ਬਾ ਠਾਠਾਂ ਮਾਰਦਾ ਸੀ ਤੇ ਸਾਂਝੇ ਵਿਸ਼ਾਲ ਖ਼ਾਲਸਾ ਰਾਜ ਦੀ ਉਸਾਰੀ ਦੀ ਆਪ ਨੂੰ ਬੇਹਦ ਇੱਛਾ ਸੀ। ਉਹ ਤੁਰਤ ਲਾਹੌਰ ਲਈ ਚਲ ਪਏ। ਜਦ ਲਾਹੌਰ ਪਹੁੰਚੇ ਤਾਂ ਉਹਨਾਂ ਦਾ ਮਹਾਰਾਜਾ ਰਣਜੀਤ ਸਿੰਘ ਨੇ ਆਪ ਸ਼ਹਿਰ ਤੋਂ ਬਾਹਰ ਅਗੇ ਹੋ ਕੇ ਸਵਾਗਤ ਕੀਤਾ ਤੇ ਜੀ ਆਇਆਂ ਕਿਹਾ। ਕਿਲ੍ਹੇ ਵਿਚ ਆਪਣੇ ਪਾਸ ਉਹਨਾਂ ਦਾ ਠਹਿਰਾਉ ਕਰਾਇਆ। ਇਸ ਤਰ੍ਹਾਂ ਦਾ ਮਾਣ ਮਹਾਰਾਜੇ ਨੇ ਹੋਰ ਕਿਸੇ ਨੂੰ ਪਹਿਲਾਂ ਨਹੀਂ ਸੀ ਦਿੱਤਾ।

ਬਾਬਾ ਸਾਹਿਬ ਸਿੰਘ ਜੀ ਦੀ ਸਲਾਹ ਨਾਲ ਹੀ ਵਿਸਾਖੀ ਦੇ ਦਿਨ 1801 ਈਸਵੀ ਨੂੰ ਲਾਹੌਰ ਵਿਚ ਵੱਡਾ ਭਾਰੀ ਦਰਬਾਰ ਕਰਨ ਤੇ ਰਣਜੀਤ ਸਿੰਘ ਨੂੰ ਮਹਾਰਾਜਾ ਬਨਾਣ ਦਾ ਫੈਸਲਾ ਹੋਇਆ। ਜਦ 13 ਅਪਰੈਲ ਨੂੰ ਸ਼ਾਹੀ ਦਰਬਾਰ ਹੋਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇੱਛਾ ਪ੍ਰਗਟ ਕੀਤੀ ਕਿ ਬਾਬਾ ਸਾਹਿਬ ਸਿੰਘ ਹੀ ਅਰਦਾਸ ਕਰਨ ਤੇ ਇਹਨਾਂ ਦੇ ਪਵਿਤਰ ਕਰ ਕਮਲਾਂ ਤੋਂ ਹੀ ਮਹਾਰਾਜਗੀ ਦਾ ਪਦ ਦਿੱਤਾ ਜਾਏ। ਸੋ ਇਸੇ ਤਰ੍ਹਾਂ ਹੋਇਆ ਤੇ ਬਾਬਾ ਸਾਹਿਬ ਸਿੰਘ ਜੀ ਨੇ ਹੀ ਤਿਲਕ ਲਾਇਆ ਤੇ ਅਰਦਾਸਾ ਕੀਤਾ। ਇਸ ਪਿਛੋਂ ਆਪ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਸਲਾਹਕਾਰ ਬਣ ਗਏ। ਜਦ ਵੀ ਕਿਸੇ ਕਿਸ ਕਿਸਮ ਦੀ ਗੁੰਝਲ ਉਤਪੰਨ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਬਾਬਾ ਜੀ ਤੋਂ ਸਲਾਹ ਪੁਛਦੇ। ਲੜਾਈਆਂ ਤੇ ਚੜ੍ਹਾਈਆਂ ਸਮੇਂ ਵੀ ਬਾਬਾ ਸਾਹਿਬ ਸਿੰਘ ਜੀ ਨਾਲ ਹੁੰਦੇ ਤੇ ਹਰ ਸਮੇਂ ਸਲਾਹ ਦਿੰਦੇ। ਲੋੜ ਪੈਣ ਤੇ ਬਾਬਾ ਸਾਹਿਬ ਸਿੰਘ ਆਪ ਤੇਗ ਲੈ ਕੇ ਜੰਗ ਦੇ ਮੈਦਾਨ ਵਿਚ ਨਿਤਰਦੇ ਤੇ ਫ਼ੌਜਾਂ ਨੂੰ ਲਲਕਾਰਦੇ ਹੋਏ ਸੁਚੱਜੀ ਅਗਵਾਈ ਕਰਦੇ। ਬਾਬਾ ਸਾਹਿਬ ਸਿੰਘ ਸਮੇਂ ਦੇ ਧਾਰਮਕ ਆਗੂ, ਮੁਖੀ ਸਲਾਹਕਾਰ ਤੇ ਪਤਵੰਤੇ ਜਰਨੈਲ ਸਨ। ਲੜਾਈ ਸਮੇਂ ਲੜਦੇ ਤੇ ਅਮਨ ਸਮੇਂ ਅੰਮ੍ਰਿਤ ਪਰਚਾਰ ਕਰਦੇ। ਇਉਂ ਬੀਰ ਰਸ ਦਾ ਲਗਾਤਾਰ ਪ੍ਰਚਾਰ ਕਰਦੇ ਰਹਿੰਦੇ।

ਬਾਬਾ ਸਾਹਿਬ ਸਿੰਘ ਜੀ ਦੀਆਂ ਉੱਘੀਆਂ ਮੁਹਿੰਮਾਂ ਚੋਂ ਮਲੇਰ ਕੋਟਲੇ ਤੇ ਚੜ੍ਹਾਈ, ਖ਼ਾਸ ਵਰਨਣ ਯੋਗ ਹੈ। ਉਥੋਂ ਦੇ ਨਵਾਬ ਅਤਾਉਲਾ ਖਾਨ ਨੇ ਹਿੰਦੂਆਂ ਸਿੱਖਾਂ ਨੂੰ ਤੰਗ ਕਰਨ ਲਈ ਗਊ ਬਧ ਕੀਤਾ ਤੇ ਲੋਕਾਂ ਬਾਬਾ ਜੀ ਪਾਸ ਜਾ ਕੇ ਉਨ੍ਹੇ ਫਰਿਆਦ ਕੀਤੀ। ਬਾਬਾ ਸਾਹਿਬ ਸਿੰਘ ਜੀ ਨੇ 800 ਸਿੰਘਾਂ ਦੀ ਫੌਜ ਲੈ ਕੇ ਮਲੇਰ ਕੋਟਲੇ ਤੇ ਚੜ੍ਹਾਈ ਕਰ ਦਿੱਤੀ। ਬੜੀ ਭਿਆਨਕ ਲੜਾਈ ਹੋਈ ਤੇ ਬਾਬਾ ਸਾਹਿਬ ਸਿੰਘ ਨੇ ਮੈਦਾਨ ਵਿਚ ਤਲਵਾਰ ਚਲਾਈ ਤੇ ਅਖ਼ੀਰ ਹਰਾ ਦਿੱਤਾ। ਮਹਾਰਾਜਾ ਪਟਿਆਲਾ ਨੇ ਵਿਚ ਪੈ ਕੇ ਨਵਾਬ ਦੀ ਜਾਨ ਬਖ਼ਸ਼ਵਾਈ।

ਇਸੇ ਤਰ੍ਹਾਂ ਰਾਏ ਕੋਟੀਆਂ ਨੇ ਜਦ ਸਿੰਘਾਂ ਦੀ ਧਾਰਮਕ ਆਜ਼ਾਦੀ ਤੇ ਛਾਪਾ ਮਾਰਿਆ ਤਾਂ ਬਾਬਾ ਸਾਹਿਬ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਅਰਦਾਸ ਕਰਕੇ ਧਰਮ ਯੁੱਧ ਸ਼ੁਰੂ ਕਰ ਦਿੱਤਾ। 8 ਹਜ਼ਾਰ ਤੋਂ ਉਪਰ ਸਿੰਘ ਆਪ ਦੀ ਅਗਵਾਈ ਹੇਠ ਨਿਤਰੇ ਤੇ ਹਮਲਾ ਕਰ ਦਿੱਤਾ। ਇਥੇ ਵੀ ਲਹੂ ਡੋਲ੍ਹਵੀਂ ਲੜਾਈ ਹੋਈ ਤੇ ਅਖ਼ੀਰ ਮਹਾਰਾਜਾ ਕੈਥਲ ਨੇ ਵਿਚ ਪੈ ਕੇ ਗੱਲ ਮੁਕਾਈ। ਬਾਬਾ ਸਾਹਿਬ ਸਿੰਘ ਨੇ ਲੁਧਿਆਣਾ ਤੇ ਜਗਰਾਉਂ ਜਿੱਤ ਕੇ ਨਵਾਬ ਰਾਏ ਕੋਟ ਨੂੰ ਮੋੜ ਦਿਤੇ। ਇਹ ਦੋ ਮੁਹਿੰਮਾਂ ਤਾਂ ਇਕੱਲੇ ਬਾਬਾ ਜੀ ਨੇ ਆਪ ਹੀ ਜਿੱਤੀਆਂ। ਬਹੁਤ ਸਾਰੀਆਂ ਮੁਹਿੰਮਾਂ ਵਿਚ ਸਾਂਝੇ ਖ਼ਾਲਸਾ ਰਾਜ ਦੀ ਉਸਾਰੀ ਲਈ ਕੰਮ ਕੀਤਾ।

ਅਖ਼ੀਰ 1834 ਈਸਵੀ ਨੂੰ ਬਾਬਾ ਸਾਹਿਬ ਸਿੰਘ ਜੀ ਅਕਾਲ ਚਲਾਣਾ ਕਰ ਗਏ। ਆਪ ਦਾ ਨਾਂ ਧਰਮ ਸਿੰਘ, ਪਰ-ਉਪਕਾਰੀਆਂ ਤੇ ਸੂਰਬੀਰਾਂ ਵਿਚ ਮੋਹਰਲੀ ਕਤਾਰ ਵਿਚ ਗਿਣਿਆਂ ਜਾਂਦਾ ਹੈ।

# GURU GRANTH SAHIB

## The Holy Book of The Sikhs

By : Sikh Publications-1342 Clark Drive Vancouver

Guru Arjan, the fifth Guru of the sikhs, compiled the Adi Granth which was completed at Amritsar in the year 1604. At the conclusion of his task the Guru told his Sikhs that the Granth Sahib was the embodiment of the Gurus, and should, therefore, be held in extreme reverence. The Guru summarised the purpose of the Granthic hymns in the following words :

In this vessel (the Granth) three things have been put : Truth, Harmony and Wisdom or Reason. These are seasoned with the ambrosial name of God, which is the ground of all, Whoever eateth and enjoyeth shall be saved.

The Guru's idea was to present to the world a book which should serve as a text book of universal religion, and something which is essential and common to the truly religious side of a faith. The social, practical, secular and ritual aspects of a religion are relative to time, place and other environments. These things change and should not, according to the Guru, from the subject matter of a holy book, whose teachings are to guide men to spiritual peace at all times and In all countries. Even Guru Gobind Singh who institutionalised the Sikh doctrines did not includes these rules in his own Granth. For aspect of Sikhism one has to turn to Rahat Namas etc. The teachings of the Granth are primarily spiritual and secondarily philosophical. Peace of the soul is the constant aim before the Guru.

The Guru Granth contains 3384 hymns. The total number of stanzas are 15,575 out of which 6204 were written by the Fifth Guru, 2949 by the First Guru, 2522 by the Third Guru, 1730 by the Fourth Guru, 196 by the Ninth Guru and 57 by the Second Guru. Of the remainder the highest number of stanzas is in the name of Kabir and the lowest in the name of Mardana,

The hymns of the following are included in the Granth:

1. Six Sikh Guru—The first five and the ninth.
2. Sixteen Bhagats or saints in chronological order are :

Jai Dev (Bengal), Nam Dev (Bombay), Trilochan (Bombay), Permanand (Bombay), Sadna (Sindh), Beni (U. P.), Dhanna (Rajputana), Pipa (U. P.), Sain

(U.P .), Kabir (Banaras), Rav Das (U.P.), Mirabai (Rajputana), Farid (West Punjab) Bhikhan (U.P.), Sur Das (Oudh).

3. Seventeen Bhattas.

4. Ram Kali Sadd or Sundar, Hymns or Mardana and a long poem-War of Satta and Balwanda.

Thus we have the most authenticated book to rely upon. Macauliffe, concerning the authenticity of the Guru's teachings, wrote. "The Sikh religion differs as regards the authenticity of its dogmas from most other great theological systems. Many of the great teachers the world has know have non left a line of their own composition and we only know what they taught through tradition or secondhand information. If Pythogars wrote any of the tenets, his writings have not decended to us. We know the teachings of Socrates (Sokrates) only through the writings of Plato and Xenophen. Budha has left no written memorial of his teaching. Kungfu-tze, known to European as Confuscius, left no documents in which he detailed the principles of his moral and social system. The Founder of Christianity did not reduce his doctrines to writing and for them we are obliged to trust to the Gospels according to Mathew, Mark, Luke and John. The Arabian Prophet did not himself write down the chapters of Quran. But the composttions of the Sikh Gurus are preserved and we know it firsthand what they taught",

The Gurus have not claimed themselves as incarnation of God, which they severely repudiated, but that they are the mouthpiece of God. The knowledge contained in the hymns is decribed to be God given. This is the truth which is not reached through the analytical process of reasoning and does not depend for proof on some corroborations of outward facts or the prevalent faith and practice of the people-the truth which comes like an inspiration out of contact with its surroundings brings with it an assurance that it has been sent from an inner source of divine wisdom, that the individual who has realised it is specially inspired and therefore has his responsibility as a direct medium of communication of divine truth ? In this sense the Granth is a revealed book.

The Adi Granth got its title the Guru Granth by the compilier himself. The title was confirmed and ceremonially conferred on the book by the last Guru in 1708 A. D. Apart from this dogmatic belief it its called the Guru because it throws light on the path leading to the highest goal of spirituality. Its study serves as a guide. The Guru means one who throws light; guides in darkness.

( Contd. On Page 61 )

# CHAHAR BAGH-I-PUNJAB

Ganesh Das Badehra

## GURU NANAK

As student of history know, Khalsa is an interpretation of Guru Gobind Singh put on the nation of the Sikhs whose origin may be traced back to Baba Nanak Shah a saint. The account of Baba Nanak and his followers in brief is that up to the time this book is being compiled, three hundred and eighty one years ago, Baba Nanak was born, in the house of Kalu, a Bedi Khattri, at Talwandi Rai Bhoi Bhatti, during the reign of Sultan Bahlol Lodhi in 880 (?873) Hijri, corresponding to 1526 Bikrami, Baisakh Sudi 4. Having taken to a life of detachment and meditation at the age of fifteen, he had many diciples and devotees from amongst Hindus and Muslims. He was free from religious fanaticism and had happy relations with born. He visited several countries and his fame for his knowledge of God and his persuasive power of speech spread in every place. After some time he was married in the town of Batala and settled down at Kartarpur on the bank of the river Ravi in Batala area. At that very place he died. The place of his mausoleum is called Dera. During this time his descendants founded a town there known by the name of Dera Baba Nanak.

The fame of the excellence and supernatural powers of the celebrated Baba greatly increased during the reign of Zahir-ud-Din Muhammad Babur Badshah, and many a noble and mendicant bene fitted from his saintly company and impressive discourses.

From amongst his companions his attendant named Bala, and a minstrel named Mardana, received the blessings of his presence, night and day.

The Gurumakhi Script is an invention of Guru Nanak, His verses on the Unity of God and other counsels are called Bani and the book, wherein the bani of the Guru and the successors is compiled, is known as the Granth Sahib. His disciples, who in the Panjabi language are called Sikhs, show great reverence and respect to it and the person appointed to read it is called Bhai. The hearers sitting around the reader hear it with great humility and respect and bow down to it. The reading and hearing of the Great Book is considered worthy of blissful reward. The place where the Sikhs worship and read the Granth Sahib is called Dharamsal, the place of religion.

In every Solar month (on the first day), they (gather for hearing the Granth Sahib at the Dharamsal) place halwa, prepared with equal quantities of ghee, sugar and

flour, near the Granth Sahib and call that halwa (sweet-cake) 'Karah Prasad' (the sweet cake of grace). The Bhai then reads the hymns of the Guru and distributes the karah-prasad.

At the Sikhs have intense faith in Baba Nanak, they meditate on God according to his instructions and repeat his hymns orally. In short, Baba Nanak lived for seventy years and died on Assuj Vadi 10, 1596 Bikrami, in the beginning of the reign of Salim Shah son of Sher Shah Afghan. [in fact, towards the end of the first reign of Humayun, the second Mughal].

The date of his death is thus described according to the Hijri year in a Persian chronogram :

Nanak zi jahan raft
Gul az bagh birun shud
Nanak went away from the world,
The flower departed from the garden.

Guru Nanak had two sons. One was named Lakhmi Chand and the other Sri Chand. All the Bedi Babas are the descendants of Lakhmi Chand. Sri Chand turned an ascetic and did not marry. Those who became his disciples are ascetics like him and call themselves Udasi. All the Udasi mendicants trace their descent from him (Sri Chand).

At the time of his death, Guru Nanak addressed his closest disciple as Guru Angad, blessed him with his own knowledge and appointed him to be his successor.

Trans.—Ganda Singh

---

( Contd. From Page 59 )

When the Guru is living bodily he guides his disciples by his words. At that time the auditory organs receive the stimuli. Now the same words are contained in the book and the task of receiving the stimuli is shifted from hearing to sight-to visual organs of the reader or to the same auditory organs if one happens to be a listener to what is being read by the Priest or sung by singers. The Guru says that just as a column supports the roof, similarly the Guru's word keeps the way farer firm on his path. Again he says the book containing the divine word is the resinence of the divinity Himself. The idea underlying is the extreme faith and reverence to the Guru Granth Sahib which are so essential for the spiritual progress and religious development.

*(Condensed article from the book "Philosophy of Sikhism by S. Sher Singh)*

Statement about the ownership and other particulars about (Ajuni)
as required by registration of newspaper (central) rules 1956

# FORM IV

## (See Rule 8)

| | | |
|---|---|---|
| 1. Place of Publication | ... | Mansooran (Ludhiana) |
| 2. Period of its of Publication | ... | Monthly |
| 3. Printer's Name | ... | Sh. Hazur Baba Madhsudan Singh Bedi |
| Nationality | ... | Indian |
| 4. Publisher's Name | ... | —do— |
| Nationality | ... | Indian |
| 5. Editor's Name | ... | —do— |
| Nationality | ... | Indian |

6. The Ajuni is concluded by Gur Gaddi Shri Hazur Baba Sahib Singh Bedi.

I, Madhsudan Singh Bedi hereby declare that the particulars given above are true to the best of my knowledge and belief.

15 March 1984

Signature of Publisher
Sd/- Shri Hazur Baba Madhsudan Singh Bedi
V. Mansooran D. Ludhiana.

ਮਾਲਕ ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ